GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE -23-24
September 16, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਕੋਲੰਬੀਆ ਯੂਨੀਵਰਸਿਟੀ ਤੋਂ ਬਾਅਦ ਹੁਣ ਜਾਪਾਨ ਦੀ ਯੂਨੀਵਰਸਿਟੀ ਵਿਚ ਵੀ ਡਾ. ਅੰਬੇਦਕਰ ਦਾ ਬੁੱਤ



**ਟੋਕੀਓ-** ਕੋਲੰਬੀਆ ਯੂਨੀਵਰਸਿਟੀ ਤੋਂ ਬਾਅਦ ਹੁਣ ਜਾਪਾਨ ਦੀ ਕੋਇਸਨ ਯੂਨੀਵਰਸਿਟੀ ਵਿਚ ਵੀ ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਡਾ. ਬਾਬਾ ਸਾਹਿਬ ਅੰਬੇਦਕਰ ਦੀ ਵਿਸ਼ਾਲ ਬੁੱਤ ਸਥਾਪਤ ਕੀਤਾ ਗਿਆ ਹੈ।

ਇਸ ਬੁੱਤ ਦੀ ਘੁੰਡ ਚੁਕਾਈ ਆਰ. ਪੀ. ਆਈ. (ਆ) ਦੇ ਕੌਮੀ ਪ੍ਰਧਾਨ ਅਤੇ ਸੰਸਦ ਮੈਂਬਰ ਸ੍ਰੀ ਰਾਮਦਾਸ ਅਠਾਵਲੇ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦਵਿੰਦਰ ਫਰਨਵੀਸ ਦੁਆਰਾ ਕੀਤੀ ਗਈ।

ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਕੋਲੰਬੀਆ ਯੂਨੀਵਰਸਿਟੀ ਵਿਚ ਲੱਗੀ ਡਾ. ਅੰਬੇਦਕਰ ਦੇ ਬੁੱਤ ਦੀ ਘੁੰਡ ਚੁਕਾਈ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਕੀਤੀ ਸੀ।

# ਕੈਲੀਫੋਰਨੀਆਂ ਅਸੈਂਬਲੀ ਵੱਲੋਂ ਆਪਣੀ ਇੱਛਾ ਨਾਲ ਮਰਨ ਦੇ ਹੱਕ ਨੂੰ ਕਾਨੂੰਨੀ ਪ੍ਰਵਾਨਗੀ

## ਜਾਨਲੇਵਾ ਬਿਮਾਰੀਆਂ ਦੇ ਮਰੀਜ਼ ਪ੍ਰਗਟ ਕਰ ਸਕਦੇ ਹਨ ਮਰਨ ਦੀ ਇੱਛਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਕੈਲੀਫੋਰਨੀਆਂ ਅੰਦਰ ਕਾਫੀ ਦੇਰ ਤੋਂ ਚਲੀ ਆ ਰਹੀ ਬਹਿਸ ਦੌਰਾਨ ਬੀਤੇ ਦਿਨੀ ਜਾਨਲੇਵਾ ਬਿਮਾਰੀਆਂ ਦੇ ਸ਼ਿਕਾਰ ਤੜਪ ਰਹੇ ਮਰੀਜ਼ਾਂ ਦੀ ਮਰਜ਼ੀ ਅਨੁਸਾਰ ਆਪਣੇ ਮਰਨ ਦੇ ਕਾਨੂੰਨ ਨੂੰ ਅਸ਼ੈਬਲੀ ਦੇ ਬਹੁਮਤ ਦੇ ਅਧਾਰ 'ਤੇ ਪ੍ਰਵਾਨਗੀ ਮਿਲ ਗਈ ਹੈ।



ਇਸ ਸੰਬੰਧੀ ਬਹੁਤ ਸਾਰੀਆਂ ਧਾਰਮਿਕ ਸੰਸਥਾਵਾ ਅੱਜ ਵੀ ਕਬੂਲਣ ਲਈ ਤਿਆਰ ਨਹੀਂ ਹਨ। ਉਨ੍ਹਾਂ ਅਨੁਸਾਰ ਜਨਮ ਅਤੇ ਮੌਤ ਪ੍ਰਮਾਤਮਾ ਦਾ ਦਿੱਤਾ ਹੋਇਆਂ ਤੋਹਫਾ ਹੈ, ਅਜਿਹਾ ਕਰਨ ਨਾਲ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਹੋਵੇਗੀ। ਉਨ੍ਹਾਂ ਅਨੁਸਾਰ ਡਾਕਟਰ ਰੱਬ ਨਹੀਂ ਹਨ। ਇਸ ਕਾਨੂੰਨ ਨੂੰ ਲਾਗੂ ਕਰਵਾਉਣ ਵਾਲੇ ਮਾਹਰਾ ਅਨੁਸਾਰ ਸਿਰਫ ਉਹ ਮਰੀਜ਼ ਜਿੰਨ੍ਹਾਂ ਨੂੰ ਬਹੁਤ ਖਤਰਨਾਕ ਬਿਮਾਰੀਆਂ, ਨਾ ਇਲਾਜ਼ ਲੱਗ ਚੁੱਕੀਆਂ ਹਨ ਅਤੇ ਆਪਣੀ ਜ਼ਿੰਦਗੀ ਅਤੇ ਮੌਤ ਵਿੱਚ ਲਟਕ ਰਹੇ ਹਨ। ਉਹ ਆਪਣੀ ਜ਼ਿੰਦਗੀ ਤੋਂ ਮੁਕਤੀ ਚਾਹੁੰਦੇ ਹਨ। ਅਜਿਹੇ ਮਰੀਜ਼ ਆਪਣੇ ਡਾਕਟਰੀ ਰਿਪੋਰਟਾ ਦੇ ਅਧਾਰ 'ਤੇ ਆਪਣੀ ਮੌਤ ਇੱਛਾ ਅਨੁਸਾਰ ਕਬੂਲਦੇ ਹੋਏ ਕਾਨੂੰਨੀ ਆਗਿਆ ਲੈਣ ਉਪਰੰਤ ਮਾਹਰ ਪ੍ਰਮਾਣਿਤ ਡਾਕਟਰ ਤੋਂ ਜ਼ਿੰਦਗੀ ਦੇ ਖਾਤਮੇ ਵਾਲੇ ਟੀਕੇ (ਜ਼ਹਿਰ) ਰਾਹੀ ਆਪਣੀ ਜ਼ਿੰਦਗੀ ਦੇ ਇਸ ਨਾ ਸਹਾਰੇ ਜਾਣ ਵਾਲੇ ਦੁੱਖ ਤੋਂ ਛੁੱਟਕਾਰਾ ਪਾ ਸਕਣਗੇ। ਯਾਦ ਰਹੇ ਕਿ ਕੁੱਝ ਸਮਾਂ ਪਹਿਲਾ ਕੈਲੀਫੋਰਨੀਆਂ ਦੀ ਵਸ਼ਨੀਕ ਨੌਜਵਾਨ ਔਰਤ ਕੈਸ਼ਰ ਵਰਗੀ ਭਿਆਨਕ ਬਿਮਾਰੀ ਤੋਂ ਬਹੁਤ ਪੀੜਤ ਸੀ। ਜਿਸ ਨੇ ਕਾਨੂੰਨੀ ਤੌਰ 'ਤੇ ਆਪਣੇ ਪ੍ਰਾਣ ਤਿਆਗਣ ਲਈ ਅਦਾਲਤ ਦਾ ਦਰਵਾਜ਼ਾ ਖਟਕਾਇਆ ਸੀ। ਪਰ ਇਜਾਜ਼ਤ ਨਾ ਮਿਲਣ ਕਰਕੇ ਉਸ ਨੂੰ ਕੈਲੀਫੋਰਨੀਆਂ ਛੱਡ ਕੇ ਹੋਰ ਸ਼ਟੇਟ ਜਾ ਕੇ ਵਸਨੀਕ ਬਣਨ ਤੋਂ ਬਾਅਦ ਹੀ ਆਪਣੀ ਮਨ ਚਾਹੀ ਮੌਤ ਅਤੇ ਜ਼ਿੰਦਗੀ ਦੇ ਦੁੱਖਾ ਤੋਂ ਛੁਟਕਾਰਾ ਮਿਲਿਆ ਸੀ। ਉਸ ਉਪਰੰਤ ਹੀ ਇਸ ਕਾਨੂੰਨ ਲਈ ਮਾਹਰਾਂ ਦੁਆਰਾ ਸਮੇਂ-ਸਮੇਂ ਬਹਿਸ ਕੀਤੀ ਗਈ ਅਤੇ ਅੰਤ ਪ੍ਰਵਾਨਗੀ ਮਿਲ ਗਈ।

## ਇਸ ਵਾਰ ਦਾ ਵਰਲਡ ਕਬੱਡੀ ਕੱਪ ਹੋਰ ਸ਼ਾਨਦਾਰ ਹੋਵੇਗਾ

ਬਠਿੰਡਾ- ਪੰਜਾਬ ਸਰਕਾਰ ਐਤਕੀਂ ਛੇਵੇਂ ਵਿਸ਼ਵ ਕਬੱਡੀ ਕੱਪ ਦੇ ਰੰਗੀਨ ਪ੍ਰੋਗਰਾਮਾਂ 'ਤੇ ਪੰਜ ਕਰੋੜ ਰੁਪਏ ਖਰਚੇਗੀ। ਸਰਕਾਰ ਇਸ ਕੱਪ ਦੇ ਸਮਾਪਤੀ ਸਮਾਰੋਹ ਜਲਾਲਾਬਾਦ ਵਿੱਚ ਕਰਵਾ ਰਹੀ ਹੈ। ਪੰਜਾਬ ਸਰਕਾਰ ਨੇ 15 ਨਵੰਬਰ ਤੋਂ ਸ਼ੁਰੂ ਹੋ ਰਹੇ ਵਿਸ਼ਵ ਕਬੱਡੀ ਕੱਪ ਲਈ 20.20 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਹੈ, ਜਿਸ ਵਿੱਚੋਂ ਪੰਜ ਕਰੋੜ ਰੁਪਏ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਖਰਚ ਹੋਣਗੇ। ਪੰਜਵੇਂ ਵਿਸ਼ਵ ਕਬੱਡੀ ਕੱਪ 'ਤੇ 17.35 ਕਰੋੜ ਰੁਪਏ ਖਰਚ ਆਏ ਸਨ ਜਦੋਂਕਿ ਛੇਵੇਂ ਕੱਪ ਦਾ ਬਜਟ ਵਧਾ ਦਿੱਤਾ ਗਿਆ ਹੈ। ਭਾਵੇਂ ਛੇਵੇਂ ਕਬੱਡੀ ਕੱਪ ਲਈ ਤਿਆਰੀ ਵਿੱਢ ਦਿੱਤੀ ਗਈ ਹੈ ਪ੍ਰੰਤੂ ਪੰਜਵੇਂ ਵਿਸ਼ਵ ਕਬੱਡੀ ਕੱਪ ਦੀ ਪ੍ਰਾਹੁਣਚਾਰੀ ਦੇ 1.68 ਕਰੋੜ ਰੁਪਏ ਹਾਲੇ ਵੀ ਖ਼ਜ਼ਾਨੇ ਵਿੱਚ ਫਸੇ ਹੋਏ ਹਨ।



ਛੇਵੇਂ ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਐਤਕੀਂ ਸਪੋਰਟਸ ਸਟੇਡੀਅਮ ਜਲਾਲਾਬਾਦ ਵਿੱਚ ਹੋਣਗੇ, ਜੋ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਹਲਕਾ ਹੈ। ਖੇਡ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਵਿੱਤ ਵਿਭਾਗ ਪੰਜਾਬ ਵੱਲੋਂ ਪਲਾਨ ਬਜਟ ਵਿੱਚ ਸੱਤ ਕਰੋੜ ਰੁਪਏ ਦਾ ਉਪਬੰਧ ਛੇਵੇਂ ਕਬੱਡੀ ਕੱਪ ਲਈ ਪਹਿਲਾਂ ਹੀ ਕੀਤਾ ਹੋਇਆ ਹੈ ਜਦੋਂਕਿ ਵਿੱਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਛੇ ਕਰੋੜ ਦੇ ਐਡੀਸ਼ਨਲ ਫੰਡ ਦੇਣੇ ਹਨ। ਬਾਕੀ ਦੇ ਫੰਡ ਸਪਾਂਸਰਸ਼ਿਪ ਅਤੇ ਦਾਨ ਦੀ ਰਾਸ਼ੀ ਨਾਲ ਇਕੱਠੇ ਕੀਤੇ ਜਾਣੇ ਹਨ। ਛੇਵੇਂ ਕਬੱਡੀ ਕੱਪ ਦਾ ਜੋ ਐਸਟੀਮੇਟ ਤਿਆਰ ਕੀਤਾ ਗਿਆ ਹੈ। ਉਸ ਅਨੁਸਾਰ ਰੰਗਾਰੰਗ ਪ੍ਰੋਗਰਾਮਾਂ 'ਤੇ ਪੰਜ ਕਰੋੜ ਖਰਚ ਕੀਤੇ ਜਾਣੇ ਹਨ ਅਤੇ ਲੋਕ ਗਾਇਕਾਂ ਲਈ 12 ਲੱਖ ਦਾ ਵੱਖਰਾ ਬਜਟ ਰੱਖਿਆ ਗਿਆ ਹੈ। ਕਬੱਡੀ ਕੱਪ ਦੇ ਇੰਤਜ਼ਾਮਾਂ ਲਈ 4.92 ਕਰੋੜ ਰੁਪਏ ਵੱਖ ਵੱਖ ਜ਼ਿਲ੍ਹਿਆਂ ਨੂੰ ਦਿੱਤੇ ਜਾਣੇ ਹਨ। ਟਰਾਂਸਪੋਰਟ ਦਾ 95 ਲੱਖ ਰੁਪਏ ਖਰਚਾ ਰੱਖਿਆ ਗਿਆ ਹੈ।

## ਜਨਮ ਦਿਨ ਮੁਬਾਰਕ



**ਜਪਜੋਤ ਕੌਰ**
ਪਿਤਾ-ਪਰਮਜੀਤ ਸਿੰਘ, ਮਾਤਾ-ਜਸਵੀਰ ਕੌਰ
ਢੰਡਵਾੜ (ਜਲੰਧਰ)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
MANDEEP SANDHU
msandhu2014@gmail.com
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York
37-18 73 Street Suite # 401
Jackson Heights Ny 11372
Phone : 718-533-8444
Fremont
44790 S Grimmer Blvd # 208
Fremont CA 94538
Phone : 510-657-6444
Fresno
4491 W Shaw ave # 131
Fresno CA 93711
Phone : 559-271-5511
Sacramento
2901 W Capitol ave
West Sacramento CA 95691
Phone : 916-385-2288
Jaspreet Singh
Email :
jaspreetsinghlawoffice@gmail.com

# ਸ. ਸੇਵਾ ਸਿੰਘ ਹੀਰਾ ਜੀ ਦਾ ਦੇਹਾਂਤ

## ਭਾਰੀ ਗਿਣਤੀ 'ਚ ਇਲਾਕਾ ਨਿਵਾਸੀਆਂ ਨੇ ਦਿੱਤੀ ਅੰਤਿਮ ਸ਼ਰਧਾਂਜਲੀ

**ਸ਼ਿਰੜੀ (ਮਹਾਰਾਸ਼ਟਰ)–** ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪਿਛਲੇ ਦਿਨੀ ਉਘੇ ਸਮਾਜ ਸੇਵੀ ਅਤੇ ਬਿਜਨਸਮੈਨ ਸ. ਸੇਵਾ ਸਿੰਘ ਹੀਰਾ ਜੀ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਸ. ਹੀਰਾ ਜੀ (78) ਦਾ ਆਪਣਾ ਹੋਟਲ ਦਾ ਬਿਜਨਸ ਸੀ ਜੋ ਕੋਈ ਪੰਜ ਦਹਾਕਿਆਂ ਤੋਂ ਮਹਾਰਾਸ਼ਟਰ ਵਿਚ ਚਲਾ ਰਹੇ ਸਨ। ਉਹ ਆਪਣੇ ਪਿੱਛੇ ਸੁਪਤਨੀ ਬੀਬੀ ਪ੍ਰਕਾਸ਼ ਕੌਰ ਹੀਰਾ, ਨੂੰਹ ਰਾਣੀ ਕਮਲਜੀਤ ਕੌਰ ਹੀਰਾ, ਦੋ ਪੋਤਰੇ, ਦੋ ਲੜਕੀਆਂ ਸੁਰਿੰਦਰ ਕੌਰ ਭਾਟੀਆ (ਸੁਪਤਨੀ ਸ੍ਰੀ ਸੁਰਿੰਦਰ ਮੋਹਣ ਭਾਟੀਆ) ਜਲੰਧਰ ਅਤੇ ਨਰਿੰਦਰ ਕੌਰ ਚੁੰਬਰ (ਸੁਪਤਨੀ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸੰਪਾਦਕ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਕੈਲੇਫੋਰਨੀਆ ਤੇ ਦੋਹਤੇ-ਦੋਹਤੀਆਂ, ਹੱਸਦਾ-ਵੱਸਦਾ ਪਰਿਵਾਰ ਛੱਡ ਗਏ।


ਸ. ਸੇਵਾ ਸਿੰਘ ਹੀਰਾ ਦਾ ਇਕ ਪੁਰਾਣਾ ਚਿੱਤਰ

ਸ. ਸੇਵਾ ਸਿੰਘ ਹੀਰਾ ਜੀ ਨਿੱਤਨੇਮ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਿਮਰਨ ਕਰਨ ਵਾਲੇ ਗੁਰਸਿੱਖ, ਔਖੇ ਵੇਲੇ ਭਾਈਚਾਰੇ ਦੀ ਮਦਦ ਕਰਨ ਵਾਲੇ ਸਨ। ਉਹਨਾਂ ਆਪਣੇ ਸਕੇ ਭੈਣ ਤੇ ਭਰਾਵਾਂ ਨੂੰ ਪੰਜਾਬ ਤੋਂ ਮਹਾਰਾਸ਼ਟਰ ਲਿਆ ਕੇ ਹੋਟਲ ਬਿਜਨਸ 'ਚ ਭਰਪੂਰ ਸਹਿਯੋਗ ਦਿੱਤਾ। ਉਹਨਾਂ ਨੇ ਪਰਿਵਾਰ ਤੋਂ ਇਲਾਵਾ ਪੰਜਾਬੀ ਤੇ ਮਰਾਠੀ ਭਾਈਚਾਰੇ 'ਚ ਵੀ ਸੇਵਾ ਕਰਕੇ ਕਾਫੀ ਨਾਮਣਾ ਖੱਟਿਆ। ਇਹੀ ਵਜ੍ਹਾ ਹੈ ਕਿ ਉਹਨਾਂ ਦੇ ਅਕਾਲ ਚਲਾਣੇ ਤੇ ਇਲਾਕਾ ਨਿਵਾਸੀ ਦੂਰੋਂ-ਨੇੜਿਉਂ ਸਭ ਨੇ ਹੀਰਾ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਇੱਥੇ ਇਹ ਵਰਣਨਯੋਗ ਹੈ ਕਿ ਕਿ ਕੋਈ ਅੱਠ ਸਾਲ ਪਹਿਲਾਂ ਉਹਨਾਂ ਦਾ ਇਕਲੌਤਾ ਨੌਜਵਾਨ ਸਪੁੱਤਰ ਸ. ਨਰੇਂਦਰ ਸਿੰਘ ਹੀਰਾ (40) ਅਕਾਲ ਚਲਾਣਾ ਕਰ ਜਾਣ ਨਾਲ ਹੀਰਾ ਪਰਿਵਾਰ ਪਹਿਲਾਂ ਹੀ ਗਹਿਰੇ ਸਦਮੇ 'ਚ ਸੀ। ਮ੍ਰਿਤਕ ਸ. ਸੇਵਾ ਸਿੰਘ ਹੀਰਾ ਜੋ 6 ਸਤੰਬਰ ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ, ਦਾ 11 ਸਤੰਬਰ ਨੂੰ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਭਾਰੀ ਗਿਣਤੀ 'ਚ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸਕੇ-ਸਬੰਧੀ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਨੇ ਵਿਛੜੀ ਰੂਹ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਮੌਕੇ ਉਹਨਾਂ ਦੀਆਂ ਦੋਵੇਂ ਸਪੁੱਤਰੀਆਂ ਸੁਰਿੰਦਰ ਕੌਰ ਭਾਟੀਆ (ਜਲੰਧਰ) ਤੋਂ, ਨਰੇਂਦਰ ਕੌਰ ਚੁੰਬਰ (ਕੈਲੇਫੋਰਨੀਆ) ਨੇ ਆਪਣੇ ਪਿਤਾ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਅੰਤਿਮ ਵਿਦਾਈ ਦਿੱਤੀ। ਸ੍ਰੀ ਪ੍ਰੇਮ ਕੁਮਾਰ ਚੁੰਬਰ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ 916-947-8920 'ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਹੀਦ ਭਾਈ ਦਿਲਾਵਰ ਸਿੰਘ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸ਼ਮਾਗਮ






**ਫਰੀਮਾਂਟ (ਬਲਵਿੰਦਰਪਾਲ ਸਿੰਘ ਖਾਲਸਾ)–** ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਹਿਬ ਫਰੀਮਾਂਟ ਵਿਚ ਬੀਤੇ ਐਤਵਾਰ ਸਿੱਖ ਕੌਮ ਦੇ ਉਨਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਹੋਏ, ਜਿਨਾਂ ਆਪਣੀ ਜਾਨ ਦੇ ਕੇ ਉਹ ਕਾਰਜ ਕਰ ਵਿਖਾਏ ਜੋ ਸੰਸਾਰ ਨੂੰ ਹੈਰਾਨ ਕਰਨ ਵਾਲੇ ਹਨ ਤੇ ਜ਼ਾਲਮਾਂ ਨੂੰ ਜ਼ੁਲਮ ਕਰਨ ਤੋਂ ਰੋਕਣ ਲਈ ਸੋਚਣ ਤੇ ਮਜਬੂਰ ਕਰਦੇ ਹਨ। ਸ਼ਹੀਦੀ ਸਮਾਗਮ ਦੀ ਸ਼ੁਰੂਆਤ ਸ੍ਰੀ ਆਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਕੀਤੀ ਗਈ, ਤਿੰਨ ਦਿਨ ਗੁਰਬਾਣੀ ਦੇ ਪ੍ਰਵਾਹ ਚੱਲੇ। ਐਤਵਾਰ ਦੇ ਮੁਖ ਦੀਵਾਨ ਵਿਚ ਗੁਰਬਾਣੀ ਪਾਠ ਦੀ ਸੰਪੂਰਨਤਾ ਤੋਂ ਬਾਦ ਕਥਾਕਾਰ ਭਾਈ ਗੁਰਬਖਸ਼ ਸਿੰਘ ਖੰਨੇ ਵਾਲਿਆਂ ਨੇ ਸ਼ਹੀਦਾਂ ਦੇ ਬਿਰਤਾਂਤ ਸੰਗਤਾਂ ਨੂੰ ਸੁਣਾਏ ਕੀਰਤਨੀ ਜਥਾ ਭਾਈ ਹਰਵਿੰਦਰ ਸਿੰਘ ਦਮਦਮੀ ਟਕਸਾਲ ਦੇ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਸਟੇਜ ਸਕੱਤਰ ਭਾਈ ਗੁਰਿੰਦਰ ਸਿੰਘ ਨੇ ਪੰਥਕ ਬੁਲਾਰਿਆਂ ਵਿਚ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੇ ਮਸੀਹਾ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬੇਟੀ ਬੀਬੀ ਨਵਕਿਰਨ ਕੌਰ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ ਬੇਨਤੀ ਕੀਤੀ। ਬੇਟੀ ਖਾਲੜਾ ਨੇ ਆਪਣੇ ਮਹਾਨ ਪਿਤਾ ਤੇ ਭਾਈ ਦਿਲਾਵਰ ਸਿੰਘ ਦੀਆਂ ਕੁਰਬਾਨੀਆਂ ਦੇ ਵੱਖੋ ਵੱਖਰੇ ਪਹਿਲੂਆਂ ਬਾਰੇ ਦੱਸਦਿਆ ਦੋਹਾਂ ਪੱਖਾਂ ਦੇ ਮਹਾਨ ਤੇ ਬੇਮਿਸਾਲ ਕਾਰਨਾਮਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਤੇ ਪੁਲੀਸ ਦੇ ਬੁੱਚੜਾਂ ਬਾਰੇ ਵੀ ਵਾਰਤਾ ਦੱਸੀ, ਜਿਨਾਂ ਭਾਈ ਖਾਲੜਾ ਨੂੰ ਸਹੀਦ ਕੀਤਾ ਤੇ ਕਰਵਾਇਆ। ਜਿਨਾਂ ਵਿਚ ਮੁਖ ਦੋਸ਼ੀ ਪੰਜਾਬ ਸਰਕਾਰ, ਭਾਰਤ ਸਰਕਾਰ, ਕੇ ਪੀ ਐਸ ਗਿੱਲ ਤੇ ਅਜੀਤ ਸਿੰਘ ਸੰਧੂ ਸੀ। ਭਾਈ ਖਾਲੜਾ ਦੀ ਸਭ ਤੋਂ ਵਡੀ ਮਹਾਨਤਾ ਇਸ ਗੱਲ ਵਿਚ ਵੀ ਸੀ ਕਿ ਉਨਾਂ ਕੈਨੇਡਾ, ਇੰਗਲੈਂਡ ਤੇ ਯੋਰਪ ਵਿਚ ਰਾਜਨੀਤਕ ਸ਼ਰਨ ਹਾਸਲ ਕਰਨ ਤੋਂ ਇਨਕਾਰ ਕਰਕੇ ਸ਼ਹਾਦਤ ਨੂੰ ਪਹਿਲ ਦਿੱਤੀ। ਬੇਟੀ ਖਾਲੜਾ ਨੇ ਵਿਸ਼ੇਸ਼ ਤੌਰ ਤੇ ਸਾਰੀ ਕੌਮ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਹੁਣ ਇਹ ਕੌਮ ਨੇ ਸੋਚਣਾ ਹੈ ਕਿ ਉਸਨੇ ਭਾਈ ਖਾਲੜਾ ਦੀ ਮਹਾਨ ਵਿਰਾਸਤ ਨੂੰ ਕਿਵੇਂ ਸੰਭਾਲਣਾ ਹੈ ਤੇ ਉਨਾਂ ਦੀ ਕੁਰਬਾਨੀ ਤੋਂ ਆਉਣ ਵਾਲੀਆਂ ਪੀੜੀਆਂ ਨੂੰ ਕਿਵੇਂ ਜਾਣੂੰ ਕਰਵਾਉਣਾ ਹੈ।

ਉਪਰੰਤ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ: ਅਮਰਜੀਤ ਸਿੰਘ ਨੇ ਸ਼ਹੀਦਾਂ ਦੇ ਵਿਰਸੇ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਤੇ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿਹੁੰ ਦੇ ਜ਼ੁਲਮਾਂ ਬਾਰੇ ਦੱਸ ਪਾਉਂਦਿਆਂ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਦੀ ਮਹਾਨਤਾ ਦੇ ਇਕ ਕੇਂਦਰ ਬਿੰਦੂ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਕਿ ਭਾਈ ਦਿਲਵਾਰ ਸਿੰਘ ਨੇ ਆਪਣੀ ਕੁਰਬਾਨੀ ਦੇ ਕੇ ਹਜ਼ਾਰਾਂ ਹੋਰ ਸਿੱਖ ਨੌਜਵਾਨਾਂ ਦੀ ਜਾਨ ਬਚਾਈ ਜਿਨਾਂ ਨੂੰ ਹਕੂਮਤ ਮਾਰ ਮੁਕਾਉਣਾ ਚਾਹੁੰਦੀ ਸੀ। ਉਨਾਂ ਭਾਈ ਖਾਲੜਾ ਦੀ ਕੁਰਬਾਨੀ ਨੂੰ ਸਿਜਦਾ ਕਰਦਿਆ ਕਿਹਾ ਕਿ ਬੇਟੀ ਖਾਲੜਾ ਆਪਣੇ ਪਿਤਾ ਦੇ ਸ਼ਾਨਦਾਰ ਵਿਰਸੇ ਦਾ ਝੰਡਾ ਝੁਲਾ ਕੇ ਉਨਾਂ ਦੀ ਕੁਰਬਾਨੀ ਦੇ ਗਿਆਨ ਦਾ ਚਾਨਣ ਵੰਡ ਰਹੀ ਹੈ। ਉਪਰੰਤ ਬੱਦੋਵਾਲ ਵਾਲੀਆ ਬੀਬੀਆ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੁਪਰੀਮ ਕੌਂਸਲ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸ਼ਹੀਦੀ ਸਮਾਗਮ ਵਿਚ ਪੰਥਕ ਜਥੇਬੰਦੀਆਂ ਤੇ ਸੰਗਤਾਂ ਨੇ ਭਾਰੀ ਸਹਿਯੋਗ ਦਿੱਤਾ



# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 8 ਨਵੰਬਰ ਨੂੰ




**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼. ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਿਛਲੇ ਵਰ੍ਹਿਆਂ ਦੀ ਤਰ੍ਹਾਂ ਇਸ ਵਰ੍ਹੇ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਬੜੀ ਹੀ ਸ਼ਰਧਾ, ਸਤਿਕਾਰ ਅਤੇ ਧੂੰਮ ਧਾਮ ਨਾਲ ਮਨਾਇਆ ਜਾਵੇਗਾ। ਸਾਰੇ ਪ੍ਰੋਗਰਾਮ ਦੀ ਰੂਪ-ਰੇਖਾ ਤਹਿ ਕੀਤੀ ਗਈ, ਜਿਸ ਮੁਤਾਬਕ 7 ਨਵੰਬਰ 2015 ਦਿਨ ਸਨਿਚਰਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਇਆ ਜਾਵੇਗਾ ਅਤੇ ਸਾਰਾ ਦਿਨ ਗੁਰਬਾਣੀ ਦਾ ਪ੍ਰਵਾਹ ਨਿਰੰਤਰ ਚੱਲੇਗਾ। 8 ਨਵੰਬਰ 2015 ਦਿਨ ਐਤਵਾਰ ਨੂੰ ਸਵੇਰੇ 10 ਵਜੇ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਤੇ ਆਰਤੀ ਅਰਦਾਸ ਕੀਤੀ ਜਾਵੇਗੀ। ਜਿਸ ਉਪਰੰਤ ਕਲਾਕਾਰ ਭੁਪਿੰਦਰ ਭਿੰਦਾ, ਅਮਰਜੀਤ ਸਿੰਘ ਲਾਲੀ, ਸੁਖਦੇਵ ਸਿੰਘ ਸਾਹਿਲ, ਗੁਰਦੀਪ ਸਿੰਘ ਹੀਰਾ, ਰਜਿੰਦਰ ਸਿੰਘ ਸਹੋਤਾ, ਰੋਹਤਾਸ਼ ਭਗਾਣੀ, ਜੀਵਨ ਰੱਤੂ ਤੇ ਹੋਰ ਕਈ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਹੋਰ ਬੁਲਾਰੇ ਸਾਹਿਬਾਨ ਵੀ ਸੰਗਤਾਂ ਨਾਲ, ਗੁਰੂ ਸਾਹਿਬ ਦੇ ਜੀਵਨ, ਸਿਧਾਂਤਾਂ ਅਤੇ ਸਿੱਖਿਆਵਾਂ ਬਾਰੇ ਵਿਚਾਰ ਸਾਂਝ ਕਰਨਗੇ।

ਗੁਰੂ ਕੇ ਲੰਗਰ ਦੋਵੇਂ ਦਿਨ ਚੱਲਣਗੇ। ਇਸ ਪ੍ਰੋਗਰਾਮ ਸਬੰਧੀ ਸੰਗਤਾਂ ਵਿਚ ਪੂਰਾ ਉਤਸ਼ਾਹ ਪਾਇਆ ਜਾ ਰਿਹਾ ਹੈ। ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੇ ਇਸ ਸਾਰੇ ਪ੍ਰੋਗਰਾਮ ਨੂੰ ਦੁਨੀਆਂ ਭਰ ਵਿਚ ਦਿਖਾਉਣ ਲਈ ਗਲੋਬਲ ਪੰਜਾਬ ਟੀ. ਵੀ. ਉਪਰ ਲਾਈਵ ਦਿਖਾਉਣ ਦਾ ਉਪਰਾਲਾ ਵੀ ਕੀਤਾ ਗਿਆ ਤਾਂ ਅਲੱਗ ਅਲੱਗ ਮੁਲਕਾਂ ਵਿਚ ਬੈਠੀਆਂ ਸੰਗਤਾਂ ਵੀ ਘਰ ਬੈਠਿਆਂ ਹੀ ਇਸ ਪ੍ਰੋਗਰਾਮ ਨਾਲ ਸਾਂਝਾਂ ਜੋੜ ਸਕਣ। ਪ੍ਰੈਸ ਨੂੰ ਇਹ ਸਾਰੀ ਜਾਣਕਾਰੀ ਮਹਾਂਰਿਸ਼. ਵਾਲਮੀਕ ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।




ਰਾਜ ਠਾਕਰੇ ਦੀ ਲੜਕੀ ਉਰਵਸ਼ੀ ਨੇ ਕਿਹਾ ਹੈ ਕਿ ਜਦੋਂ ਅੰਬੇਦਕਰ ਵਰਗੇ ਭੰਗੀ ਯਾਦ ਰੱਖੇ ਜਾ ਸਕਦੇ ਹਨ ਤਾਂ ਬਾਲ ਠਾਕਰੇ ਵਰਗੇ ਮਹਾਨ ਨੇਤਾ ਕਿਉਂ ਨਹੀਂ। ਕੋਈ ਇਸ ਨਾਸਮਝ ਲੜਕੀ ਨੂੰ ਦੱਸੇ ਕਿ ਬਾਲ ਠਾਕਰੇ ਅਤੇ ਬਾਬਾ ਸਾਹਿਬ ਅੰਬੇਦਕਰ ਦੇ ਵਿਚਾਰਾਂ ਵਿਚ ਕਿੰਨਾ ਫਰਕ ਹੈ। ਵੈਸੇ ਇਸ ਨਾਸਮਝ ਲੜਕੀ ਤੇ ਐਸ. ਸੀ./ ਐਸ. ਟੀ. ਐਕਟ ਦੇ ਤਹਿਤ ਮੁਕੱਦਮਾ ਵੀ ਚੱਲ ਸਕਦਾ ਹੈ। Aadi Ambedkar Samaj




ਮਹਾਨ ਕ੍ਰਾਂਤੀਕਾਰੀ ਪੇਰੀਆਰ ਈ. ਵੀ. ਰਮਨਸਵਾਮੀ ਜੀ ਦਾ 137ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ 27 ਸਤੰਬਰ 2015 ਨੂੰ ਮਨਾਇਆ ਜਾਵੇਗਾ। ਗੁਰੂ ਘਰ ਦੀ ਕਮੇਟੀ ਵੱਲੋਂ ਸੰਗਤਾਂ ਨੂੰ ਅਪੀਲ ਹੈ ਕਿ ਇਸ ਦਿਨ ਹੁੰਮ ਹੁੰਮਾ ਕੇ ਪਹੁੰਚਣ ਅਤੇ ਸ੍ਰੀ ਪੇਰੀਅਰ ਦੇ ਜੀਵਨ ਅਤੇ ਉਹਨਾਂ ਦੇ ਸੰਘਰਸ਼ ਬਾਰੇ ਜਾਣਕਾਰੀ ਪ੍ਰਾਪਤ ਕਰਨ।

# ਸਾਬਕਾ ਸਾਂਸਦ ਅਤੇ ਵਿਧਾਇਕ ਰੇਲਵੇ ਦੀ ਵੀ.ਆਈ.ਪੀ.ਲਿਸਟ ਤੋਂ ਬਾਹਰ

**ਨਵੀਂ ਦਿੱਲੀ–** ਮਿਲੀ ਜਾਣਕਾਰੀ ਮੁਤਾਬਕ ਵੀ. ਆਈ. ਪੀ. ਕੋਟੇ ਦੇ ਗਲਤ ਇਸਤੇਮਾਲ ਨੂੰ ਰੋਕਣ ਦੇ ਲਈ ਰੇਲਵੇ ਨੇ ਇਹ ਕਦਮ ਚੁੱਕਿਆ ਹੈ ਕਿ ਵੱਖ ਵੱਖ ਰੇਲ ਮੰਡਲਾਂ ਨੂੰ ਭੇਜੇ ਪੱਤਰ ਵਿਚ ਵਿਧਾਇਕਾਂ ਅਤੇ ਸਾਬਕਾ ਸਾਂਸਦਾਂ ਦੇ ਰਿਜ਼ਰਵ ਕੋਟੇ ਨੂੰ ਖਤਮ ਕਰਨ ਬਾਰੇ ਕਿਹਾ ਗਿਆ ਹੈ। ਇਸਦੇ ਨਾਲ ਹੀ ਨਵੇਂ ਆਦੇਸ਼ ਵਿਚ ਕੇਵਲ ਵਰਤਮਾਨ ਸਾਂਸਦ ਅਤੇ ਉਹਨਾਂ ਦੀ ਪਤਨੀ ਨੂੰ ਹੀ ਐਚ. ਓ. ਆਰ. ਸ਼੍ਰੇਣੀ ਵਿਚ ਰੱਖਣ ਦੀ ਜਾਣਕਾਰੀ ਦਿੱਤੀ ਗਈ ਹੈ। ਪੱਤਰ ਦੇ ਮੁਤਾਬਕ ਇਹ ਨਵੀਂ ਵਿਵਸਥਾ 15 ਸਤੰਬਰ ਤੋਂ ਲਾਗੂ ਹੋ ਗਈ। ਵਰਣਨਯੋਗ ਹੈ ਕਿ ਹੁਣ ਤੱਕ ਸਾਬਕਾ ਸਾਂਸਦ ਅਤੇ ਵਿਧਾਇਕ ਰੇਲਵੇ ਦੀ ਰਿਜ਼ਰਵ ਖਿੜਕੀ ਤੋਂ ਰਿਜ਼ਰਵੇਸ਼ਨ ਟਿਕਟ ਲੈਂਦੇ ਸਨ ਅਤੇ ਬਾਅਦ ਵਿਚ ਵੇਟਿੰਗ ਟਿਕਟ ਨੂੰ ਐਮਰਜੈਂਸੀ ਕੋਟੇ ਤੋਂ ਕਨਫਰਮ ਕਰਵਾ ਲੈਂਦੇ ਸਨ ਪਰ ਹੁਣ ਅਜਿਹਾ ਨਹੀਂ ਹੋ ਸਕੇਗਾ। ਨਵੀਂ ਵਿਵਸਥਾ ਦੇ ਮੁਤਾਬਕ ਹੁਣ ਵਿਧਾਇਕਾਂ ਅਤੇ ਸਾਬਕਾ ਸਾਂਸਦਾਂ ਨੂੰ ਐਮਰਜੈਂਸੀ ਦੇ ਲਈ ਕੇਵਲ ਡੀ. ਆਰ. ਐਮ. ਆਫਿਸ ਜਾਣਾ ਹੋਵੇਗਾ। ਉਥੇ ਰੇਲਵੇ ਅਧਿਕਾਰੀਆਂ ਨੂੰ ਉਹਨਾਂ ਦੀ ਜ਼ਰੂਰਤ ਸਹੀ ਲੱਗੀ ਤਾਂ ਹੀ ਉਹ ਉਹਨਾਂ ਨੂੰ ਰਿਜ਼ਰਵ ਟਿਕਟ ਉਪਲਬਧ ਕਰਵਾਉਣਗੇ।




# ਕੰਵਰ ਗਰੇਵਾਲ ਸੂਫੀ ਗਾਇਕ ਦਾ ਸਫਲ ਸ਼ੋਅ, ਦਰਸ਼ਕਾਂ ਤੋਂ ਖੱਟੀ ਵਾਹ-ਵਾਹ

**ਸੈਨਹੋਜ਼ੇ (ਚਰਨਜੀਤ ਸਿੰਘ ਪੰਨੂ)** ਬੀਤੀ ਪੰਜ ਸਤੰਬਰ ਨੂੰ ਅਮਨ ਮਡਹਾਰ ਵੱਲੋਂ ਸਮਿੰਥਸਨ ਥੀਏਟਰ ਲਾਸ-ਅਲਟੋਸ ਕਾਲਿਜ ਵਿਖੇ ਆਯੋਜਿਤ ਪੰਜਾਬੀ ਸੱਭਿਆਚਾਰ ਨਾਲ ਓਤ-ਪੋਤ ਪੰਜਾਬੀ ਕਲਚਰ ਸ਼ੋ ਵੇਖਣ ਨੂੰ ਮਿਲਿਆ। ਮਹਿਮਾਨ ਸੂਫੀ ਗਾਇਕ ਕੰਵਰ ਗਰੇਵਾਲ ਦੇ ਨਾਂ ਤੋਂ ਉਤਸ਼ਹਿਤ ਦਰਸ਼ਕਾਂ ਨੇ ਪਹਿਲਾਂ ਹੀ ਪੰਜ ਸੌ ਦੇ ਕਰੀਬ ਸੀਟਾਂ ਬੁੱਕ ਕਰਵਾ ਕੇ ਪ੍ਰਬੰਧਕਾਂ ਨੂੰ ਹੱਲਾਸ਼ੇਰੀ ਦੇ ਦਿੱਤੀ ਸੀ।





ਭਗਵੇਂ ਪਹਿਰਾਵੇ, ਸਿਰ ਤੇ ਫੱਕਰਾਂ ਵਾਲਾ ਸਿੱਧਾ ਸਾਦਾ ਲਪੇਟਿਆ ਮੜਾਸਾ, ਕੋਈ ਛੇ ਕੁ ਫੁੱਟ ਉੱਚਾ ਕੱਦ ਕਾਲੀ ਕੰਬਲੀ ਦਾ ਘੁੰਡ ਕੱਢ ਕੇ ਬੀਨ ਤੇ ਨੱਚਦਾ ਸਟੇਜ ਤੇ ਆਇਆ ਤਾਂ ਭਰਵੇਂ ਇਕੱਠ ਕੇ ਚੀਕਾਂ ਚਾਂਗਰਾਂ ਤੇ ਸ਼ੋਰ ਸ਼ਰਾਬੇ ਨੇ ਉਸ ਦਾ ਇਸਤਕਬਾਲ ਕੀਤਾ। ਉਸ ਨੇ ਕਿਹਾ ਕਿ ਮੈਂ ਉਹ ਕੁਝ ਗਾਊਂਗਾ, ਉਹ ਸੁਣਾਊਂਗਾ ਜੋ ਹਰੇਕ ਆਪਣੀ ਫੈਮਿਲੀ ਨਾਲ ਵੇਖ ਕੇ ਅਨੰਦ ਮਾਣ ਸਕੇ। 'ਤੇਰਾ ਇਸ਼ਕ ਨਚਾਉਂਦਾ ਹੈ, ਮੈਂ ਨਹੀਂ ਨੱਚਦੀ, ਨਾ ਜਾਂਈਂ ਮਸਤਾਂ ਦੇ ਵਿਹੜੇ, ਬੀਨ ਵਜਾ ਜੋਗੀਆਂ, ਕਿਸੇ ਜੋਗੀ ਨਾ ਛੱਡੀ ਵੇ ਜੋਗੀਆ ਕਰ ਗਿਐਂ ਹੇਰਾ ਫੇਰੀ, ਭੈਣ ਹੋਵੇ ਜਵਾਨ ਬਹੁਤੇ ਯਾਰ ਬਣਾਈਏ ਨਾ, ਸੱਸ ਹੋਵੇ ਚੰਗੀ ਨਹੀਂ ਤੇ ਕੰਧ ਤੇ ਹੋਵੇ ਟੰਗੀ, ਤੂੰਬਾ ਨਾ ਵੱਜਦਾ ਤਾਰ ਬਿਨਾਂ, ਚਰਖਾ ਬਹੁਤ ਪੁਰਾਣਾ ਜਿੰਦੜੀਏ ਕੱਤ ਲੈ ਨੀ, ਗੱਲ ਸੁਣ ਛੱਲਿਆ, ਤੇ ਹੋਰ ਬਹੁਤ ਕੁਝ ਸੁਣਾ ਕੇ ਸਰੋਤੇ ਨਿਹਾਲ ਕਰ ਦਿੱਤੇ। 'ਮੇਰੇ ਪ੍ਰੋਗਰਾਮ ਬਾਰੇ ਜੇ ਕਿਸੇ ਦੇ ਮਨ ਵਿਚ ਕੋਈ ਸ਼ੱਕ ਸ਼ੁਭਾ ਜਾਂ ਕੋਈ ਸਵਾਲ ਹੋਵੇ, ਮੈਂ ਉਸ ਦਾ ਜੁਆਬ ਦੇਵਾਂਗਾ।' ਉਸ ਨੇ ਐਲਾਨ ਕੀਤਾ।

ਦਰਸ਼ਕਾਂ ਨੇ ਨੋਟਾਂ ਦੇ ਮੀਂਹ ਵਰ੍ਹਾ ਦਿੱਤੇ। ਕਿਸੇ ਦਰਸ਼ਕ ਦਾ ਵੀਹ ਦਾ ਨੋਟ ਚੁੱਕ ਕੇ ਉਸ ਨੇ ਵੀਹ ਦੀ ਕਹਾਣੀ ਸੁਣਾ ਦਿੱਤੀ ਕਿ ਇਸ ਵੀਹ ਦੇ ਨੋਟ ਨਾਲ ਬਾਬੇ ਨਾਨਕ ਨੇ ਆਪਣੀ ਕਾਰਗੁਜਾਰੀ ਸ਼ੁਰੂ ਕੀਤੀ ਸੀ ਤੇ ਇਹ ਨੇਕਨਾਮੀ ਅਜੇ ਚਾਲੂ ਹੈ। ਇਕ ਜਾਣਕਾਰ ਨੇ ਛੋਟਾ ਬੱਚਾ ਉਸ ਵਲ ਵਧਾਇਆ, ਉਸ ਨੇ ਕੁੱਛੜ ਚੁੱਕ ਲਿਆ। ਉਸ ਨੂੰ ਵੇਖਦੇ ਹੋਰ ਬੱਚੇ ਵੀ ਸਟੇਜ ਵੱਲ ਉਮਡੇ।

ਉਸ ਨੇ ਆਪਣੀ ਕਲਾ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਉੱਪਰ ਦਾਅਵਤ ਦੇ ਦਿੱਤੀ। ਦਸ ਪੰਦਰਾਂ ਬੱਚਿਆਂ ਨੂੰ ਉਸ ਨੇ ਪਿਆਰ ਕੀਤਾਂ ਤੇ ਰੇਲ ਗੱਡੀ ਬਣਾ ਲਈ। 'ਛੁੱਕ ਛੁੱਕ ਰੇਲ ਗੱਡੀ ਚਲਾ ਕੇ ਬੱਚੇ ਪਿੱਛੇ ਤੋਰ ਲਏ।

'ਆਜੋ ਬੱਚਿਓ ਰੇਲ ਗੱਡੀ ਆਈ ਆ।' ਫਿਰ ਉਨ੍ਹਾ ਨੂੰ ਕੰਜਕਾਂ ਵਾਂਗ ਲਾਈਨ ਵਿਚ ਬਿਠਾ ਕੇ ਸਟੇਜ ਤੇ ਪਏ ਸਾਰੇ ਦਸ, ਵੀਹ, ਪੰਜਾਹ ਦੇ ਨੋਟ ਵੰਡ ਦਿੱਤੇ। ਗੁਰੂ ਸ਼ਬਦ ਨਾਲ ਜੋੜਨ ਤੇ ਡੇਰਿਆਂ ਤੋਂ ਤੋੜਨ ਦੀ ਵੀ ਸਿੱਖਿਆ ਤੋਂ ਦ੍ਰਸ਼ਕ ਖੁਸ਼ ਹੁੰਦੇ ਜਾਪੇ। ਧਾਰਮਿਕ ਤੇ ਬਹੁਤ ਮੱਧਮ ਕੰਨ-ਪਾੜਵੇਂ ਸ਼ੋਰ ਤੋਂ ਰਹਿਤ ਸੰਗੀਤ ਨੇ ਵੀ ਉਸ ਦੀ ਕਹੀ ਤੇ ਕਥਨੀ ਤੇ ਫੁਲ ਚੜ੍ਹਾ ਦਿੱਤੇ। ਸੰਗੀਤ ਉਸ ਤੋਂ ਪਿਆਰਾ ਸੀ ਤੇ ਉਹ ਸੰਗੀਤ ਤੋਂ ਪਿਆਰਾ ਸੀ। ਵਿਚ ਵਿਚ ਪੰਜਾਬੀ ਵੀਰਾਂ ਨੇ ਦਾਰੂ ਦੇ ਲੋਰ ਵਿਚ ਖੂਬ ਮਹਿਫਲ ਲਗਾਈ ਖੇੜੀ ਤੇ ਉਸ ਨਾਲ ਨੱਚਦੇ ਟੱਪਦੇ ਭੰਗੜਾ ਪਾਉਂਦੇ ਰਹੇ। ਸਿਕਿਉਰਿਟੀ ਵਾਲੇ ਰੋਕਣ ਲੱਗੇ ਪਰ ਕੰਵਰ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਕ ਦੋ ਸ਼ਰਾਬੀਆਂ ਨੂੰ ਪੁਲਸ ਨਾਲ ਗੁੱਥਮਗੁੱਥਾ ਹੁੰਦੇ ਵੀ ਵੇਖਿਆ ਗਿਆ। ਸਾਰੇ ਲੋਕ ਇਸ ਵਿਲੱਖਣ ਸ਼ੋ ਤੋਂ ਸੰਤੁਸ਼ਟ ਦਿਖਾਈ ਦਿੰਦੇ ਪ੍ਰਬੰਧਕਾਂ ਨੂੰ ਮੁਬਾਰਕ ਕਹਿ ਰਹੇ ਸਨ।

# ਡਾ.ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ (ਖੰਨਾ) ਦੀ ਮੀਟਿੰਗ

**ਖੰਨਾ–** ਡਾ. ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ, ਖੰਨਾ ਦੀ ਇਕ ਜ਼ਰੂਰੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਦੀ ਪ੍ਰਧਾਨਗੀ ਹੇਠ ਡਾ. ਅੰਬੇਦਕਰ ਭਵਨ ਵਿਖੇ ਹੋਈ। ਇਹ ਵਿਸ਼ੇਸ਼ ਮੀਟਿੰਗ ਨਗਰ ਕੌਂਸਲ ਖੰਨਾ ਦੇ ਐਕਟਿੰਗ ਪ੍ਰਧਾਨ ਸ੍ਰੀ ਵਿਜੈ ਸ਼ਰਮਾ ਦਾ ਧੰਨਵਾਦ ਕਰਨ ਲਈ ਬੁਲਾਈ ਗਈ ਸੀ। ਮਾਮਲਾ ਇਹ ਸੀ ਕਿ ਡਾ. ਅੰਬੇਦਕਰ ਭਵਨ ਦੇ ਨਜ਼ਦੀਕ ਕੂੜੇ ਦੇ ਵੱਡੇ-ਵੱਡੇ ਢੇਰ ਪਏ ਸਨ, ਜਿਹਨਾਂ ਵਿਚੋਂ ਬਹੁਤ ਬਦਬੂ ਆ ਰਹੀ ਸੀ ਅਤੇ ਲੋਕਾਂ ਨੂੰ ਭਵਨ ਅਤੇ ਮੀਟ ਮਾਰਕੀਟ ਵਿਚ ਆਉਣ ਲਈ ਬਹੁਤ ਮੁਸ਼ਕਿਲ ਆ ਰਹੀ ਸੀ। ਮੁਹੱਲਾ ਨਿਵਾਸੀ ਪ੍ਰਦੂਸ਼ਿਤ ਵਾਤਾਵਰਣ ਤੋਂ ਬਹੁਤ ਦੁਖੀ ਸਨ। ਸ੍ਰੀ ਵਿਜੈ ਸ਼ਰਮਾ ਜੀ ਦੇ ਧਿਆਨ ਵਿਚ ਮਾਮਲਾ ਲਿਆਂਦਾ ਗਿਆ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਮਿੱਤਰ ਦੀ ਅਗਵਾਈ ਵਿਚ ਸ਼ਰਮਾ ਜੀ ਨੇ ਮੌਕੇ 'ਤੇ ਦੌਰਾ ਕੀਤਾ ਅਤੇ ਤੁਰੰਤ ਕਾਰਵਾਈ ਕਰਦਿਆਂ ਸਾਰੀ ਗੰਦਗੀ ਦੇ ਢੇਰ ਉਥੋਂ ਹਟਾ ਦਿੱਤੇ ਗਏ। ਵਿਸ਼ੇਸ਼ ਧੰਨਵਾਦ ਕਰਨ ਵਾਲਿਆਂ ਵਿਚ ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ, ਜਨਰਲ ਸਕੱਤਰ ਅੱਛਰਾਂ ਸਿੰਘ ਲਾਪਰਾ, ਕੈਸ਼ੀਅਰ ਟੇਕ ਚੰਦ, ਚੇਅਰਮੈਨ



ਹਰਨੇਕ ਸਿੰਘ, ਪ੍ਰਿੰਸੀਪਲ ਮੇਹਰ ਸਿੰਘ, ਅਜਮੇਰ ਸਿੰਘ, ਬੈਂਕ ਮੈਨੇਜਰ ਸਵਰਨ ਸਿੰਘ, ਲਖਵੀਰ ਸਿੰਘ, ਦੀਦਾਰ ਸਿੰਘ ਪ੍ਰਧਾਨ, ਸਵਾਮੀ ਗੰਗਾ ਨੰਦ ਭੂਰੀ ਵਾਲੇ ਸਮਾਜ ਸੇਵਾ ਸੰਮਤੀ ਆਦਿ ਸ਼ਾਮਲ ਸਨ। ਜਸਵੰਤ ਸਿੰਘ ਪ੍ਰਧਾਨ ਮੀਟ ਮਾਰਕੀਟ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਲ ਸਨ।

ਪੜ੍ਹਾਈ ਕਰਨ ਜਾਂ ਸਿੱਖਣ ਦੀ ਕੋਈ ਹੱਦ ਜਾਂ ਸੀਮਾ ਉਮਰ ਦੀ ਨਹੀਂ ਹੁੰਦੀ। ਅਜਿਹਾ ਹੀ ਜਸਵੰਤ ਸਿੰਘ ਮਿੱਤਰ ਨੇ ਕਰ ਦਿਖਾਇਆ। 2002 ਵਿਚ ਸੇਵਾ ਮੁਕਤ ਹੋਏ ਲੈਕਚਰਾਰ ਨੇ 2005 ਵਿਚ ਇਗਨੂੰ ਯੂਨੀਵਰਸਿਟੀ ਤੋਂ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਕੀਤਾ ਅਤੇ ਹੁਣ ਸਰਟੀਫਿਕੇਟ ਆਫ ਹਿਊਮਨ ਰਾਈਟਸ ਵਿਚ 66 ਫੀਸਦੀ ਨੰਬਰ ਲੈ ਕੇ ਪ੍ਰੀਖਿਆ ਪਾਸ ਕੀਤੀ।

ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਨੂੰ ਵਧਾਈਆਂ ਦੇਣ ਵਾਲਿਆਂ ਵਿਚ ਡਾ. ਰਾਮ ਸਿੰਘ ਪਾਲ, ਰਾਜ ਸਿੰਘ, ਹਰਨੇਕ ਸਿੰਘ ਸਿਫਤੀ ਚੇਅਰਮੈਨ, ਅੱਛਰਾਂ ਸਿੰਘ ਲਾਂਪਰਾਂ, ਟੇਕ ਚੰਦ, ਬੈਂਕ ਮੈਨੇਜਰ ਪ੍ਰੇਮ ਸਿੰਘ ਬੰਗੜ, ਸਵਰਨ ਸਿੰਘ, ਪ੍ਰਗਾਸ ਚੰਦੜ, ਪ੍ਰਿੰਸੀਪਲ ਤਾਰਾ ਸਿੰਘ, ਪ੍ਰਿੰ. ਮੇਹਰ ਸਿੰਘ ਗੁਰੂ, ਬੀਬੀ ਰਜਿੰਦਰ ਕੌਰ ਲਿਬੜਾ, ਮੈਡਮ ਪ੍ਰਕਾਸ਼ ਕੌਰ, ਧਰਮਜੀਤ ਸਿੰਘ, ਇੰਗਲੈਂਡ ਤੋਂ ਅਰਵਿੰਦਰਪਾਲ ਸਿੰਘ, ਅਨੀਤਾ ਕੌਰ ਅਤੇ ਜਰਮਨੀ ਤੋਂ ਸੋਹਣ ਲਾਲ ਸਾਂਪਲਾ, ਅਨਿਲ ਸਾਂਪਲਾ ਅਤੇ ਬਿੰਦਰ ਕੌਰ ਸਾਂਪਲਾ ਸ਼ਾਮਲ ਸਨ।

# ਲਕਸ਼ੈ ਦੀ ਮਹਿਲਾ ਟੀਮ ਦੁਆਰਾ ਕੈਡਰ ਕੈਂਪ ਆਯੋਜਿਤ ਕੀਤਾ

**ਲਖਨਊ–** ਬੀਤੀ 30 ਅਗਸਤ ਨੂੰ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਔਰਤਾਂ ਦੀ ਟੀਮ ਦੁਆਰਾ ਲਖਨਊ ਦੇ ਪਿੰਡ ਅਚਰਾਮਊ ਵਿਚ ਪੰਜ ਪਿੰਡਾਂ ਦਾ ਇਕ ਦਿਨਾ ਕੈਡਰ ਕੈਂਪ ਆਯੋਜਿਤ ਕੀਤਾ ਗਿਆ, ਜਿਸ ਵਿਚ ਸੈਂਕੜੇ ਲੋਕਾਂ ਨੇ ਹਿੱਸਾ ਲਿਆ, ਖਾਸ ਕਰਕੇ ਔਰਤਾਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਕੈਂਪਸ ਵਿਚ ਬਹੁਜਨ ਸਮਾਜ ਵਿਚ ਪਾਈਆਂ ਜਾਂਦੀਆਂ ਕੁਰੀਤੀਆਂ ਅਤੇ ਦੁਰਦਸ਼ਾ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਸਮਾਜ ਦੇ ਬੱਚਿਆਂ ਨੂੰ ਸਿੱਖਿਅਤ ਕਰਨ 'ਤੇ ਜ਼ੋਰ ਦਿੱਤਾ ਗਿਆ ਅਤੇ ਸਮਾਜ ਨੂੰ ਪਾਖੰਡਵਾਦ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਬਾਬਾ ਸਾਹਿਬ ਦੁਆਰਾ ਦਿਵਾਏ ਗਏ ਅਧਿਕਾਰਾਂ ਦੀ ਜਾਣਕਾਰੀ ਦਿੱਤੀ ਗਈ। ਇਸ ਕੈਂਪ ਵਿਚ ਔਰਤ ਕਮਾਂਡਰਾਂ ਸੁਸ਼ਮਾ ਬਾਬੂ, ਰੇਖਾ ਆਰੀਆ, ਅੰਜੂ ਸਿੰਘ, ਪੂਜਾ ਗੁਲਾਟੀ, ਸੰਘਮਿੱਤਰਾ ਗੌਤਮ, ਧਰਮਪ੍ਰਿਆ ਗੌਤਮ, ਸ਼ਾਂਤੀ ਦੇਵੀ, ਰਾਜਕੁਮਾਰੀ ਕੌਸ਼ਲ, ਮੰਜੂਲਤਾ, ਕਮਲੇਸ਼ ਸਿੰਘ, ਵਿਜੈਸ਼੍ਰੀ ਅਤੇ ਰਜਨੀ ਸੋਲੰਕੀ ਆਦਿ ਨੇ ਆਪਣ ਵਿਚਾਰ ਪ੍ਰਗਟ ਕੀਤੇ। ਪ੍ਰੋਗਰਾਮ ਦਾ ਸੰਚਾਲਨ ਰਜਨੀ ਸੋਲੰਕੀ ਅਤੇ ਕਮਲੇਸ਼ ਸਿੰਘ ਨੇ ਕੀਤਾ।



# ਮੁੱਖ ਸੜਕ ਉਪਰ ਅਵਾਰਾ ਕੁੱਤਿਆਂ ਦੀ ਭਰਮਾਰ, ਲੋਕ ਪ੍ਰੇਸ਼ਾਨ

**ਫਗਵਾੜਾ (ਬੀ.ਕੇ.ਰੱਤੂ) –** ਅੱਜ ਦੇਸ਼ ਵਿੱਚ ਅਵਾਰਾ ਕੁੱਤਿਆਂ ਨੂੰ ਮਾਰਨ ਤੇ ਪੂਰੀ ਤਰ੍ਹਾਂ ਪਾਬੰਦੀ ਹੈ। ਜਾਨਵਰਾਂ ਪ੍ਰਤੀ ਦਇਆ ਦੀ ਭਾਵਨਾ ਨੂੰ ਬੁਰਾ ਨਹੀਂ ਕਿਹਾ ਜਾ ਸਕਦਾ। ਪਰ ਜੇਕਰ ਇਨਸਾਨ ਦੀ ਜ਼ਿੰਦਗੀ ਨੂੰ ਖਤਰੇ ਚ ਪਾਕੇ ਅਜਿਹਾ ਕੀਤਾ ਜਾਂਦਾ ਹੈ ਤਾਂ ਉਸਨੂੰ ਵੀ ਸਰਾਹਿਆ ਨਹੀਂ ਜਾ ਸਕਦਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਭਾਣੋਕੀ ਰੋਡ ਦੇ ਪ੍ਰਧਾਨ ਡਾ. ਰਮਨ ਸ਼ਰਮਾ ਨੇ ਕੀਤਾ। ਉਹਨਾਂ ਆਖਿਆਂ ਕਿ ਅੱਜ ਵਸੋਂ ਵਾਲੇ ਖੇਤਰ ਦੀ ਹਰ ਗਲੀ ਜਾਂ ਮੁੱਖ ਸੜਕ ਉੱਪਰ ਅਵਾਰਾ ਕੁੱਤਿਆਂ ਦੇ ਝੁੰਡ ਠੀਕ ਉਸੇ ਤਰ੍ਹਾਂ ਦੇਖੇ ਜਾ ਸਕਦੇ ਹਨ ਜਿਵੇਂ ਪਹਾੜੀ ਇਲਾਕਿਆਂ ਵਿੱਚ ਧਾਰਮਿਕ ਸਥਾਨਾਂ ਨਜ਼ਦੀਕ ਬਾਂਦਰ ਅਤੇ ਲੰਗੂਰ। ਵਜਾ ਇਹ ਹੈ ਕਿ ਬਾਂਦਰਾਂ ਲਈ ਧਾਰਮਿਕ ਸਥਾਨ ਸ਼ਰਧਾ ਅਤੇ ਕੁੱਤਿਆਂ ਪ੍ਰਤੀ ਇਨਸਾਨ ਦਾ ਅੰਧ ਵਿਸ਼ਵਾਸ ਢਿੱਡ ਦੀ ਭੁੱਖ ਦਾ ਜੁਗਾੜ ਅਸਾਨੀ ਨਾਲ ਕਰਵਾ ਦਿੰਦੇ ਹਨ। ਜਿਸ ਕਰਕੇ ਸ਼ਹਿਰਾਂ ਅਤੇ ਪਿੰਡਾਂ ਦੀ ਅਬਾਦੀ ਵਿੱਚ ਕੁੱਤਿਆਂ ਦੀ ਹੋਂਦ ਵੀ ਰਚ-ਵਸ ਗਈ ਹੈ।ਆਮਤੌਰ ਤੇ ਕੁੱਤੇ ਨੂੰ ਦਰਵੇਸ਼, ਸਭ ਤੋਂ ਵਫਾਦਾਰ ਜਾਨਵਰ ਅਤੇ ਗਲੀਆਂ ਮੁਹੱਲਿਆਂ ਵਿੱਚ ਰਾਤਾਂ ਦਾ ਪਹਿਰੇਦਾਰ ਕਿਹਾ ਜਾਂਦਾ ਹੈ। ਪਰ ਜਦੋਂ ਇਹੇ ਕੁੱਤੇ ਰਾਹ ਜਾਂਦੇ ਲੋਕਾਂ ਮਗਰ ਵੱਢਣ ਨੂੰ ਦੋੜਦੇ ਹਨ ਤਾਂ ਯਮ ਦਾ ਰੂਪ ਧਾਰ ਲੈਂਦੇ ਹਨ। ਉਹਨਾਂ ਆਖਿਆ ਕਿ




ਇਲਾਕਾ ਭਗਤਪੁਰਾ ਵਿਖੇ ਵੀ ਅਵਾਰਾ ਕੁੱਤਿਆਂ ਅਤੇ ਝੁੰਡਾ ਨੇ ਲੋਕਾਂ ਅਤੇ ਛੋਟੇ ਬੱਚਿਆਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਕਰ ਦਿੱਤ ਹੈ। ਅਵਾਰਾ ਕੁੱਤੇ ਜਿੱਥੇ ਆਂਦੇ ਜਾਂਦੇ ਰਾਹਗੀਰਾਂ ਲਈ ਹਾਦਸਿਆਂ ਦਾ ਕਾਰਨ ਬਣਦੇ ਹਨ ਉੱਥੇ ਹੀ ਸਭ ਕੁੱਤਿਆਂ ਦੇ ਕੱਟਣ-ਵੱਡਣ ਤੋਂ ਬੁਰੀ ਤਰਾਂ ਪਰੇਸ਼ਾਨ ਹਨ ਕਿ ਕਿਤੇ ਕੋਈ ਕੁੱਤਾ ਲੱਤ ਹੀ ਨਾਂ ਫੜ ਲਵੇ ਇਸ ਤੋਂ ਵੀ ਜ਼ਿਆਦਾ ਡਰ ਇਸ ਗੱਲ ਦਾ ਹੈ ਕਿ ਜੇ ਕਿਸੇ ਕੁੱਤੇ ਨੇ ਕੱਟ ਲਿਆ ਤਾਂ ਹਲਕਾਅ ਸੰਬੰਧੀ (ਐਂਟੀ ਰੈਬੀਜ਼) ਟੀਕਾ ਜਿਹੜਾ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ ਉਹ ਲਗਵਾਉਣਾ ਪਵੇਗਾ। ਕਿਉਂਕਿ ਸਰਕਾਰੀ ਹਸਪਤਾਲਾਂ 'ਚ ਹਲਕਾਅ ਸੰਬੰਧੀ (ਐਂਟੀ ਰੈਬੀਜ਼) ਟੀਕਿਆਂ ਦੀ ਅਕਸਰ ਘਾਟ ਹੋਣ ਕਾਰਨ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ ਇੱਕ ਗੱਲ ਇਹ ਵੀ ਹੈ ਕਿ ਕਈ ਲੋਕਾਂ ਨੇ ਆਪਣੇ ਘਰਾਂ 'ਚ ਪਾਲਤੂ ਕੁੱ ਰੱਖੇ ਹੋਏ ਹਨ। ਜਿਹਨਾਂ ਨੂੰ ਸਵੇਰੇ ਜਾਂ ਸ਼ਾਮ ਦੀ ਸੈਰ ਦੁ ਬਹਾਨੇ ਕੁੱਤਿਆਂ ਨੂੰ ਗਲੀਆਂ ਸੜਕਾਂ ਤੇ ਖੁੱਲੇ-ਆਮ ਗੰਦ ਕਰਵਾਉਂਦੇ ਹਨ ਜਿਸ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ। ਇਸ ਮੌਕੇ ਕਮੇਟੀ ਪ੍ਰਧਾਨ ਡਾ. ਰਮਨ, ਗੁਰਦਿਆਲ ਸਿੰਘ ਨੰਨੜਾ, ਜਸਵਿੰਦਰ ਪਾਲ ਨੀਲਾ, ਪਰਮਿੰਦਰ ਸਿੰਘ, ਜਸਵਿੰਦਰ ਸਿੰਘ ਹਮਦਰਦ, ਅਜੀਤ ਮੇਹਰਾ, ਦਰਸ਼ਨ ਲਾਲ ਫੋਰਮੈਨ, ਰਜਿੰਦਰ ਕੁਮਾਰ ਕੌਸ਼ਲ, ਕੁੰਦਨ ਲਾਲ ਨੀਲਾ, ਜੀਤ ਸਿੰਘ ਖਾਲਸਾ, ਸੁਨੀਲ ਕਨੋਜੀਆ, ਜਤਿੰਦਰ ਕੁਮਾਰ ਠਾਕੁਰ ਐਡਵੋਕੇਟ, ਨਰਿੰਦਰ ਪਾਲ ਮਾਹੀ, ਜਤਿੰਦਰ ਰਾਹੀ ਅਤੇ ਸੁਰਿੰਸਰ ਸਿੰਘ ਸਹੋਤਾ ਆਦਿ ਆਗੂਆਂ ਨੇ ਦੱਸਿਆ ਕਿ ਅੱਜ ਤੋਂ ਤਕਰੀਬਨ ੧੫ ਸਾਲ ਪਹਿਲਾਂ ਤੱਕ ਗ੍ਰਾਮ ਪੰਚਾਇਤ ਨਗਰ ਕੌਂਸਲਾ ਆਪਣੇ ਕਾਰਜ ਖੇਤਰਾਂ ਵਿੱਚ ਸਿਹਤ ਵਿਭਾਗ ਦੀ ਸਹਾਇਆ ਨਾਲ ਗੋਲੀਆਂ ਪੁਆ ਕੇ ਅਵਾਰਾ ਕੁੱਤਿਆਂ ਨੂੰ ਮਰਵਾ ਕੇ ਡੂੰਘਾ ਦੱਬ ਦਿੰਦੀਆਂ ਸਨ। ਇਸ ਤੋਂ ਬਾਅਦ ਇਹ ਸਮੱਸਿਆ ਹਰ ਸਾਲ ਤਿੱਖੀ ਹੁੰਦੀ ਗਈ ਪਿਛਲੇ ਡੇਢ ਦਹਾਕੇ ਅੰਦਰ ਹਰ ਵਰੇ ਕਰੋੜਾਂ ਰੁਪਏ ਖਰਚ ਕੇ ਸਿਹਤ ਵਿਭਾਗ ਵੱਲੋਂ ਅਵਾਰਾ ਕੁੱਤਿਆਂ ਦੀ ਨਸਬੰਦੀ ਕਰਨੀ ਜ਼ਿਆਦਾਤਾਰ ਕਾਗਜ਼ੀ ਹੀ ਰਹੀ ਹੈ।

ਉਹਨਾਂ ਸਰਕਾਰ ਪਾਸੋਂ ਪੁਰਜੋਰ ਸ਼ਬਦਾਂ 'ਚ ਮੰਗ ਕਰਦਿਆ ਆਖਿਆ ਕਿ ਜੇਕਰ ਇਹਨਾਂ ਅਵਾਰਾ ਕੁੱਤਿਆਂ ਨੂੰ ਮਾਰ ਨਹੀਂ ਸਕਦੇ ਤਾਂ ਉਹ ਇਹਨਾਂ ਅਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਸ ਮਕਸਦ ਲਈ ਬਣਾਏ ਮਹਿਕਮੇ ਦੇ ਅਮਲੇ ਨੂੰ ਉਹਨਾਂ ਦੇ ਜਿੰਮੇ ਲੱਗੇ ਫਰਜ਼ਾ ਨੂੰ ਨਿਭਾਉਣ ਲਈ ਸਖਤੀ ਨਾਲ ਪਾਬੰਦ ਕਰੇ ਜਿਹੜਾ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਮਾਮਲੇ 'ਚ ਕੋਤਾਹੀ ਤੋਂ ਕੰਮ ਲੈਂਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕਰੇ ਤਾਂ ਹੀ ਆਮ ਇਨਸਾਨ ਸਹੀ ਜੀਵਨ ਜੀਅ ਸਕਦਾ ਹੈ।

# ਪਿੰਡ ਖੈੜਾ ਠਾਣੇਵਾਲ ਵਿਖੇ ਬਾਬਾ ਰਾਮ ਜੋਗੀ ਪੀਰ ਚਾਹਲ ਜੀ ਦੀ ਯਾਦ ਵਿਚ ਧਾਰਮਿਕ ਮੇਲੇ ਕਰਾਇਆ

## ਕਬੱਡੀ ਦੇ ਰੋਮਾਂਚਕ ਮੈਚ ਵਿਚ ਕਪੂਰਥਲਾ ਨੇ ਜਲੰਧਰ ਨੂੰ ਹਰਾਇਆ

**ਬਟਾਲਾ (ਨਰਿੰਦਰ ਬਰਨਾਲ)** ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਅਧੀਨ ਪੈਂਦੇ ਪਿੰਡ ਖੈੜਾ ਠਾਣੇਵਾਲ ਬਾਬਾ ਰਾਮ ਜੋਗੀ ਪੀਰ ਚਾਹਲ ਜੀ ਦੀ ਯਾਦ ਵਿਚ ਗੁਰਦਵਾਰਾ ਸਾਹਿਬ ਵਿਖੇ ਧਾਰਮਿਕ ਮੇਲਾ ਕਰਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ।ਜਿਸ ਵਿਚ ਕੇਵਲ ਸਿੰਘ ਮਹਿਤਾ ਵਾਲੇ ਅਤੇ ਰਾਣੀ ਵਲਾਹ ਬੀਬੀਆਂ ਦੇ ਢਾਡੀ ਜੱਥਿਆਂ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ। ਬੀਰ ਖਾਲਸਾ ਇੰਟਰਨੈਸ਼ਨਲ ਗੱਤਕਾ ਗਰੁੱਪ ਵਲੋਂ ਮੇਲੇ ਮੌਕੇ ਮਨਮੋਹਕ ਕਰਤਬਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਵਰਗੀ ਸ੍ਰ: ਜਸਵੰਤ ਸਿੰਘ ਸਾਬਕਾ ਸਰਪੰਚ ਦੀ ਯਾਦ ਕਰਾਏ ਗਏ ਕਬੱਡੀ ਦੇ ਫੱਸਵੇਂ ਮੁਕਾਬਲੇ ਵਿਚ ਕਪੂਰਥਲਾ ਨੇ ਜਲੰਧਰ ਦੀ ਟੀਮ ਨੂੰ ਹਰਾਇਆ। ਮੇਲੇ ਦੇ ਮੁੱਖ ਪ੍ਰਬੰਧਕ ਬਖਸ਼ੀ ਠਾਣੇਵਾਲ ਵਲੋਂ ਭਾਰਤ ਦੇ ਕਬੱਡੀ ਖਿਡਾਰੀ ਸੁੱਖੀ ਲੱਖਣਕੇ ਪੱਡੇ ਦਾ ਵਿਸ਼ੇਸ਼ ਸਨਮਾਨ ਵੀ ਗਿਆ। ਇਸ ਮੌਕੇ ਬਖਸ਼ੀ ਠਾਣੇਵਾਲ, ਗੁਰਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ, ਗੀਤਕਾਰ ਬੱਲ ਬੁਤਾਲੇ ਵਾਲਾ, ਸੂਰਤਾ ਸਿੰਘ ਸਰਪੰਚ ਠਾਣੇਵਾਲ, ਅਜਾਦਬੀਰ ਸਿੰਘ ਸਰਪੰਚ ਖਾਨਪੁਰ, ਬਿਕਰਮ ਸਿੰਘ ਚਾਹਲ ਖਾਨ-ਪੁਰ, ਬਲਵਿੰਦਰ ਸਿੰਘ ਪੱਖੋਕੇ, ਗੋਰੀ ਠਾਣੇਵਾਲ, ਨਿੰਮਾ ਠਾਣੇਵਾਲ, ਸ਼ਾਹਬੀਰ ਸਾਗਰ ਮੇਲੇ ਮੌਕੇ ਮੌਜੂਦ ਸਨ।



# ਲਕਸ਼ੈ ਦੁਆਰਾ ਲਖਨਊ ਅਤੇ ਫਰੀਦਾਬਾਦ ਵਿਚ ਕੈਡਰ ਕੈਂਪ ਆਯੋਜਿਤ ਕੀਤੇ





ਬੀਤੀ 5 ਸਤੰਬਰ ਨੂੰ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਔਰਤ ਟੀਮ ਦੁਆਰਾ ਲਖਨਊ ਦੇ ਪਿੰਡ ਸੈਦਪੁਰ ਵਿਚ ਇਕ ਦਿਨਾ ਕੈਡਰ ਕੈਂਪ ਲਗਾਇਆ ਗਿਆ। ਇਸ ਕੈਡਰ ਕੈਂਪ ਵਿਚ ਸੈਂਕੜੇ ਲੋਕਾਂ ਨੇ ਭਾਗ ਲਿਆ,ਖਾਸ ਕਰਕੇ ਔਰਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਲਕਸ਼ੈ ਦੀਆਂ ਔਰਤ ਕਮਾਂਡਰਾਂ ਨੇ ਬਹੁਜਨ ਸਮਾਜ ਦੇ ਅਧਿਕਾਰਾਂ ਦੀ ਵਿਚਾਰ ਵਿਚ ਚਰਚਾ ਕੀਤੀ ਅਤੇ ਲੋਕਾਂ ਨੂੰ ਜਾਣੂ ਕਰਵਾਇਆ ਕਿ ਸਵੈਮਾਣ ਦੇ ਲਈ ਲਕਸ਼ੈ ਦੁਆਰਾ ਚਲਾਈ ਜਾ ਰਹੀ ਸਮਾਜਿਕ ਕ੍ਰਾਂਤੀ ਵਿਚ ਉਹ ਵੀ ਸ਼ਾਮਲ ਹੋਣ। ਲਕਸ਼ੈ ਦੀ ਔਰਤ ਕਮਾਂਡਰ ਰਜਨੀ ਸੋਲੰਕੀ, ਸੰਘਮਿੱਤਰਾ ਗੌਤਮ, ਰੇਖਾ ਆਰੀਆ, ਸੁਸ਼ਮਾ ਬਾਬੂ ਅਤੇ ਰਾਜਕੁਮਾਰੀ ਕੌਸ਼ਲ ਨੇ ਹਿੱਸਾ ਲਿਆ।

ਇਸ ਤੋਂ ਇਲਾਵਾ ਫਰੀਦਾਬਾਦ ਵਿਚ ਵੀ 6 ਸਤੰਬਰ ਨੂੰ 3 ਤੋਂ 6 ਵਜੇ ਤੱਕ ਲਕਸ਼ੈ ਦੀ ਟੀਮ ਨੇ ਫਰੀਦਾਬਾਦ ਵਿਖੇ ਕੈਡਰ ਕੈਂਪ ਆਯੋਜਿਤ ਕੀਤਾ। ਜ਼ਿਲ੍ਹਾ ਫਰੀਦਾਬਾਦ ਦੇ ਨਵੇਂ ਕਮਾਂਡਰ ਅਸ਼ੋਕ ਕੁਮਾਰ ਅਤੇ ਜ਼ਿਲ੍ਹਾ ਫਰੀਦਾਬਾਦ ਦੇ ਮੁੱਖ ਸਲਾਹਕਾਰ ਪੂਰਨ ਸਿੰਘ ਫੌਜੀ ਨੇ ਕਿਹਾ ਕਿ ਅਸੀਂ ਲਕਸ਼ੈ ਦੇ ਸਿਪਾਹੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਰੁਕਣ ਨਹੀਂ ਦਿਆਂਗੇ। ਗੁੜਗਾਉਂ ਮੰਡਲ ਦੇ ਯੂਥ ਕਮਾਂਡਰ ਨੀਰਜ ਨਾਹਰਵਾਲ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਬਹੁਜਨ ਸਮਾਜ ਦੀਆਂ ਸਾਰੀਆਂ ਜਾਤੀਆਂ ਵਿਚ ਜਾ ਕੇ ਉਹਨਾਂ ਨੂੰ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਝਣਾ ਹੋਵੇਗਾ।

**– ਕਮਲੇਸ਼ ਸਿੰਘ (9580611069)**

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਭਾਈ ਜੈਤਾ

**ਪ੍ਰੀਤਮ ਸਿੰਘ 'ਪ੍ਰੀਤਮ'**

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਵੀ ਨਹੀਂ, ਭਾਰਤ ਦੇ ਸਮੁੱਚੇ ਇਤਿਹਾਸ ਵਿਚ ਵੀ ਬੜੇ ਦੂਰ ਰਸ ਸਿੱਟੇ ਪੈਦਾ ਕਰਨ ਵਾਲੀ ਘਟਨਾ ਹੋਈ ਹੈ। ਸਭ ਤੋਂ ਵੱਡੀ ਗੱਲ ਜੋ ਉਨ੍ਹਾਂ ਦੀ ਸ਼ਹਾਦਤ ਨਾਲ ਸਾਹਮਣੇ ਆਈ ਅਤੇ ਜਿਸ ਨੂੰ ਅੱਜ ਤੱਕ ਕਿਸੇ ਇਤਿਹਾਸਕਾਰ ਨੇ ਨਹੀਂ ਗੌਲਿਆ, ਉਹ ਇਹ ਕਿ ਉਸ ਸਮੇਂ ਅਖੌਤੀ ਨੀਵੀਂ ਜਾਤੀ ਦੇ ਇਕ ਵਿਅਕਤੀ ਨੇ, ਸ਼ਾਹੀ ਫੁਰਮਾਨ ਨੂੰ ਅਣਗੌਲਿਆ ਕਰਕੇ ਜਾਨ ਦੀ ਪਰਵਾਹ ਨਾ ਕਰਦਿਆਂ, ਇਕ ਸੱਚੇ ਸਿੱਖ ਦਾ ਸਬੂਤ ਦੇ ਕੇ ਗੁਰੂ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਪਹੁੰਚਾਇਆ। ਭਾਈ ਜੈਤੇ ਦੀ ਇਸ ਸੇਵਾ ਨੇ ਸਮੁੱਚੀ ਰੰਘਰੇਟਾ ਜਾਤੀ ਨੂੰ, ਗੁਰੂ ਕੇ ਬੇਟੇ ਹੋਣ ਦਾ ਮਾਣ ਬਖਸ਼ਿਆ। ਕੁਝ ਫਾਰਸੀ ਲਿਖਤਾਂ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 'ਤੇ ਭਾਈ ਜੈਤਾ ਦੇ ਅਦੁੱਤੀ ਕਾਰਨਾਮੇ ਬਾਰੇ ਵਿਸਥਾਰ ਪੂਰਵਕ ਵਰਣਨ ਹੈ।

ਅਹਿਮਦਸ਼ਾਹ ਬਟਾਲਵੀ ਨੇ ਆਪਣੀ ਪੁਸਤਕ ''ਤਵਾਰੀਖ ਹਿੰਦ'' ਜੋ ਸੰਨ 1818 ਵਿਚ ਲਿਖੀ ਗਈ, ਗੁਰੂ ਤੇਗ ਬਹਾਦਰ ਜੀ ਸ਼ਹਾਦਤ 'ਤੇ ਭਾਈ ਜੈਤੇ ਦੇ ਕਾਰਨਾਮੇ ਦਾ ਵਰਣਨ ਕਰਦਿਆਂ ਲਿਖਿਆ ਹੈ "ਜਦੋਂ ਗੁਰੂ ਤੇਗ ਬਹਾਦਰ ਕਤਲ ਕਰ ਦਿੱਤਾ ਗਿਆ ਅਤੇ ਇਹ ਖ਼ਬਰ ਗੋਬਿੰਦ ਸਿੰਘ ਨੂੰ ਮਿਲੀ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਉਸ ਨੇ ਆਪਣੇ ਨਾਮ ਲੇਵਾ ਨੂੰ ਇਕੱਤਰ ਕੀਤਾ ਤੇ ਕਿਹਾ, "ਮੇਰੇ ਪਿਤਾ ਨੂੰ ਦਿੱਲੀ ਵਿਚ ਕਤਲ ਕਰ ਦਿੱਤਾ ਗਿਆ ਹੈ, ਮੈਂ ਬਾਪ ਦਾ ਬਦਲਾ ਜ਼ਰੂਰ ਲਵਾਂਗਾ। ਹੁਣ ਜਦੋਂ (ਮੇਰੇ ਪਿਤਾ ਦੇ) ਸਰੀਰ ਨੂੰ ਉਨ੍ਹਾਂ ਨੂੰ ਲੁਕੋ ਕੇ ਰੱਖਿਆ ਹੈ, ਤੁਹਾਡੇ ਵਿਚੋਂ ਜਿਹੜਾ ਬਹਾਦਰ ਹੈ। ਉਹ ਜਾਵੇ ਤੇ ਉਹਨਾਂ ਦੇ ਸੀਸ ਨੂੰ ਲੈ ਆਵੇ। ਇਕ ਜਣਾ ਉਠਿਆ, ਕਮਰ ਕਸਾ ਕੀਤਾ ਅਤੇ ਦਿੱਲੀ ਵੱਲ ਟੁਰ ਪਿਆ। ਉਥੇ ਉਹ ਮੱਖਣ ਸ਼ਾਹ ਦੇ ਘਰ ਠਹਿਰਿਆ। ਉਸ ਨੇ (ਗੁਰੂ ਸਾਹਿਬ ਦੀ) ਦੇਹ ਨੂੰ ਲਿਆ ਕੇ ਮੱਖਣ ਸ਼ਾਹ ਦੇ ਹਵਾਲੇ ਕਰ ਦਿੱਤਾ ਅਤੇ ਸਿਰ ਆਪਣੇ ਨਾਲ ਗੁਰੂ ਜੀ ਕੋਲ ਲੈ ਗਿਆ। ਗੁਰੂ ਸਾਹਿਬ ਦਾ ਸਿਰ ਜਦੋਂ ਮਾਖੋਵਾਲ ਪਹੁੰਚਿਆ ਤਾਂ ਗੋਬਿੰਦ ਸਿੰਘ ਰੋ ਪਿਆ। ਉਸ ਦਾ ਸਸਕਾਰ ਕੀਤਾ ਤੇ ਗੁਰੂ ਸਾਹਿਬ ਦੀ ਮੜ੍ਹੀ ਮਾਖੋਵਾਲ ਅੰਦਰ ਬਣਾਈ। ਲੁਧਿਆਣੇ ਦੇ ਵਾਸੀ ਬੂਟੇ ਸ਼ਾਹ ਨੇ 'ਤਵਾਰੀਖ ਪੰਜਾਬ' 1848 ਵਿਚ ਲਿਖੀ। ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਬਾਰੇ ਆਪਣੀ ਪੁਸਤਕ ਵਿਚ ਵਰਣਨ ਕਰਦਿਆਂ ਉਹ ਲਿਖਦਾ ਹੈ:



"ਉਸ ਰੰਘਰੇਟੇ ਤੋਂ ਗੁਰੂ ਸਾਹਿਬ ਨੇ ਪੁੱਛਿਆ ਕਿ ਤੇਰੇ ਦਿਲ ਵਿਚ ਕੀ ਇੱਛਾ ਹੈ? ਜੋ ਵੀ ਹੈ ਦਸ ਤਾਂ ਕਿ ਬਿਨਾਂ ਕਿਸੇ ਝਿਜਕ ਦੇ ਤੂੰ ਉਸ ਨੂੰ ਪਾ ਲਵੇ। ਉਸ ਘੜੀ ਵਿਚ ਉਸ ਰੰਘਰੇਟੇ ਨੇ ਅਰਜ਼ ਕੀਤੀ ਕਿ ਜੇ ਗੁਰੂ ਦੀ ਮਿਹਰ ਇਸ ਨਿਮਾਣੇ ਉਪਰ ਹੋਈ ਤਾਂ ਇਸ ਸੇਵਕ ਨੂੰ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਕਰਨ ਦੀ ਆਗਿਆ ਹੋਵੇ। ਗੁਰੂ ਸਾਹਿਬ ਨੇ ਫੁਰਮਾਇਆ ਕਿ ਉਸ ਦੀ ਬੇਨਤੀ ਅਨੁਸਾਰ ਉਸ ਨੂੰ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਦੀ ਆਗਿਆ ਹੋਵੇਗੀ। ਉਸ ਦੇ ਰਸਤੇ ਵਿਚ ਕੋਈ ਰੋਕ ਨਹੀਂ ਪਾਵੇਗਾ। ਗੁਰੂ ਦੇ ਦੂਜੇ ਨਾਮ ਲੇਵਾ ਤੇ ਸਿੱਖਾਂ ਨੇ ਜਿਹੜੇ ਉਸ ਵੇਲੇ ਉਥੇ ਮੌਜੂਦ ਸਨ, ਬੇਨਤੀ ਕੀਤੀ ਕਿ ਅੰਮ੍ਰਿਤਸਰ ਦੇ ਸਰੋਵਰ ਵਿਚ ਬ੍ਰਾਹਮਣ, ਖਤਰੀ ਆਦਿ ਜਾਤੀਆਂ ਦੇ ਲੋਕ ਇਸ਼ਨਾਨ ਕਰਦੇ ਹਨ। ਇਨ੍ਹਾਂ ਰੰਘਰੇਟਿਆਂ ਦੇ ਇਸ਼ਨਾਨ ਕਰਨ ਨਾਲ ਦੁਨੀਆਂ ਦੇ ਸਾਰੇ ਕਾਰਜਾਂ ਦਾ ਸ਼ੀਰਾਜਾ ਖਿੰਡ ਪੁੰਡ ਜਾਵੇਗਾ। ਗੁਰੂ ਸਾਹਿਬ ਦੀ ਆਗਿਆ ਦੇ ਬੱਧੇ ਹੋਏ ਹਾਂ, ਇਸ ਲਈ ਜੋ ਹੁਕਮ ਵੀ ਆਪ ਵੱਲੋਂ ਜਾਰੀ ਕੀਤਾ ਜਾਵੇਗਾ ਅਸੀਂ ਉਸ ਨੂੰ ਪੂਰਾ ਕਰਨ ਵਿਚ ਆਪਣੇ ਵੱਡੇ ਭਾਗ ਮੰਨਾਂਗੇ। ਗੁਰੂ ਸਾਹਿਬ ਨੇ ਫੁਰਮਾਇਆ ਕਿ ਰੰਘਰੇਟਿਆਂ ਦਾ ਇਕ ਬੁੰਗਾ ਇਕ ਮਕਾਨ ਵਿਚ ਬਣਾ ਦਿੱਤਾ ਜਾਵੇ। ਫਲਸਰੂਪ ਅੰਮ੍ਰਿਤਸਰ ਦੇ ਦੱਖਣ ਵੱਲ ਬੇਰੀ ਦੇ ਥੱਲੇ, ਦੁੱਖ ਭੰਜਣੀ ਦੇ ਨੇੜੇ, ਰੰਘਰੇਟਿਆਂ ਦਾ ਬੁੰਗਾ ਬਣਿਆ ਹੋਇਆ ਹੈ। ਸਾਰੇ ਉਥੇ ਪਹੁੰਚ ਕੇ ਇਸ਼ਨਾਨ ਕਰਦੇ ਹਨ। ਉਸ ਦਿਨ ਤੋਂ ਉਹ ਗੁਰੂ ਸਾਹਿਬ ਦੇ ਸੇਵਕਾਂ ਦੀ ਲੜੀ ਵਿਚ ਪਰੁਚੇ ਹੋਏ ਹਨ। ਸਿੱਖ ਹੁਣ ਤੱਕ ਭੰਗੀਆਂ ਦੀ ਇਸ ਕੌਮ ਨੂੰ 'ਰੰਘਰੇਟਾ' ਆਖਦੇ ਹਨ। ਇਸ ਤੋਂ ਇਲਾਵਾ 1811 ਦੇ ਲਾਗੇ ਦਾਗੇ ਖੁਸ਼ਵਕਤ ਰਾਏ ਦੀ ਫਾਰਸੀ ਪੁਸਤਕ ਤਵਾਰੀਖ ਸਿੱਖਾਂ ਅਤੇ ਅਲਾਉਦੀਨ ਲਿਖਤ 'ਇਬਾਰਤਨਾਮਾ' ਵਿਚ ਭਾਈ ਜੈਤਾ ਦੀ ਇਸ ਬਹਾਦਰੀ ਦਾ ਵਰਣਨ ਹੈ ਪਰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਨਵੀਂ ਲੱਭਤ 'ਭੱਟ ਵਹੀਆਂ' ਵਿਚ ਮਿਲਦੇ ਨਵੇਂ ਤੱਥਾਂ ਤੋਂ ਬਿਨਾਂ ਭਾਈ ਜੈਤਾ ਬਾਰੇ ਵੀ ਨਵੇਂ ਤੱਥ ਸਾਹਮਣੇ ਆਏ ਹਨ, ਜਿਹਨਾਂ ਤੋਂ ਸਪਸ਼ਟ ਜਾਪਦਾ ਹੈ ਕਿ ਭਾਈ ਜੈਤਾ ਜੋ ਗੁਰੂ ਜੀ ਦਾ ਅਨਿਨ ਸਿੱਖ ਸੀ, ਦਿੱਲੀ ਦਾ ਰਹਿਣ ਵਾਲਾ ਸੀ। ਉਹ ਦਿਲਵਾਲੀ ਮੁਹੱਲੇ ਦਾ ਵਾਸੀ ਸੀ, ਜਿੱਥੇ ਵਧੇਰੇ ਕਰਕੇ ਰੰਘਰੇਟੇ ਸਿੱਖ ਰਹਿੰਦੇ ਸਨ। ਇਸ ਮੁਹੱਲੇ ਵਿਚ ਹੀ ਭਾਈ ਕਲਿਆਣ ਦੀ ਧਰਮਸ਼ਾਲਾ ਸੀ, ਜਿੱਥੇ ਕਿ ਸਾਰੇ ਗੁਰੂ ਸਾਹਿਬ ਦਿੱਲੀ ਜਾਣ ਸਮੇਂ ਰਿਹਾਇਸ਼ ਕਰਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਨਾਲ ਹੀ ਇਹ ਫੁਰਮਾਨ ਵੀ ਜਾਰੀ ਕਰ ਦਿੱਤਾ ਗਿਆ ਕਿ ਜੇ ਕੋਈ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਹੱਥ ਲਾਇਗਾ, ਉਸ ਦਾ ਵੀ ਹਸ਼ਰ ਜੋ ਗੁਰੂ ਤੇਗ ਬਹਾਦਰ ਨਾਲ ਹੋਇਆ ਹੈ। ਇਤਿਹਾਸ ਦਾ ਅਧਿਐਨ ਕਰਨ ਵਾਲੇ ਇਹ ਹੈਰਾਨੀ ਨਾਲ ਪੜ੍ਹਦਾ ਹੈ ਕਿ ਸਾਰੀ ਦਿੱਲੀ ਵਿਚ ਇਕ ਵੀ ਜੁਰਅਤ ਵਾਲਾ ਇਨਸਾਨ ਨਾ ਨਿਕਲਿਆ ਜੋ ਗੁਰੂ ਤੇਗ ਬਹਾਦਰ ਜੀ ਦੇ ਮ੍ਰਿਤਕ ਸਰੀਰ ਨੂੰ ਉਠਾਉਣ ਦੀ ਦਲੇਰੀ ਕਰਦਾ। ਉਹ ਹੀ ਦਿੱਲੀ ਜੋ ਕੁਝ ਦਿਨ ਪਹਿਲਾਂ ਸਿੱਖ ਹੋਣ ਦਾ ਦਮ ਭਰਦੀ ਸੀ। ਕਈ ਸਾਖੀਕਾਰਾਂ ਦੇ ਕਥਨ ਅਨੁਸਾਰ ਪ੍ਰਸ਼ਾਦ ਛਕਣ ਦੀ ਵੀ ਗੁਰੂ ਜੀ ਨੂੰ ਵਾਰੀ ਨਹੀਂ ਸੀ ਆਉਂਦੀ ਪਰ ਉਸੇ ਹੀ ਦਿੱਲੀ ਵਿਚ ਇਕ ਵੀ ਸਿੱਖ ਨਾ ਨਿਕਲਿਆ ਜੋ ਗੁਰੂ ਜੀ ਦਾ ਸਿੱਖ ਹੋਣ ਦਾ ਦਾਅਵਾ ਕਰਦਾ ਤੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨ ਲਈ ਅੱਗੇ ਵਧਦਾ। ਭਾਈ ਜੈਤਾ ਨੇ ਹੀ ਸਿੱਖੀ ਦੀ ਲਾਜ ਰੱਖੀ, ਜਾਨ ਤਲੀ 'ਤੇ ਰੱਖ ਕੇ ਉਹ ਚਾਂਦਨੀ ਚੌਕ ਪੁੱਜਾ ਤੇ ਗੁਰੂ ਜੀ ਦਾ ਸੀਸ ਬੜੇ ਸਤਿਕਾਰ ਨਾਲ ਉਠਾ ਕੇ ਆਨੰਦਪੁਰ ਪੁੱਜਾ। ਖ਼ਾਲਸੇ ਦੀ ਸਾਜਨਾ ਤੋਂ ਪਹਿਲਾਂ ਇਸ ਅਦੁੱਤੀ ਕਾਰਨਾਮੇ ਨੂੰ ਕਰਨ ਵਾਲੇ ਭਾਈ ਜੈਤਾ ਨੂੰ ਗੁਰੂ ਜੀ ਨੇ ਆਪਣੇ ਗਲ ਲਾਇਆ ਤੇ ਗਰਜ ਕੇ ਬੋਲੇ ਕਿ ਹੁਣ ਮੈਂ ਐਸਾ ਸਿੱਖ ਪੈਦਾ ਕਰਾਂਗਾ ਜੋ ਲੱਖਾਂ ਵਿਚ ਖਲੋਤਾ ਹੀ ਪਛਾਣਿਆ ਜਾਵੇਗਾ। ਇਹ ਘਟਨਾ ਸਰ ਜਾਦੂ ਨਾਥ ਸਰਕਾਰ ਦੇ ਸ਼ਬਦਾਂ ਵਿਚ 'ਖਾਲਸੇ' ਦੇ ਜਨਮ ਦਾ ਮੁੱਢ ਬਣੀ। ਖਾਲਸੇ ਦੀ ਸਾਜਨਾ ਸਮੇਂ ਇਹ ਸਾਰੇ ਰੰਘਰੇਟੇ ਗੁਰੂ ਜੀ ਤੋਂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ ਤੇ ਗੁਰੂ ਜੀ ਦੀ ਆਗਿਆ ਅਨੁਸਾਰ ਵਫਾਦਾਰ, ਸਿਪਾਹੀਆਂ ਵਾਂਗ ਦੇਸ਼ ਧਰਮ ਦੀ ਰਾਖੀ ਕਰਕੇ ਮੁਗਲਾਂ ਨਾਲ ਲੋਹਾ ਲੈਂਦੇ ਸਮੇਂ ਸ਼ਹੀਦ ਹੋ ਗਏ।

**ਧੰਨਵਾਦ ਸਹਿਤ 'ਕੌਮੀ ਉਡਾਰੀਆਂ' ਜਲੰਧਰ**

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ






**ਫਰਿਜ਼ਨੋ (ਅਮਰ ਦੜੌਚ)-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਸਮੂਹ ਸੰਗਤਾਂ ਦੇ ਸੰਪੂਰਨ ਸਹਿਯੋਗ ਸਦਕਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਗੁਰੂ ਘਰ ਵਿਖੇ 13 ਸਤੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ। ਇਸ ਸਬੰਧਤ ਐਤਵਾਰ ਵਾਲੇ ਦਿਨ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਇਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਤੋਂ ਇਲਾਵਾ ਭਾਈ ਹਰਬਲਾਸ ਸਿੰਘ ਜੀ, ਭਾਈ ਗੁਰਦੇਵ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ ਨੇ ਜਿੱਥੇ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰ ਪੂਰਵਕ ਚਾਨਣ ਪਾਇਆ, ਉਥੇ ਉਹਨਾਂ ਰਸ ਭਿੰਨਾ ਸ਼ਬਦ ਗਾਇਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਜੀ ਨੇ ਬਾਬਾ ਜੀਵਨ ਸਿੰਘ ਬਾਰੇ ਦੱਸਦਿਆਂ ਗੀਤ ਗਾਏ, ਜਿਸ ਨੂੰ ਸੰਗਤਾਂ ਨੇ ਮਨ ਚਿੱਤ ਲਗਾ ਕੇ ਸਰਵਣ ਕੀਤਾ। ਇਸ ਉਪਰੰਤ ਗੁਰੂ ਦੇ ਅਤੁੱਟ ਕੜਾਹ ਪ੍ਰਸ਼ਾਦ ਤੇ ਲੰਗਰ ਵਰਤਾਏ ਗਏ।

ਅੱਜ ਦੇ ਪ੍ਰੋਗਰਾਮ ਦੀ ਸੇਵਾ ਅਮਰ ਦੜੌਚ ਨੇ ਬਾਖੂਬੀ ਨਾਲ ਨਿਭਾਉਂਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਾਨੂੰ ਆਪਣੇ ਰਹਿਬਰਾਂ ਦੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ।




# ਯੂਬਾ ਸਿਟੀ ਲਾਗਲੇ ਗੁਰੂਘਰ ਬਾਬਾ ਬੁੱਢਾ ਸਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ

**ਯੂਬਾ ਸਿਟੀ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਸਥਾਨਿਕ ਸੰਗਤ ਵੱਲੋਂ ਯੂਬਾ ਸਿੱਟੀ ਲਾਗਲੇ ਬਾਬਾ ਬੁੱਢਾ ਜੀ ਦੇ ਗੁਰਦੁਆਰਾ ਸਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਉਤਸਵ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਸਹਿਬ ਦੇ ਭੋਗ ਪਾਉਣ ਉਪਰੰਤ ਦੀਵਾਨ ਸਜਾਏ ਗਏ ਜਿਸ ਦੌਰਾਨ ਭਾਈ ਦੀਪ ਸਿੰਘ ਸਾਗਰ ਦੇ ਰਾਗੀ ਜਥੇ ਅਤੇ ਯੂਬਾ ਸਿਟੀ ਦੇ ਬੱਚਿਆ ਨੇ ਕੀਰਤਨ ਕਰਕੇ ਸੰਗਤਾ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਨੇ ਬਾਬਾ ਬੁੱਢਾ ਜੀ ਦੇ ਜੀਵਨ ਅਤੇ ਗੁਰੂ ਗ੍ਰੰਥ ਸਹਿਬ ਬਾਰੇ ਗੁਰਮਿਤ ਵਿਚਾਰ ਕਰਦਿਆ ਸਬਦ ਦੀ ਸਾਝ ਪਾਈ। ਪ੍ਰਵਿੰਦਰ ਸਿੰਘ ਔਜਲਾ ਨੇ ਆਈਆ ਸੰਗਤਾ ਦਾ ਧੰਨਵਾਦ ਕੀਤਾ। ਤਿੰਨੇ ਦਿਨ ਹੀ ਸੰਗਤਾ ਨੇ ਤਨੋ ਮਨੋ ਖੂਬ ਸੇਵਾ ਨਿਭਾਈ।




# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ










**ਫਰਿਜ਼ਨੋ-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਬੁਲਾਰਿਆਂ ਅਤੇ ਰਾਗੀ-ਢਾਡੀ ਵੀਰਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਚਾਨਣਾ ਪਾਇਆ।

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ 13 ਸਤੰਬਰ ਨੂੰ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਵਸ ਮਨਾਇਆ। ਇਸ ਮੌਕੇ ਹਾਜ਼ਰ ਸੰਗਤਾਂ ਨੇ ਰਸਭਿੰਨੇ ਕੀਰਤਨ ਅਤੇ ਗੁਰਬਾਣੀ ਦੀਆਂ ਸਿੱਖਿਆਵਾਂ ਅਤੇ ਸ਼ਹੀਦਾਂ ਦਾ ਸਿੱਖ ਸਮਾਜ ਅਤੇ ਆਮ ਸਮਾਜ ਲਈ ਯੋਗਦਾਨ ਬਾਰੇ ਬੁਲਾਰਿਆਂ ਨੇ ਭਰਪੂਰ ਚਾਨਣਾ ਪਾਇਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਦੇਸ਼ ਦੁਆਬਾ

# ਮਹਾਨ ਅਧਿਆਪਕ ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ

ਭਾਰਤ ਵਿਚ ਸਿੱਖਿਆ ਦੀ ਹਾਲਤ ਅੱਜ ਵੀ ਬਹੁਤ ਤਰਸਯੋਗ ਹੈ ਅਤੇ ਇਸ ਤੋਂ ਪਹਿਲਾਂ ਵੀ ਬਹੁਤ ਮਾੜੇ ਹਾਲਾਤ ਰਹੇ ਹਨ। ਭਾਰਤ ਦੀ 90 ਫੀਸਦੀ ਤੋਂ ਜ਼ਿਆਦਾ ਆਬਾਦੀ ਨੂੰ ਵਧੀਆ ਸਿੱਖਿਆ ਨਹੀਂ ਮਿਲਦੀ, ਜ਼ਿਆਦਾਤਰ ਬੱਚੇ ਤਾਂ ਸਕੂਲਾਂ ਵਿਚ ਜਾ ਨਹੀਂ ਪਾਉਂਦੇ, ਜਿਹੜੇ ਜਾਂਦੇ ਹਨ, ਉਹ ਵੀ ਦੋ-ਚਾਰ ਕਲਾਸਾਂ ਪੜ੍ਹ ਕੇ ਵਿਚਾਲੇ ਹੀ ਸਿੱਖਿਆ ਛੱਡ ਦਿੰਦੇ ਹਨ। ਭਾਰਤ ਵਿਚ ਸਿੱਖਿਆ ਨੂੰ ਆਮ ਆਦਮੀ ਅਤੇ ਗਰੀਬ ਤਬਕੇ ਤੱਕ ਪਹੁੰਚਾਉਣ ਲਈ ਕਈ ਮਹਾਨ ਸ਼ਖਸੀਅਤਾਂ ਨੇ ਕੰਮ ਕੀਤਾ, ਜਿਹਨਾਂ ਵਿਚੋਂ ਜਯੋਤੀਰਾਓ ਅਤੇ ਸਵਿੱਤਰੀਬਾਈ ਫੂਲੇ ਨੇ ਮਹਾਨ ਯੋਗਦਾਨ ਦਿੱਤਾ। ਸ੍ਰੀ ਫੂਲੇ ਨੇ 1 ਜਨਵਰੀ 1848 ਵਿਚ ਭਾਰਤ ਵਿਚ ਕੁ-ੜੀਆਂ ਦੇ ਲਈ ਪਹਿਲਾ ਸਕੂਲ ਖੋਲ੍ਹਿਆ। ਇਸ ਤੋਂ ਬਾਅਦ ਉਹਨਾਂ ਨੇ ਪੂਨੇ ਵਿਚ 1848 ਵਿਚ ਉਹਨਾਂ ਲੋਕਾਂ ਦੇ ਲਈ ਸਕੂਲ ਖੋਲ੍ਹਿਆ, ਜਿਹੜੇ ਬਚਪਨ ਵਿਚ ਸਿੱਖਿਆ ਤੋਂ ਵਾਂਝੇ ਰਹਿ ਗਏ। ਫੂਲੇ ਪਰਿਵਾਰ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਉਸ ਵਕਤ ਦੀ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਬੈਸਟ ਟੀਚਰ ਦਾ ਸਨਮਾਨ ਦਿੱਤਾ। ਜਯੋਤੀਰਾਓ ਫੂਲੇ ਨੇ ਸਿੱਖਿਆ ਦੇ ਨਾਲ ਨਾਲ ਬਰਾਬਰੀ, ਸਮਾਜ ਵਿਚ ਸਹਿਹੋਂਦ, ਛੂਤ ਛਾਤ ਦੇ ਖਾਤਮੇ ਦੇ ਲਈ ਲੰਮਾ ਸੰਘਰਸ਼ ਕੀਤਾ। ਉਹਨਾਂ ਨੇ ਔਰਤਾਂ ਦੀ ਸਿੱਖਿਆ ਨੂੰ ਵਿਸ਼ੇਸ਼ ਅਹਿਮੀਅਤ ਦਿੰਦਿਆਂ ਲੜਕੀਆਂ ਲਈ ਸਕੂਲ ਖੋਲ੍ਹੇ। ਉਹਨਾਂ ਨੇ ਗਰੀਬ ਤਬਕੇ ਅਤੇ ਖਾਸ ਕਰਕੇ ਲੇਬਰ ਕਲਾਸ ਦੇ ਲਈ 1855 ਵਿਚ ਨਾਈਟ ਸਕੂਲ ਆਰੰਭ ਕੀਤਾ। 1855 ਵਿਚ ਉਹਨਾਂ ਨੇ ਕਿਸਾਨਾਂ ਦੇ ਲਈ ਇਕ ਨਾਈਟ ਯਾਨਿ ਰਾਤ ਦਾ ਸਕੂਲ ਖੋਲ੍ਹਿਆ। ਫੂਲੇ ਪਰਿਵਾਰ ਨੇ ਆਪਣਾ ਸਾਰਾ ਜੀਵਨ ਸਿੱਖਿਆ ਨੂੰ ਸਮਰਪਿਤ ਕੀਤਾ ਅਤੇ ਸਮਾਜ ਦੇ ਹਰ ਵਰਗ ਤੱਕ ਸਿੱਖਿਆ ਦਾ ਪਸਾਰਾ ਕਰਨ ਲਈ ਸੰਘਰਸ਼ ਕੀਤਾ। ਫੂਲੇ ਪਰਿਵਾਰ ਨੇ ਸਿੱਖਿਆ ਨੂੰ ਸਸਤੀ ਅਤੇ ਅਤੇ ਆਮ ਆਦਮੀ ਦੀ ਪਹੁੰਚ ਵਿਚ ਲਿਆਉਣ ਲਈ ਸਰਕਾਰ, ਸਮਾਜ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਲਈ। ਅੱਜ ਉਹਨਾਂ ਦੇ ਸੁਪਨਿਆਂ ਦੇ ਉਲਟ ਫਿਰ ਚੰਗੀ ਸਿੱਖਿਆ ਇਕ ਸੀਮਤ ਵਰਗ ਵੱਲ ਮੁੜਦੀ ਜਾ ਰਹੀ ਹੈ। ਮਹਿੰਗੀ ਅਤੇ ਅਸਮਾਨਤਾ ਦੀ ਭਾਵਨਾ ਪੈਦਾ ਕਰਨ ਵਾਲੀ ਸਿੱਖਿਆ ਪ੍ਰਣਾਲੀ ਦੇ ਵਿਸਥਾਰ ਨੂੰ ਰੋਕਣ ਦੇ ਲਈ ਹਾਲ ਹੀ ਵਿਚ ਭਾਰਤ ਦੀ ਇਕ ਅਦਾਲਤ ਨੇ ਬਹੁਤ ਵਧੀਆ ਫੈਸਲਾ ਦਿੱਤਾ ਹੈ। ਇਲਾਹਾਬਾਦ ਹਾਈਕੋਰਟ ਨੇ ਇਕ ਮਹੱਤਵਪੂਰਨ ਫੈਸਲੇ ਵਿਚ ਇਹ ਕਿਹਾ ਕਿ ਸਰਕਾਰੀ ਕਰਮਚਾਰੀਆਂ ਨੂੰ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ ਨਹੀਂ ਭੇਜਣਾ ਚਾਹੀਦਾ, ਸਰਕਾਰੀ ਸਕੂਲਾਂ ਵਿਚ ਹੀ ਪੜ੍ਹਾਉਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਜੱਜ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ, ਸਿਆਸਤਦਾਨ ਅਤੇ ਅਫਸਰ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜਣ। ਇਸ ਫੈਸਲੇ ਤੋਂ ਅਦਾਲਤ ਦਾ ਭਾਵ ਇਹ ਸੀ ਕਿ ਸੱਤਾ ਦੇ ਸਿਖਰ ਤੇ ਬੈਠੇ, ਮੁਲਕ ਨੂੰ ਚਲਾਉਣ ਵਾਲੇ ਲੋਕਾਂ ਨੂੰ ਪਤਾ ਲੱਗੇ ਕਿ ਇਕ ਗਰੀਬ ਅਤੇ ਆਮ ਆਦਮੀ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀਆਂ ਕੀ ਮੁਸ਼ਕਿਲਾਂ ਹਨ। ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ ਨੇ ਆਪਣਾ ਸਾਰਾ ਜੀਵਨ ਹੀ ਇਸ ਵਰਗ ਦੇ ਬੱਚਿਆਂ ਨੂੰ ਅੱਗੇ ਲਿਆਉਣ ਲਈ ਲਗਾਇਆ। ਅਜਿਹੇ ਮਹਾਨ ਸਿੱਖਿਆ ਸ਼ਾਸਤਰੀਆਂ ਨੂੰ ਸਾਡਾ ਕੋਟਿ-ਕੋਟਿ ਪ੍ਰਣਾਮ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕਾਂ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬ ਕਾਂਗਰਸ ਵਿੱਚ ਫੁੱਟ : ਕੀ ਕਾਂਗਰਸ ਹਾਈ ਕਮਾਂਡ ਵੀ ਜ਼ਿਮੇਂਦਾਰ ਨਹੀਂ?



ਜਸਵੰਤ ਸਿੰਘ 'ਅਜੀਤ'
91-95827-198 90

ਪੰਜਾਬ ਦੀ ਰਾਜਨੀਤੀ ਦੀ ਨੇੜਿਉਂ ਘੋਖ ਕਰਨ ਵਾਲੇ ਰਾਜਸੀ ਮਾਹਿਰਾਂ ਦਾ ਜਿੱਥੇ ਇੱਕ ਵਰਗ ਇਹ ਮੰਨਦਾ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੁੱਧ ਸਰਗਰਮ ਚਲੀਆਂ ਆ ਰਹੀਆਂ ਪਾਰਟੀਆਂ, ਕਾਂਗ੍ਰਸ, ਆਮ ਆਦਮੀ ਪਾਰਟੀ (ਆਪ), ਵੱਖ-ਵੱਖ ਅਕਾਲੀ ਗੁਟਾਂ ਆਦਿ ਵਿੱਚ ਜੋ ਖਤਮ ਨਾ ਹੋ ਪਾਣ ਵਾਲੀ ਫੁਟ ਚਲੀ ਆ ਰਹੀ ਹੈ, ਉਸਦੇ ਪਿੱਛੇ ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦੀ ਰਾਜਸੀ ਸੂਝ-ਬੂਝ ਪੁਰ ਅਧਾਰਤ ਰਣਨੀਤੀ ਕੰਮ ਕਰ ਰਹੀ ਹੈ। ਇਸ ਵਰਗ ਦੇ ਰਾਜਸੀ ਮਾਹਿਰਾਂ ਅਨੁਸਾਰ ਸ. ਬਾਦਲ ਦੇ ਸਮੁੱਚੇ ਰਾਜਨੀਤਿਕ ਸਫਰ ਪੁਰ ਝਾਤ ਮਾਰਿਆਂ ਇਹ ਗਲ ਸਪਸ਼ਟ ਹੋ ਜਾਂਦੀ ਹੈ। ਉਥੇ ਹੀ ਰਾਜਸੀ ਮਾਹਿਰਾਂ ਦੇ ਦੂਸਰੇ ਗੁਟ ਦਾ ਦਾਅਵਾ ਹੈ ਕਿ ਘੱਟੋ ਘੱਟ ਪੰਜਾਬ ਕਾਂਗ੍ਰਸ ਵਿੱਚ ਜੋ ਫੁੱਟ ਚਲੀ ਆ ਰਹੀ ਹੈ, ਉਸਦੇ ਪਿੱਛੇ ਜਿੱਥੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਰਾਜਸੀ ਰਣਨੀਤੀ ਆਪਣੀ ਭੂਮਿਕਾ ਨਿਭਾ ਰਹੀ ਹੈ, ਉਥੇ ਹੀ ਇਸਦੇ ਲਈ ਕਾਂਗ੍ਰਸ ਹਾਈ ਕਮਾਨ ਦੇ ਇੱਕ ਵਰਗ ਦੀ ਸੋਚ ਵੀ ਕੰਮ ਕਰ ਰਹੀ ਹੈ। ਇਸ ਵਰਗ ਦੇ ਰਾਜਸੀ ਮਾਹਿਰਾਂ ਦੇ ਅਨੁਸਾਰ ਕਾਂਗ੍ਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਨੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਪੁਰ ਬਿਠਾ, ਭਾਵੇਂ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਦੇ ਦਿਲ ਵਿੱਚ ਸਿੱਖਾਂ ਪ੍ਰਤੀ ਕੋਈ ਮੰਦ-ਭਾਵਨਾ ਨਹੀਂ ਹੈ। ਪ੍ਰੰਤੂ ਸੱਚਾਈ ਤਾਂ ਇਹੀ ਰਹੀ ਕਿ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਣਾ, ਉਨ੍ਹਾਂ ਦੀ ਮਜਬੂਰੀ ਸੀ, ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਪਾਰਟੀ ਵਿੱਚ ਉਨ੍ਹਾਂ ਨਾਲੋਂ ਵੱਧ ਨੇਕ, ਈਮਾਨਦਾਰ ਅਤੇ ਵਫਾਦਾਰ-ਭਰੋਸੇਯੋਗ ਹੋਰ ਕੋਈ ਨਹੀਂ ਸੀ, ਜਿਸ ਪੁਰ ਉਹ ਅੱਖਾਂ ਬੰਦ ਕਰ ਭਰੋਸਾ ਕਰ ਸਕਦੇ।

ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਉਨ੍ਹਾਂ (ਸ਼੍ਰੀਮਤੀ ਸੋਨੀਆ ਗਾਂਧੀ) ਦੇ ਵਿਸ਼ਵਾਸ ਦੇ ਬਾਵਜੂਦ ਕਾਂਗ੍ਰਸ ਵਿੱਚ ਇੱਕ ਅਜਿਹਾ ਸਿੱਖ-ਵਿਰੋਧੀ ਗੁਟ ਸਰਗਰਮ ਚਲਦਾ ਆਇਆ, ਜੋ ਆਪਣੀ ਸੋਚ ਨੂੰ ਬਹੁਤੇ ਸਮੇਂ ਤਕ ਦਬਾ ਕੇ ਨਹੀਂ ਰਖ ਸਕਿਆ। ਉਹ ਸਮੇਂ-ਸਮੇਂ ਦਬੀ ਜ਼ਬਾਨ ਵਿੱਚ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਦਾ ਵਿਰੋਧ ਕਰ, ਲਗਾਤਾਰ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕਰਦਾ ਰਿਹਾ, ਕਿ ਉਹ ਡਾ. ਮਨਮੋਹਨ ਸਿੰਘ ਦੀ ਅਗਵਾਈ ਤੋਂ ਸੰਤੁਸ਼ਟ ਨਹੀਂ। ਦਸ ਵਰ੍ਹਿਆਂ ਦੇ ਸੱਤਾ-ਕਾਲ ਦੇ ਅੰਤਿਮ ਸਮੇਂ ਵਿੱਚ ਤਾਂ ਉਹ ਗੁਟ ਖੁਲ੍ਹ ਕੇ ਉਨ੍ਹਾਂ ਵਿਰੁਧ ਸਾਹਮਣੇ ਆ ਗਿਆ। ਉਸਦੀ ਇਸ ਸੋਚ ਦਾ ਖੁਲਾਸਾ ਉਸ ਸਮੇਂ ਹੋਇਆ, ਜਦੋਂ ਇੱਕ ਪਤ੍ਰਕਾਰ ਸੰਮੇਲਨ ਵਿੱਚ ਕਾਂਗ੍ਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਨੇ ਡਾ. ਮਨਮੋਹਨ ਸਿੰਘ ਸਰਕਾਰ ਦੇ ਇੱਕ ਬਿਲ ਦੇ ਦਸਤਾਵੇਜ਼ਾਂ ਨੂੰ ਟੁਕੜੇ-ਟੁਕੜੇ ਕਰ ਪਤ੍ਰਕਾਰਾਂ ਸਾਹਮਣੇ ਸੁੱਟ ਦਿੱਤਾ। ਇਹ ਰਾਜਸੀ ਮਾਹਿਰ ਇਹ ਮੰਨਦਿਆਂ ਹੋਇਆਂ ਵੀ ਕਿ ਪੰਜਾਬ ਕਾਂਗ੍ਰਸ ਵਿੱਚ ਫੁਟ ਨੂੰ ਕਾਇਮ ਰੱਖੀ ਰੱਖਣਾ, ਹਾਲਾਂਕਿ ਸਮੁਚੇ ਰੂਪ ਵਿੱਚ ਕਾਂਗ੍ਰਸ ਦੇ ਆਪਣੇ ਹਿਤ ਵਿੱਚ ਵੀ ਨਹੀਂ, ਫਿਰ ਵੀ ਪਾਰਟੀ ਹਾਈ ਕਮਾਂਡ ਦੇ ਇੱਕ ਗੁਟ ਦੀ ਪੰਜਾਬ ਅਤੇ ਸਿੱਖ-ਵਿਰੋਧੀ ਸੋਚ ਦੇ ਚਲਦਿਆਂ, ਪੰਜਾਬ ਕਾਂਗ੍ਰਸ ਦੇ ਸੀਨੀਅਰ ਆਗੂਆਂ, ਜੋ ਕਿ ਸਿੱਖ ਹਨ, ਵਲੋਂ ਇੱਕ-ਦੂਸਰੇ ਵਿਰੁਧ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਲਗਾਮ ਨਾ ਲਾਏ ਜਾਣ ਨੂੰ, ਆਪਣੇ ਦਾਅਵੇ ਦੇ 'ਸਬੂਤ' ਵਜੋਂ ਪੇਸ਼ ਕਰਦੇ ਹਨ।

ਨਵੰਬਰ-84 ਦੀ ਯਾਦਗਾਰ : ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਤਮਾਨ ਪ੍ਰਬੰਧਕਾਂ ਵਲੋਂ, ਗੁਰਦੁਆਰਾ ਕਮੇਟੀ ਦੀ ਸੇਵਾ-ਸੰਭਾਲ ਦੀ ਜ਼ਿਮੇਂ-ਦਾਰੀ ਸੰਭਾਲਦਿਆਂ ਹੀ ਨਵੰਬਰ-84 ਦੇ ਸਿੱਖ ਕਤਲੇਆਮ ਦੀ ਯਾਦਗਾਰ ਕਾਇਮ ਕਰਨ ਦੇ ਆਪਣੇ ਵਾਇਦੇ ਨੂੰ ਪੂਰਿਆਂ ਕਰਨ ਲਈ ਵਿਵਾਦਾਂ ਅਤੇ ਵਿਰੋਧਾਂ ਦੌਰਾਨ ਹੀ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿੱਚ ਨੀਂਹ ਪੱਥਰ ਰਖਵਾਣ ਦੀ ਰਸਮ ਅਦਾ ਕਰਵਾ ਲਈ ਗਈ। ਨੀਂਹ ਪੱਥਰ ਰਖੇ ਜਾਣ ਤੋਂ ਬਾਅਦ ਕਿਤਨਾ-ਕੁ ਕੰਮ ਅੱਗੇ ਵਧਿਆ? ਕੋਈ ਨਹੀਂ ਜਾਣਦਾ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਸੀਨੀਅਰ ਮੈਂਬਰ ਸ. ਗੁਰਲਾਡ ਸਿੰਘ ਦਾ ਕਹਿਣਾ ਹੈ ਕਿ ਸ਼ਾਇਦ ਵਿਦਿਅਕ ਸੰਸਥਾਵਾਂ ਦੇ ਸਟਾਫ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਪੁਰ ਕੀਤੀਆਂ ਜਾ ਰਹੀਆਂ ਅਦਾਇਗੀਆਂ ਆਦਿ ਦੇ ਚਲਦਿਆਂ ਨਵੰਬਰ-84 ਦੇ ਸਿੱਖ ਕਤਲੇਆਮ ਦੀ ਯਾਦਗਾਰ ਦੇ ਨਿਰਮਾਣ ਕਾਰਜ ਨੂੰ ਅੱਗੇ ਵਧਾਣ ਵਿੱਚ ਫੰਡ ਦੀ ਘਾਟ ਰੁਕਾਵਟ ਬਣ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਯਾਦਗਾਰ ਨੂੰ ਕਾਇਮ ਕਰਨ ਦੇ ਸੰਬੰਧ ਵਿੱਚ ਉਨ੍ਹਾਂ ਵਲੋਂ ਸੁਝਾਅ ਦਿੱਤਾ ਗਿਆ ਸੀ, ਜੇ ਉਸਨੂੰ ਸਵੀਕਾਰ ਕਰ ਲਿਆ ਜਾਂਦਾ ਤਾਂ ਉਸਦੇ ਲਈ ਬਹੁਤ ਜ਼ਿਆਦਾ ਫੰਡ ਦੀ ਲੋੜ ਨਾ ਹੁੰਦੀ, ਨਾਲ ਹੀ ਉਨ੍ਹਾਂ ਲੋਕਾਂ ਦੇ ਮੂੰਹ ਵੀ ਬੰਦ ਹੋ ਜਾਂਦੇ ਜੋ ਗੁਰਦੁਆਰਾ ਰਕਾਬਗੰਜ ਕੰਪਲੈਕਸ ਵਿੱਚ ਇਸ ਯਾਦਗਾਰ ਨੂੰ ਕਾਇਮ ਕੀਤੇ ਜਾਣ ਦਾ ਵਿਰੋਧ ਕਰਦੇ ਚਲੇ ਆ ਰਹੇ ਹਨ। ਉਨ੍ਹਾਂ ਦੇ ਸੁਝਾਅ ਅਨੁਸਾਰ ਇਹ ਯਾਦਗਾਰ ਕਾਇਮ ਕਰਨ ਲਈ ਗੁਰਦੁਆਰਾ ਰਕਾਬ ਗੰਜ ਦੀਆਂ ਬਾਹਰਲੀਆਂ ਦੀਵਾਰਾਂ, ਜੋ ਮੁੱਖ ਰੂਪ ਵਿੱਚ ਲੋਕਾਂ ਦੀ ਭਾਰੀ ਆਵਾਜਾਈ ਦੇ ਰਸਤੇ ਪੁਰ ਅਤੇ ਸੰਸਦ ਭਵਨ ਵਲ ਹਨ, ਪੁਰ ਨਵੰਬਰ-84 ਦੇ ਕਤਲੇਆਮ ਦੀ ਰੂਪ-ਰੇਖਾ ਚਿਤ੍ਰਿਤ ਕਰਨ ਦੇ ਨਾਲ, ਕਤਲੇਆਮ ਦਾ ਸ਼ਿਕਾਰ ਹੋਏ ਸਿੱਖਾਂ ਦੇ ਨਾਵਾਂ ਦੀ ਸੂਚੀ ਦਿੱਤੀ ਜਾਣੀ ਸੀ। ਇਹ ਕੰਮ ਬਹੁਤ ਹੀ ਘਟ ਖਰਚ ਅਤੇ ਸਮੇਂ ਵਿੱਚ ਪੂਰਾ ਹੋ ਸਕਦਾ ਸੀ।

ਲਕੀਰ ਕਿਵੇਂ ਛੋਟੀ ਹੋਵੇ? : ਬਚਪਨ ਤੋਂ ਹੀ ਇਕ ਕਹਾਣੀ ਸੁਣਦੇ ਚਲੇ ਆ ਰਹੇ ਹਾਂ, ਕਿ ਇਕ ਅਧਿਆਪਕ ਨੇ ਕਲਾਸ ਦੇ ਬਲੈਕ-ਬੋਰਡ ਤੇ ਇਕ ਲਕੀਰ ਖਿਚੀ ਤੇ ਆਪਣੇ ਵਿਦਿਆਰਥੀਆਂ ਨੂੰ ਉਸ

(ਬਾਕੀ ਸਫਾ 19 ਤੇ)

# ਸ਼ੰਕਾ-ਨਵਿਰਤੀ/ ਭਾਗ- 15



ਮੇਘ ਰਾਜ ਮਿੱਤਰ
+91-98887-87440

? ਭੁੱਖ ਮਾਰਨ ਵਾਲੀ ਕੋਈ ਦਵਾਈ ਹੈ ਜਿਸ ਨਾਲ ਭੁੱਖ ਨਾ ਲੱਗੇ। ਜੇ ਹੈ ਤਾਂ ਇਸਦਾ ਨਾਮ ਕੀ ਹੈ?

* ਕੀ ਕੋਈ ਇੰਜਣ ਬਗੈਰ ਤੇਲ [2]ਤੋਂ ਲੰਬੇ ਸਮੇਂ ਲਈ ਚੱਲ ਸਕਦਾ ਹੈ? ਸਾਡਾ ਜਵਾਬ ਹੈ ਨਹੀਂ। ਇਸੇ ਤਰ੍ਹਾਂ ਮਨੁੱਖੀ ਸਰੀਰ ਵੀ ਇੱਕ ਇੰਜਣ ਹੈ। ਇਸ ਵਿੱਚ ਜਮ੍ਹਾਂ ਹੋਈ ਚਰਬੀ ਨਾਲ ਕੁਝ ਸਮਾਂ ਕੰਮ ਤਾਂ ਚੱਲ ਸਕਦਾ ਹੈ ਪਰ ਸਦੀਵੀ ਨਹੀਂ। ਇਸ ਲਈ ਭੁੱਖ ਮਾਰਨਾ ਗਲਤ ਹੈ। ਉਂਝ ਮਿਹਦੇ ਨੂੰ ਜਾਮ ਕਰਨ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਜੋ ਨੁਕਸਾਨਦਾਇਕ ਹਨ ਬਾਜ਼ਾਰ ਵਿੱਚ ਉਪਲਬਧ ਨੇ।

? ਛਿੱਕ ਆਉਂਦੇ ਸਮੇਂ ਅੱਖਾਂ ਖੁੱਲ੍ਹੀਆਂ ਕਿਉਂ ਨਹੀਂ ਰਹਿੰਦੀਆਂ?

* ਛਿੱਕ ਆਉਣ ਦਾ ਕਾਰਨ ਨੱਕ ਵਿੱਚ ਜਾਂ ਗਲੇ ਵਿੱਚ ਪੈਦਾ ਹੋਈ ਕਿਸੇ ਰੁਕਾਵਟ ਨੂੰ ਹਵਾ ਦੀ ਤੇਜ਼ ਗਤੀ ਨਾਲ ਦੂਰ ਕਰਨਾ ਹੁੰਦਾ ਹੈ। ਇਸ ਲਈ ਮਨੁੱਖ ਨੇ ਜਿਸ ਸਥਾਨ ਤੋਂ ਹਵਾ ਜ਼ੋਰ ਨਾਲ ਲੰਘਾਉਣੀ ਹੁੰਦੀ ਹੈ, ਨੂੰ ਛੱਡ ਕੇ ਬਾਕੀ ਹਵਾ ਬਾਹਰ ਨਿਕਲਣ ਦੇ ਸਥਾਨਾਂ ਨੂੰ ਬੰਦ ਕਰਨਾ ਪੈਂਦਾ ਹੈ।

? ਸਾਡੇ ਦੰਦਾਂ ਅਤੇ ਜਾੜ੍ਹਾਂ ਵਿੱਚ ਟੋਏ (ਖੱਡੇ) ਕਿਉਂ ਪੈ ਜਾਂਦੇ ਹਨ।

* ਸਾਡੇ ਦੰਦਾਂ ਵਿੱਚ ਬੈਕਟੀਰੀਆ ਪੈਦਾ ਹੋ ਜਾਂਦਾ ਹੈ ਜੋ ਲਗਾਤਾਰ ਸਾਡੇ ਦੰਦਾਂ ਨੂੰ ਖਾਂਦਾ ਰਹਿੰਦਾ ਹੈ ਇਸ ਕਾਰਨ ਦੰਦਾਂ ਵਿੱਚ ਖੱਡਾਂ ਪੈ ਜਾਂਦੀਆਂ ਹਨ।

? ਕਈ ਵਾਰ ਸਾਡੇ ਸਰੀਰ ਦਾ ਕੋਈ ਅੰਗ ਜਾਂ ਹਿੱਸਾ ਫਰਕਣ (ਕੰਬਣ) ਕਿਉਂ ਲੱਗ ਪੈਂਦਾ ਹੈ।

* ਸਰੀਰ ਦੇ ਹਿੱਸੇ ਦੇ ਫਰਕਣ ਦਾ ਕਾਰਣ ਦਿਮਾਗੀ ਹੁੰਦਾ ਹੈ ਕਿਉਂਕਿ ਸਾਡੇ ਸਾਰੇ ਅੰਗਾਂ ਦਾ ਕੰਟਰੋਲ ਦਿਮਾਗ਼ ਹੀ ਕਰਦਾ ਹੈ ਇਸ ਲਈ ਦਿਮਾਗ਼ੀ ਪ੍ਰਬੰਧ ਵਿਚ ਅਸਥਾਈ ਮਾਮੂਲੀ ਗੜਬੜ ਅੰਗਾਂ ਨੂੰ ਫੜਕਣ ਲਾ ਦਿੰਦੀ ਹੈ।

? ਧੁਨਖਵਾ ਦਾ ਟੀਕਾ ਲਗਵਾਇਆ ਨਹੀਂ ਤਾਂ ਮਿੰਟਾਂ 'ਚ ਜੈਹ-ਜਾਂਦੀ ਹੋ ਜੂ। ਇਹ ਧੁਨਖਵਾਹ ਕੀ ਹੈ? ਆਦਮੀ ਦੀ ਸੱਟ ਦਾ ਆਕਾਸ਼ ਦੀ ਬਿਜਲੀ ਨਾਲ ਕੀ ਸੰਬੰਧ ਹੈ?

* ਧੁਨਖਵਾਹ ਇਕ ਬੀਮਾਰੀ ਹੈ ਜਿਹੜੀ ਇਕ ਵਾਇਰਸ ਨਾਲ ਫੈਲਦੀ ਹੈ। ਇਸ ਵਿਚ ਸਰੀਰ ਧਨੁਛ ਵਾਂਗੂ ਆਕੜ ਜਾਂਦਾ ਹੈ ਅਤੇ ਬੰਦੇ ਦੀ ਮੌਤ ਹੋ ਜਾਂਦੀ ਹੈ। ਸਰੀਰਕ ਜ਼ਖ਼ਮਾਂ ਵਿੱਚ ਇਹ ਵਾਇਰਸ ਜ਼ਿਆਦਾ ਹਮਲਾ ਕਰਦਾ ਹੈ। ਧੁਨਖਵਾਹ ਦਾ ਟੀਕਾ ਧੁਨਖਵਾਹ ਦੀ ਬੀਮਾਰੀ ਹੋਣ ਤੋਂ ਰੋਕਦਾ ਹੈ। ਇਸ ਬਿਮਾਰੀ ਦਾ ਬਿਜਲੀ ਚਮਕਣ ਨਾਲ ਕੋਈ ਸਬੰਧ ਨਹੀਂ ਹੁੰਦਾ।

? ਮੇਰਾ ਰਾਤ ਨੂੰ ਸੁੱਤੇ ਪਏ ਦਾ ਪਿਸ਼ਾਬ ਨਿਕਲ ਜਾਂਦਾ ਹੈ ਅਤੇ ਮੈਨੂੰ ਪਤਾ ਬਿਲਕੁਲ ਨਹੀਂ ਲੱਗਦਾ।

* ਸਾਡਾ ਮਨ ਸਰੀਰ ਦਾ ਨਾਂ ਸੌਣ ਵਾਲਾ ਅੰਗ ਹੈ, ਜਦੋਂ ਸਾਡਾ ਮਸਾਨਾ ਪਿਸ਼ਾਬ ਨਾਲ ਭਰ ਜਾਂਦਾ ਹੈ ਤਾਂ ਮਨ ਇਸਨੂੰ ਖਾਲੀ ਕਰਨ ਦਾ ਹੁਕਮ ਦਿੰਦਾ ਹੈ। ਬਹੁਤੀਆਂ ਹਾਲਤਾਂ 'ਚ ਤਾਂ ਵਿਅਕਤੀ ਬਾਥਰੂਮ ਵਿਚ ਜਾ ਕੇ ਮਸਾਨੇ ਨੂੰ ਖਾਲੀ ਕਰਨ ਦਾ ਯਤਨ ਕਰਦੇ ਹਨ। ਪਰ ਤੁਹਾਡੀ ਸਥਿਤੀ ਵਿਚ ਇਹ ਕੰਮ ਤੁਸੀਂ ਬਿਸਤਰੇ ਤੇ ਹੀ ਕਰ ਦਿੰਦੇ ਹੋ। ਸੋ, ਯਤਨ ਕਰੋ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਘੱਟ ਤੋਂ ਘੱਟ ਪਾਣੀ ਪੀਤਾ ਜਾਵੇ। ਮਨ ਵਿਚ ਇਹ ਵਾਰ-ਵਾਰ ਤਹਿ ਕਰ ਲਵੋ ਕਿ ਜਦੋਂ ਵੀ ਮੇਰਾ ਮਸਾਨਾ ਭਰ ਜਾਵੇਗਾ, ਮੈਂ ਬਾਥਰੂਮ ਵਿਚ ਜਾ ਕੇ ਪਿਸ਼ਾਬ ਕਰਾਂਗਾ, ਇਸ ਤਰ੍ਹਾਂ ਤੁਸੀਂ ਦ੍ਰਿੜ ਇੱਛਾ ਸ਼ਕਤੀ ਨਾਲ ਇਸ ਸਮੱਸਿਆ ਤੇ ਕਾਬੂ ਪਾ ਸਕਦੇ ਹੋ।

? ਕਈ ਆਦਮੀਆਂ ਜਾਂ ਔਰਤਾਂ ਦੇ ਫੁਲਵਹਿਰੀ ਹੋ ਜਾਂਦੀ ਹੈ, ਇਸਦਾ ਕਾਰਨ ਤੁਸੀਂ ਕੀ ਸਮਝਦੇ ਹੋ?

* ਆਦਮੀਆਂ ਜਾਂ ਇਸਤਰੀਆਂ ਨੂੰ ਫੁਲ-ਵਹਿਰੀ ਹੋਣ ਦਾ ਕਾਰਨ ਇਨ੍ਹਾਂ ਦੀਆਂ ਗ੍ਰੰਥੀਆਂ ਵੱਲੋਂ ਚਮੜੀ ਦੇ ਇੱਕ ਪਿਗਮਿੰਟ ਮੈਲਾਨਿਨ ਦੀ ਪੈਦਾਇਸ਼ ਘਟਾ ਦੇਣੀ ਜਾਂ ਬੰਦ ਕਰ ਦੇਣਾ ਹੁੰਦਾ ਹੈ। ਜਿਸ ਦੀ ਕਮੀ ਨਾਲ ਫੁਲਵਹਿਰੀ ਨਾਂ ਦੀ ਬਿਮਾਰੀ ਹੋ ਜਾਂਦੀ ਹੈ।

? ਸਰੀਰ ਨੂੰ ਗਰਮੀਆਂ 'ਚ ਜੇ ਗਰਮੀ ਲੱਗ ਜਾਵੇ ਤਾਂ ਵੀ ਸਰੀਰ ਦਾ ਤਾਪਮਾਨ ਵਧਦਾ ਹੈ। ਜੇਕਰ ਸਰਦੀ ਵਿਚ ਠੰਡ ਕਾਰਨ ਨਮੋਨੀਆਂ ਹੋ ਜਾਵੇ ਤਾਂ ਵੀ ਸਰੀਰ ਦਾ ਤਾਪ ਵਧਦਾ ਕਿਉਂ ਹੈ। ਘਟਦਾ ਕਿਉਂ ਨਹੀਂ। ਸਰਦੀਆਂ ਵਿੱਚ ਤੇ ਹਰ ਕਿਸਮ ਦੇ ਬੁਖਾਰ ਵਿੱਚ ਠੰਢ ਕਿਉਂ ਲੱਗਦੀ ਹੈ।

* ਅਸਲ ਵਿੱਚ ਬੁਖਾਰ ਸਰੀਰ ਦੇ ਰੱਖਿਆ ਪ੍ਰਬੰਧ ਦੇ ਵੱਧ ਕਿਰਿਆਸ਼ੀਲ ਹੋਣ ਦਾ ਨਾਂ ਹੀ ਹੈ।

? ਕੀ ਮਾਨਸਿਕ ਰੋਗਾਂ ਵਿੱਚ ਕੋਈ ਅਜਿਹਾ ਰੋਗ ਵੀ ਹੈ ਜਿਸ ਦਾ ਇਲਾਜ ਨਹੀਂ ਹੈ। ਵੱਧ ਤੋਂ ਵੱਧ ਇਸ ਰੋਗ ਵਿੱਚ ਕਿੰਨਾ ਚਿਰ ਦਵਾਈ ਖਾਣੀ ਪੈਂਦੀ ਹੈ।

* ਮਾਨਸਿਕ ਰੋਗਾਂ ਵਿੱਚ ਬਹੁਤ ਸਾਰੇ ਅਜਿਹੇ ਰੋਗ ਹੁੰਦੇ ਹਨ ਜਿਨ੍ਹਾਂ ਦਾ ਅੱਜ ਦੀ ਵਿਗਿਆਨ ਕੋਲ ਕੋਈ ਇਲਾਜ ਨਹੀਂ ਬਹੁਤ ਸਾਰੇ ਬੱਚੇ ਅਜਿਹੇ ਹੁੰਦੇ ਹਨ ਜਿਹੜੇ ਜਮਾਂਦਰੂ ਹੀ ਪਾਗਲ ਹੁੰਦੇ ਹਨ ਤੇ ਜਿਨ੍ਹਾਂ ਨੇ ਜਮਾਂਦਰੂ ਪਾਗਲ ਹੀ ਮਰ ਜਾਣਾ ਹੁੰਦਾ ਹੈ। ਦਵਾਈ ਖਾਣ ਨਾਲ ਵੀ ਅਜਿਹੇ ਰੋਗ ਠੀਕ ਨਹੀਂ ਹੁੰਦੇ।

? ਵਾਲ ਚਿੱਟੇ ਆਉਣ ਦਾ ਕੀ ਕਾਰਨ ਹੈ।

* ਸਾਡੀ ਚਮੜੀ ਵਿਚ ਮੈਲਾਨਿਨ ਨਾਂ ਦਾ ਕਾਲਾ ਪਦਾਰਥ ਹੁੰਦਾ ਹੈ ਅਤੇ ਵਾਲਾਂ ਦੇ ਨਾਲ-ਨਾਲ ਬਾਹਰ ਆਉਂਦਾਰੇਹਿੰਦਾ ਹੈ। ਇਸ ਲਈ ਇਹ ਵਾਲ ਕਾਲੇ ਰੰਗ ਦੇ ਹੁੰਦੇ ਹਨ। ਜਦੋਂ ਇਸ ਪਦਾਰਥ ਦੀ ਕਮੀ ਹੋ ਜਾਂਦੀ ਹੈ ਤਾਂ ਵਾਲ ਸਫ਼ੈਦ ਆਉਣੇ ਸ਼ੁਰੂ ਹੋ ਜਾਂਦੇ ਹਨ। ਸਦਮੇ ਤੇ ਚਿੰਤਾ ਦੀ ਹਾਲਤ ਵਿਚ ਵੀ ਮੈਲਾਨਿਨ ਘੱਟ ਹੋ ਜਾਂਦੀ ਹੈ ਤੇ ਵਾਲ ਸਫ਼ੈਦ ਹੋਣੇ[2] ਸ਼ੁਰੂ ਹੋ ਜਾਂਦੇ ਹਨ।

? ਮਨ ਕਿਸ ਨੂੰ ਕਹਿੰਦੇ ਹਨ?

* ਦਿਮਾਗ਼ ਦੀ ਸੋਚਣ ਕਿਰਿਆ ਨੂੰ ਮਨ ਕਹਿੰਦੇ ਹਨ।

? ਮੋਟੇ ਹੋਣ ਦੀ ਦਵਾਈ ਸਰੀਰ ਉੱਪਰ ਕੀ ਪ੍ਰਭਾਵ ਪਾਉਂਦੀ ਹੈ। ਇਸ ਨਾਲ ਸਰੀਰ ਵਾਕਿਆ ਹੀ ਮੋਟਾ ਹੋ ਜਾਂਦਾ ਹੈ। ਤੇ ਦਵਾਈ ਬੰਦ ਹੋਣ ਤੇ ਫਿਰ ਇਹ ਆਪਣੀ ਥਾਂ ਤੇ ਆ ਜਾਂਦਾ ਹੈ। ਵਿਸਥਾਰ ਨਾਲ ਦੱਸੋ।

* ਅੰਗਰੇਜ਼ੀ ਵਿਚ ਬਹੁਤ ਸਾਰੀਆਂ ਦਵਾਈਆਂ ਸਟੀਰਾਈਡ ਹਨ। ਇਨ੍ਹਾਂ ਦੀ ਵਰਤੋਂ ਨਾਲ ਸਰੀਰ ਫੁੱਲ ਜਾਂਦਾ ਹੈ। ਪਰ ਇਹ ਦਵਾਈਆਂ ਬਹੁਤ ਹੀ ਯੋਗ ਡਾਕਟਰ ਦੀ ਦੇਖ-ਰੇਖ ਵਿਚ ਵਰਤਣੀਆਂ ਚਾਹੀਦੀਆਂ ਹਨ ਨਹੀਂ ਤਾਂ ਇਹ ਕੁਝ ਹੋਰ ਬਿਮਾਰੀਆਂ ਦੀ ਪੈਦਾਇਸ਼ ਬਣ ਸਕਦੀਆਂ ਹਨ।

? ਕਾਲੇ-ਪੀਲੀਏ ਦੀ ਬਿਮਾਰੀ ਕਿਸ ਤਰ੍ਹਾਂ ਦੀ ਹੈ। ਇਹ ਕਿਵੇਂ ਫੈਲਦੀ ਹੈ?

* ਕਾਲਾ ਪੀਲੀਆ ਜਿਸ ਨੂੰ ਹੈਪਾਟਾਈਟਸ ਬੀ ਕਿਹਾ ਜਾਂਦਾ ਹੈ। ਇਹ ਲਾਗ ਦੀ ਬਿਮਾਰੀ ਹੈ। ਇਸ ਵਿਚ ਵਿਅਕਤੀ ਦਾ ਮਾਮੂਲੀ ਜਿਹਾ ਖ਼ੂਨ ਕਿਸੇ ਦੂਸਰੇ ਵਿਅਕਤੀ ਵਿਚ ਦਾਖਲ ਹੋ ਜਾਂਦਾ ਹੈ ਤਾਂ ਇਸ ਦੀ ਲਾਗ ਲੱਗ ਜਾਂਦੀ ਹੈ।

ਇਹ ਇੱਕ ਦੂਜੇ ਦੇ ਦੰਦ ਬੁਰਸ਼, ਸੂਈਆਂ ਵਰਤਣ ਨਾਲ ਗੈਰ ਵਿਅਕਤੀਆਂ ਨਾਲ ਸਰੀਰਕ ਸਬੰਧਾਂ ਰਾਹੀਂ ਜ਼ਿਆਦਾ ਫੈਲਦਾ ਹੈ। ਵਧ ਡਰ ਹਸਪਤਾਲ ਵਿਚ ਕੰਮ ਕਰਨ ਵਾਲੇ ਡਾਕਟਰਾਂ, ਨਰਸਾਂ ਅਤੇ ਫਰਮਾਸਿਸਟਾਂ ਨੂੰ ਹੁੰਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਰਿਜ਼ਨੋਂ ਵਿਖੇ ਬਜ਼ੁਰਗ ਪਿਆਰਾ ਸਿੰਘ ਤੇ ਹਮਲਾ ਕਰਨ ਵਾਲੇ ਨਸਲੀ ਮੈਕਸੀਕੇ ਨੂੰ 13 ਸਾਲ ਦੀ ਕੈਦ



ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ- ਮੈਕਸੀਕਨ ਮੂਲ ਦੇ ਇੱਕ ਨਸਲਖੋਰੇ 32 ਸਾਲਾ ਮੁੰਡੇ ਗਿਲਬਰਟ ਗਾਰਸੀਆ ਜਿਸ ਨੇ ੰਐ 2013 ਵਿੱਚ ਗੁਰਦੁਆਰਾ ਨਾਨਕਸਰ ਚੈਰੀ ਰੋਡ ਫਰਿਜ਼ਨੋ ਦੇ ਬਾਹਰਵਾਰ ਇੱਕ ਸਿੱਖ ਬਜ਼ੁਰਗ ਸ. ਪਿਆਰਾ ਨੂੰ ਲੋਹੇ ਦੀਆਂ ਰਾਡਾਂ ਮਾਰ ਮਾਰਕੇ ਗੰਭੀਰ ਰੂਪ ਵਿੱਚ ਜਖਮੀ ਕਰ ਦਿੱਤਾ ਸੀ। ਅੱਜ ਫਰਿਜਨੋ ਸੁਪੀਰੀਅਰ ਕੋਰਟ ਨੇ ਇਸ ਮੈਕਸੀਕੇ ਨੂੰ 13 ਸਾਲ ਦੀ ਕਰੜੀ ਸਜਾ ਸੁਣਾਈ ਹੈ। ਇਸ ਸੁਭ ਕਾਰਜ਼ ਲਈ ਸਿਹਰਾ ਇਕਬਾਲ ਸਿੰਘ ਗਰੇਵਾਲ ਅਤੇ ਉਹਨਾਂ ਦੇ ਸਾਥੀਆਂ ਸਿਰ ਜਾਦਾ ਹੈ, ਜਿਹੜੇ ਕਿ ਸਿੱਖ ਐਕਟਵਿਸਟ ਹਨ । ਵਧੇਰੇ ਜਾਣਕਾਰੀ ਲਈ ਕਾਲ ਕਰੋ (559) 906-7403



# ਪੰਜਾਬ ਵਿੱਚ ਇੱਕਲਿਆਂ ਚੋਣ ਲੜੇਗੀ 'ਆਪ': ਭਗਵੰਤ ਮਾਨ

ਰੂਪਨਗਰ- ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਰਾਜ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦਾ ਇਹ ਫ਼ੈਸਲਾ ਹੈ ਕਿ ਦੇਸ਼ ਵਿੱਚ ਚੋਣਾਂ ਵਿੱਚ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕਿਸੇ ਹੋਰ ਪਾਰਟੀ ਦਾ 'ਆਪ' ਵਿੱਚ ਰਲੇਵਾਂ ਹੀ ਹੋਵੇਗਾ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਆਪ' ਦੇ ਆਗੂਆਂ ਕੋਲ ਸਰਕਾਰ ਚਲਾਉਣ ਦਾ ਤਜਰਬਾ ਨਾ ਹੋਣ ਸਬੰਧੀ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਤਜਰਬੇਕਾਰ ਲੋਕਾਂ ਤੋਂ ਹੀ ਦੁਖੀ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਤਜਰਬੇਕਾਰ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਗ਼ੈਰ-ਤਜਰਬੇਕਾਰ ਵਿਅਕਤੀ ਅਰਵਿੰਦ ਕੇਜਰੀਵਾਲ ਨੇ ਹਰਾ ਦਿੱਤਾ ਸੀ। ਦਿੱਲੀ ਵਿੱਚ ਸਰਕਾਰ ਚਲਾਉਣ ਲਈ ਵੀ 'ਆਪ' ਕੋਲ ਕੋਈ ਤਜਰਬਾ ਨਹੀਂ ਸੀ ਪਰ ਹੁਣ ਪੰਜਾਬ ਦੇ ਲੋਕ ਨਵਾਂ ਤਜਰਬਾ ਕਰਨਾ ਚਾਹੁੰਦੇ ਹਨ। ਕੈਪਟਨ ਬਾਰੇ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਵਾਲਿਆਂ ਨੂੰ ਸੰਸਦ ਵਿੱਚੋਂ ਗ਼ੈਰਹਾਜ਼ਰ ਰਹਿਣ ਦਾ ਤਜਰਬਾ ਵੀ ਨਹੀਂ ਹੈ, ਪਹਾੜਾਂ ਵਿੱਚ ਸੈਰ ਕਰਨ ਦਾ ਤਜਰਬਾ ਵੀ ਨਹੀਂ ਹੈ ਅਤੇ ਭ੍ਰਿਸ਼ਟਾਚਾਰ ਕਰਨ ਦਾ ਤਜਰਬਾ ਵੀ ਨਹੀਂ ਹੈ ਪ੍ਰੰਤੂ ਲੋਕਾਂ ਵਿੱਚ ਦਾਖ਼ਲ ਹੋਣ ਦਾ ਤਜਰਬਾ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਮਾਨ ਨੇ ਕਿਹਾ ਕਿ ਉਹ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਨਹੀਂ ਹਨ। ਰਾਜ ਵਿੱਚ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕਰਨ ਸਬੰਧੀ ਫ਼ੈਸਲਾ ਪਾਰਟੀ ਵੱਲੋਂ ਕੀਤਾ ਜਾਵੇਗਾ।


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673


# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਜਸਵੰਤ ਸਿੰਘ ਨੇਕੀ ਨੂੰ ਸ਼ਰਧਾਂਜਲੀ

**ਮੋਹਾਲੀ-** ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ) ਨੇ ਪੰਜਾਬੀ ਦੇ ਪ੍ਰਸਿੱਧ ਚਿੰਤਕ ਅਤੇ ਜ਼ਹੀਨ ਕਵੀ ਡਾਥ ਜਸਵੰਤ ਸਿੰਘ ਨੇਕੀ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਇਸਨੂੰ ਪੰਜਾਬੀ ਸਾਹਿਤ ਲਈ ਇਕ ਵੱਡੀ ਘਾਟ ਵਜੋਂ ਤਸਵੱੁਰ ਕੀਤਾ ਹੈ। ਸਭਾ ਦੇ ਪ੍ਰਧਾਨ ਡਾਥ ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ ਕਰਮਜੀਤ ਸਿੰਘ ਨੇ ਜਾਰੀ ਸਾਂਝੇ ਬਿਆਨ ਵਿਚ ਡਾਥ ਜਸਵੰਤ ਸਿੰਘ ਨੇਕੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਹੈ ਕਿ ਉਹ ਇਕ ਮਨੋਵਿਗਿਆਨੀ ਹੁੰਦੇ ਹੋਏ ਇਕ ਉੱਚ ਪੱਧਰ ਦੇ ਕਵੀ ਵੀ ਸਨ, ਜਿਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਮਨੋਵਿਗਿਆਨਕ ਡੂੰਘਾਈ ਦਿੱਤੀ। ਉਹ ਪੀ ਜੀ ਆਈ ਦੇ ਡਾਇਰੈਕਟਰ ਰਹੇ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦਿੱਲੀ ਵਿਚ ਉਹ ਮਨੋਚਕਿਤਸਿਕ ਵਿਭਾਗ ਦੇ ਮੁਖੀ ਵੀ ਰਹੇ। ਸਾਹਿਤਕਾਰ ਵਜੋਂ ਉਹ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਉਪ ਪ੍ਰਧਾਨ ਸਨ। ਉਨ੍ਹਾਂ ਦੀ ਕਾਵਿ-ਪੁਸਤਕ 'ਕਰੁਣਾ ਦੀ ਛੋਹ' ਨੂੰ ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੂੰ ਨਵ-ਰਹੱਸਵਾਦੀ ਚਿੰਤਕ ਦੇ ਤੌਰ 'ਤੇ ਮਾਨਤਾ ਮਿਲ਼ੀ, ਜਿਸ ਨੂੰ ਉਨ੍ਹਾਂ ਨੇ ਮਨੋਵਿਗਿਆਨਕ ਪੱਧਰ 'ਤੇ ਵਿਚਾਰ ਅਧੀਨ ਲਿਆਂਦਾ। 'ਸਿਮ੍ਰਤੀ ਦੇ ਕਿਰਨ ਤੋਂ ਪਹਿਲਾਂ' ਉਨ੍ਹਾਂ ਦਾ ਇਕ ਹੋਰ ਕਾਵਿ ਸ਼ਾਹਕਾਰ ਹੈ।



ਉਨ੍ਹਾਂ ਦੀਆਂ ਹੋਰ ਰਚਨਾਵਾਂ ਹਨ- ਅਰਦਾਸ, ਅਸਲੇ ਤੇ ਉਹਲੇ, ਇਹ ਮੇਰੇ ਸੰਸੇ ਇਹ ਮੇਰੇ ਗੀਤ, ਗੀਤ ਮੇਰਾ ਸੋਹਿਲਾ ਤੇਰਾ, ਸੁਗੰਧ ਆਬਨੂਸ ਦੀ ਅਤੇ ਸਦਾ ਵਿਗਾਸ ਆਦਿ। ਕੇਂਦਰੀ ਸਭਾ ਦੇ ਅਹੁਦੇਦਾਰਾਂ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ, ਤਰਲੋਚਨ ਝਾਂਡੇ ਡਾਥ ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ, ਕਰਮ ਸਿੰਘ ਵਕੀਲ, ਅਤੇ ਵਰਗਸ ਸਲਾਮਤ ਨੇ ਵੀ ਡਾ ਜਸਵੰਤ ਸਿੰਘ ਨੇਕੀ ਨੂੰ ਸ਼ਰਧਾਜਲੀ ਦਿੰਦਿਆਂ ਇਸ ਦੁੱਖ ਦੀ ਘੜੀ ਵਿਚ ਆਪਣੇ ਆਪ ਨੂੰ ਨੇਕੀ ਦੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਕੀਤਾ ਹੈ। ਡਾ ਕਰਮਜੀਤ ਸਿੰਘ ਨੇ ਕਿਹਾ ਕਿ ਕੇਂਦਰੀ ਸਭਾ ਇਹ ਮਹਿਸੂਸ ਕਰਦੀ ਹੈ ਕਿ ਨੇਕੀ ਵਰਗੇ ਨੇਕ ਵਿਗਿਆਨੀ ਅਤੇ ਸਾਹਿਤਕਾਰ ਦਾ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

# ਦਲਿਤ ਔਰਤਾਂ ਤੇ ਹੋਣ ਵਾਲੇ ਜਿਨਸੀ ਹਮਲਿਆਂ ਵਿਰੁੱਧ ਵਿਸ਼ਾਲ ਮਾਰਚ

**ਚੰਡੀਗੜ੍ਹ-** ਪਿਛਲੇ ਕੁਝ ਵਰ੍ਹਿਆਂ ਤੋਂ ਆਲ ਇੰਡੀਆ ਦਲਿਤ ਮਹਿਲਾ ਅਧਿਕਾਰ ਮੰਚ ਅਤੇ ਦਲਿਤ ਵੀਮੈਨਜ਼ ਸੈਲਫ ਰਸਪੈਕਟ ਮੰਚ ਦਲਿਤ ਔਰਤਾਂ ਤੇ ਹੋਣ ਵਾਲੀ ਜਾਤੀ ਆਧਾਰਿਤ ਜਿਨਸੀ ਹਿੰਸਾ ਦੇ ਖਿਲਾਫ ਮੋਹਰੀ ਕਤਾਰ ਵਿਚ ਖੜ੍ਹ ਕੇ ਲੜ ਰਹੀਆਂ ਹਨ।

ਇਸ ਮੁੱਦੇ ਤੇ ਉਹਨਾਂ ਭਾਰਤੀ ਸੂਬਿਆਂ ਜਿਵੇਂ ਕਿ ਹਰਿਆਣਾ, ਮਹਾਰਾਸ਼ਟਰ, ਉਤਰ ਪ੍ਰਦੇਸ਼, ਉੜੀਸਾ ਅਤੇ ਬਿਹਾਰ ਵਿਚ ਕਈ ਮਾਰਚ ਕੱਢੇ ਹਨ। ਆਪਣੀਆਂ ਜ਼ਮੀਨੀ ਸਰਗਰਮੀਆਂ ਵਿਚ ਉਹਨਾਂ ਦਾ ਖਾਸ ਧਿਆਨ ਕੇਸਾਂ ਦੇ ਦਸਤਾਵੇਜ਼ ਤਿਆਰ ਕਰਨਾ, ਸਰਵਾਈਵਰ ਸਹਿਯੋਗ ਮੁਹੱਈਆ ਕਰਨਾਂ ਅਤੇ ਲੋਕਲ ਅਤੇ ਰਾਜ ਅਧਿਕਾਰੀਆਂ ਨੂੰ ਮਜਬੂਰ ਕਰਨਾ ਹੈ ਤਾਂ ਕਿ ਤੰਤਰ ਕਾਤਲਾਂ ਖਿਲਾਫ ਕਾਰਵਾਈ ਕਰੇ। ਉਹ ਦਲਿਤ ਔਰਤਾਂ ਖਿਲਾਫ ਜਿਨਸੀ ਹਿੰਸਾ 'ਤੇ ਫੈਲੀ ਚੁੱਪ ਨੂੰ ਤੋੜ ਰਹੇ ਹਨ ਅਤੇ ਸਭਨਾਂ ਲਈ ਕਾਨੂੰਨ ਦੇ ਰਾਜ ਨੂੰ ਲਾਗੂ ਕਰਨ ਲਈ ਸਰਕਾਰ ਨੂੰ ਵੰਗਾਰ ਰਹੇ ਹਨ।

ਭਾਰਤ ਵਿਚ ਇਸ ਮੁੱਦੇ ਤੇ ਵਕਾਲਤ ਕਰਨ ਤੋਂ ਇਲਾਵਾ ਦਲਿਤ ਔਰਤਾਂ ਜਾਤ ਆਧਾਰਿਤ ਹਿੰਸਾ ਮੁੱਦੇ 'ਤੇ ਜਗਤ ਪੱਧਰ ਉਤੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰ ਰਹੀਆਂ ਹਨ। ਇਹਨਾਂ ਦਾ ਟੀਚਾ ਭਾਰਤ ਸਰਕਾਰ ਨੂੰ ਸ਼ਰਮਸਾਰ ਕਰਨਾ ਹੈ ਤਾਂ ਕਿ ਉਹ ਦੋਸ਼ੀਆ ਖਿਲਾਫ ਐਕਸ਼ਨ ਲਵੇ ਅਤੇ ਇੱਥੇ ਮਨੁੱਖੀ ਅਧਿਕਾਰ ਅੰਦੋਲਨਾਂ ਦੇ ਨਾਲ ਇੱਕਮੁਠਤਾ ਬਣਾਉਣਾ ਹੈ।

ਇਸੇ ਜਜ਼ਬੇ ਨਲ ਉਹ ਇਸ ਸਾਲ ਵਿਚ ਯੂਨਾਈਟਿਡ ਸਟੇਟਸ ਤੱਕ ਯਾਤਰਾ ਲਿਆ ਰਹੇ ਹਨ। ਇਕ 10 ਮੈਂਬਰੀ ਦਲਿਤ ਮਹਿਲਾ ਵਫਦ ਸਰਕਾਰ ਦੀ ਹਿੰਸਾ ਤੋਂ ਪ੍ਰਭਾਵਿਤ ਹੋਰਨਾਂ ਔਰਤਾਂ ਨਾਲ ਕੰਮ ਕਰਨ ਲਈ ਦੇਸ਼ ਭਰ ਵਿਚ ਯਾਤਰਾ ਕਰੇਗਾ ਤਾਂ ਜੋ ਹੋਰਨਾਂ ਤਾਕਤਾਂ ਨਾਲ ਮਿਲ ਕੇ ਆਪਣੇ ਮੁੱਦੇ ਦੀ ਅਹਿਮੀਅਤ ਬਾਰੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚਿਆ ਜਾ ਸਕੇ। ਇਹ ਕੰਮ ਜਿਸਨੂੰ ਕਿ ਬੀਤੇ ਅਪ੍ਰੈਲ ਵਿਚ ਹੋਣ ਵਾਲੀ ਵਾਇਲੈਂਸ ਕਾਨਫਰੰਸ ਵੱਲੋਂ ਮਦਦ ਮਿਲੀ ਸੀ, ਹੁਣ ਸਿੱਧੀ ਰੈਡੀਕਲ ਕਾਰਵਾਈ, ਸਹਿਯੋਗੀ ਪੈਨਲਾਂ ਰਾਹੀਂ, ਵਿਰੋਧ ਰਾਹੀਂ ਅਤੇ ਜਨਤਕ ਕਲਾ ਪ੍ਰਦਰਸ਼ਨੀਆਂ ਰਾਹੀਂ ਅੱਗੇ ਵਧੇਗਾ। ਹੋਰ ਜਾਣਕਾਰੀ ਲਈ 347-927-0174 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅੰਤਰਰਾਸ਼ਟਰੀ ਗਤਕਾ ਯੁੱਧ-2015 ਯੂਬਾ ਸਿਟੀ ਵਿਚ 31 ਅਕਤੂਬਰ ਨੂੰ ਹੋਵੇਗਾ



**ਫਰੀਮਾਂਟ (ਬਲਵਿੰਦਰਪਾਲ ਸਿੰਘ ਖ਼ਾਲਸਾ)** ਹਰ ਸਾਲ ਖੇਡਿਆ ਜਾਣ ਵਾਲਾ ਅੰਤਰ-ਰਾਸ਼ਟਰੀ ਗਤਕਾ ਯੁੱਧ-2015 ਇਸ ਵਾਰ ਯੂਬਾ ਸਿਟੀ ਦੇ ਨਗਰ ਕੀਰਤਨ ਵਾਲੇ ਹਫਤੇ ਦੌਰਾਨ 31 ਅਕਤੂਬਰ ਦਿਨ ਸਨਿੱਚਰਵਾਰ ਨੂੰ ਚੈਂਪੀਅਨਜ਼ ਸਟੇਡੀਅਮ ਵਿਚ ਖੇਡਿਆ ਜਾਵੇਗਾ। ਇਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਭਾਰਤ ਤੇ ਹੋਰ ਦੇਸ਼ਾਂ ਤੋਂ ਵੀ ਗਤਕਾ ਖਿਡਾਰੀ ਹਿੱਸਾ ਲੈਣਗੇ। ਇਸ ਮੁਕਾਬਲੇ ਵਿਚ ਨੌਜਵਾਨ ਬੱਚੇ/ਬੱਚੀਆਂ ਬਰਾਬਰ ਹਿੱਸਾ ਲੈਣਗੇ। ਇਹ ਗਤਕਾ ਯੁੱਧ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਤੇ ਖਾਲਿਸਤਾਨ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਇਸ ਵਿਚ ਫਰੀ ਸੋਟੀ, ਕਿਰਪਾਨ/ਢਾਲ, ਖੰਡਾ, ਬਰਛਾ, ਡਾਂਗ, ਤੀਰ ਅੰਦਾਜ਼ੀ ਤੇ ਹੋਰ ਹਥਿਆਰਾਂ ਨਾਲ ਮੁਕਾਬਲੇ ਹੋਣਗੇ। ਮੁਕਾਬਲੇ ਵਿਚ ਰੈਫਰੀ ਦਾ ਫੈਸਲਾ ਆਖਰੀ ਹੋਵੇਗਾ। ਕੈਲੈਫੋਰਨੀਆ ਗਤਕਾ ਦਲ ਤੇ ਹੋਰ ਗਤਕਾ ਮਿਸਲਾਂ ਨੂੰ ਤਿਆਰੀ ਅਰੰਭ ਕਰ ਦੇਣੀ ਚਾਹੀਦੀ ਹੈ।

# 24 ਸਤੰਬਰ 2015 ਨੂੰ ਪੂਨਾ ਪੈਕਟ ਦੀ ਹੋਵੇਗੀ 83ਵੀਂ ਵਰ੍ਹੇਗੰਢ

ਪਿਆਰੇ ਬਹੁਜਨ ਸਾਥੀਓ ਪੂਨਾ ਪੈਕਟ ਨੂੰ ਚੰਗੀ ਤਰ੍ਹਾਂ ਸਮਝਣ ਦੇ ਲਈ ਮਾਣਯੋਗ ਕਾਂਸ਼ੀਰਾਮ ਸਾਹਿਬ ਦੀ 'ਚਮਚਾ ਯੁੱਗ' ਕਿਤਾਬ ਨੂੰ ਪੜ੍ਹੋ, ਜੋ ਕਿ ਸਾਹਿਬ ਨੇ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਯਾਨਿ 24 ਸਤੰਬਰ 1982 ਨੂੰ ਲਿਖੀ ਸੀ।

24 ਸਤੰਬਰ 2015 ਨੂੰ ਇਸ ਚਮਚਾ ਯੁੱਗ ਦੀ ਹੋਵੇਗੀ 83ਵੀਂ ਵਰ੍ਹੇਗੰਢ। ਇਸ ਵਰ੍ਹੇਗੰਢ ਤੇ ਅਸੀਂ ਪ੍ਰਣ ਲਈਏ ਕਿ 24 ਸਤੰਬਰ 2015 ਨੂੰ ਅਸੀਂ ਕਾਲਾ ਦਿਵਸ ਦੇ ਰੂਪ ਵਿਚ ਮਨਾਈਏ। ਜੇਕਰ ਤੁਸੀਂ ਕਿਸੇ ਜਨਤਕ ਜਗ੍ਹਾ ਤੇ ਧਰਨਾ ਪ੍ਰਦਰਸ਼ਨ ਵਿਚ ਸ਼ਾਮਲ ਨਹੀਂ ਹੋ ਪਾ ਰਹੇ ਤਾਂ ਅਸੀਂ ਸਾਰੇ ਜਿੱਥੇ ਹਾਂ, ਜਿਵੇਂ ਹਾਂ, ਨੌਕਰੀ ਵਿਚ ਹਾਂ, ਦੁਕਾਨ ਤੇ ਹਾਂ, ਸ਼ਹਿਰ ਵਿਚ ਹਾਂ, ਬੱਸ ਵਿਚ ਹਾਂ, ਸਕੂਲ, ਕਾਲਜ ਵਿਚ ਹਾਂ, ਨਾ ਛੁੱਟੀ ਲੈਣ ਦੀ ਜ਼ਰੂਰਤ ਹੈ ਨਾ ਕੋਈ ਕੰਮ ਰੋਕਣ ਦੀ, ਜਿੱਥੇ ਹਾਂ, ਜਿਵੇਂ ਹਾਂ ਉਥੇ ਕਾਲੀ ਪੱਟੀ ਸਿੱਧੇ ਹੱਥ ਵਿਚ ਬੰਨ੍ਹ ਕੇ ਆਪਣੇ ਕੰਮ ਕਰੋ ਅਤੇ ਵਿਰੋਧ ਦਿਖਾਓ ਅਤੇ ਪੂਨਾ ਪੈਕਟ ਨੂੰ ਚਰਚਾ ਦਾ ਵਿਸ਼ਾ ਬਣਾਓ। ਕੋਈ ਪੁੱਛੇਗਾ ਇਹ ਕਿਹਾ ਹੈ ਤਾਂ ਸਭ ਨੂੰ ਦੱਸਾਂਗੇ ਕਿ ਬਾਬਾ ਸਾਹਿਬ ਸਾਡੇ ਲਈ ਗੋਲਮੇਜ ਕਾਨਫਰੰਸ ਲੰਡਨ ਤੋਂ ਅਲੱਗ ਚੋਣ ਖੇਤਰ ਅਤੇ ਦੋ ਵੋਟਾਂ ਦਾ ਅਧਿਕਾਰ ਲੈ ਕੇ ਆਏ ਸਨ ਪਰ ਸਾਡੇ ਵਿਚੋਂ ਇਹ ਅਧਿਕਾਰ ਪੂਨਾ ਪੈਕਟ 1932 ਦੇ ਜ਼ਰੀਏ ਖੋਹ ਲਿਆ ਅਤੇ ਸਾਡੇ ਨਾਲ ਧੋਖਾ ਕੀਤਾ ਗਿਆ। ਇਸ ਕਰਕੇ ਅਸੀਂ ਵਿਰੋਧ ਕਰ ਰਹੇ ਹਾਂ ਅਤੇ ਆਪਣੇ ਬਹੁਜਨ ਸਮਾਜ ਵਿਚ ਇਸਨੂੰ ਕਾਲਾ ਦਿਵਸ ਦੇ ਰੂਪ ਵਿਚ ਮਨਾ ਰਹੇ ਹਨ।ਇਸਦਾ ਜਿੰਨਾ ਹੋ ਸਕੇ ਉਨਾ ਪ੍ਰਚਾਰ ਪ੍ਰਸਾਰ ਕਰੋ, ਜਿਸ ਨਾਲ ਮਨੂੰਵਾਦੀਆਂ ਦੇ ਅੰਦਰ ਡਰ ਬੈਠ ਜਾਵੇ ਕਿ ਹੁਣ ਬਹੁਜਨ ਸਮਾਜ ਜਾਗ ਉਠਿਆ ਹੈ, ਉਸਦੇ ਅਧਿਕਾਰਾਂ ਨੂੰ ਜੇਕਰ ਕਿਸੇ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾਂ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਖੂੰਖਾਰ ਵੀ ਹੋ ਸਕਦਾ ਹੈ।

ਇਹੀ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਬਹੁਜਨ ਸਮਾਜ ਵਿਚ ਜਨਮੇ ਮਹਾਂਪੁਰਸ਼ਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਵਟਸਅਪ ਅਤੇ ਫੇਸਬੁੱਕ ਤੇ ਵਿਰੋਧ ਸਾਂਝਾ ਕਰੋ।

**ਡਾ. ਇੰਦੂ ਚੌਧਰੀ**
**ਸੋਸ਼ਲ ਵਰਕਰ**

# ਬਸਪਾ ਵੱਲੋਂ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ

**ਮੋਗਾ–** ਇੱਥੇ ਪੁਰਾਣੀ ਦਾਣਾ ਮੰਡੀ ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਕੀਤਾ ਗਿਆ। ਇਸ ਮੌਕੇ ਮਿਸ਼ਨ 2017 ਤਹਿਤ ਭ੍ਰਿਸ਼ਟਾਚਾਰ, ਨਸ਼ੇ, ਬੇਰੁਜ਼ਗਾਰੀ ਤੇ ਹੋਰ ਬੁਰਾਈਆਂ ਦੇ ਖ਼ਾਤਮੇ ਲਈ ਸਾਮੰਤਵਾਦੀ ਸੋਚ ਦੀਆਂ ਪਾਰਟੀਆਂ ਦਾ ਤਖ਼ਤਾ ਪਲਟ ਕਰਨ ਦਾ ਸੱਦਾ ਦਿੰਦੇ ਹੋਏ ਬਸਪਾ ਨੂੰ ਸੂਬੇ ਦੀ ਸੱਤਾ ਵਿੱਚ ਲਿਆਉਣ ਦੀ ਅਪੀਲ ਕੀਤੀ ਗਈ।



ਪਾਰਟੀ ਦੇ ਕੌਮੀ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਨਰਿੰਦਰ ਕਸ਼ਯਪ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਦਾ ਇਤਿਹਾਸ ਗੌਰਵਸ਼ਾਲੀ ਤੇ ਕੁਰਬਾਨੀਆਂ ਭਰਿਆ ਹੈ। ਉਨ੍ਹਾਂ ਮੋਦੀ ਸਰਕਾਰ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ’ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਾਮੰਤਵਾਦੀ ਸੋਚ ਦੀਆਂ ਪਾਰਟੀਆਂ ਨੇ ਬਾਬਾ ਜੀਵਨ ਸਿੰਘ ਦੀ ਕੁਰਬਾਨੀ ਪ੍ਰਤੀ ਕੋਈ ਵੀ ਢੁਕਵੀਂ ਯਾਦਗਾਰ ਨਹੀਂ ਬਣਾਈ। ਉਨ੍ਹਾਂ ਦਲਿਤ ਵਰਗ ਨੂੰ ਇੱਕਜੁੱਟ ਹੋ ਕੇ ਆਪਣੇ ਮਹਾਂਪੁਰਖਾਂ ਦੇ ਸਨਮਾਨ ਦੀ ਬਹਾਲੀ ਲਈ ਲੜਾਈ ਲੜਨ ਅਤੇ ਪਾਰਟੀ ਦੇ ਮਿਸ਼ਨ 2017 ਵਿੱਚ ਇਕੱਠੇ ਹੋ ਕੇ ਬਸਪਾ ਦੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ।

ਸੂਬਾਈ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ ਪੰਜਾਬ ਵਿੱਚ ਗੁਰੂਆਂ ਦੀ ਸੋਚ ਦਾ ਰਾਜ ਪ੍ਰਬੰਧ ਤੇ ਨਸ਼ਿਆਂ ਦੇ ਖਾਤਮੇ, ਲੋਕਾਂ ਦੀ ਬਿਹਤਰੀ ਤੇ ਬਹੁਜਨ ਸਮਾਜ ਦੀ ਹਾਲਤ ਵਿੱਚ ਸੁਧਾਰ ਤੇ ਸਵੈਮਾਣ ਲਈ 31 ਦਸੰਬਰ ਤੱਕ ਇਕ ਲੱਖ ਯੋਧੇ ਤਿਆਰ ਕਰੇਗੀ। ਉਨ੍ਹਾਂ ਹਕੂਮਤ ’ਤੇ ਜਾਤੀਵਾਦ ਦਾ ਦੋਸ਼ ਲਾਉਂਦਿਆਂ ਹੋਏ ਕਿਹਾ ਕਿ ਐਸਜੀਪੀਸੀ ਐਕਟ ਬਣੇ ਨੂੰ 90 ਵਰ੍ਹੇ ਹੋ ਗਏ ਹਨ ਪ੍ਰੰਤੂ ਹਕੂਮਤ ਨੇ ਬਾਬਾ ਜੀ ਦੇ ਸਨਮਾਨ ਲਈ ਕੁਝ ਨਹੀਂ ਕੀਤਾ। ਸ੍ਰੀ ਕਰੀਮਪੁਰੀ ਨੇ ਕਿਹਾ ਕਿ ਗੁਰੂਆਂ ਨੇ ਜਾਤੀਵਾਦ ਦੇ ਖ਼ਾਤਮੇ ਦੀ ਗੱਲ ਕੀਤੀ ਸੀ ਪਰ ਹੁਣ ਜਾਤੀਵਾਦ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਵਿੱਚ ਨਸ਼ਿਆਂ ਲਈ ਅਕਾਲੀ ਹਕੂਮਤ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪਿੰਡ ਪਿੰਡ ਵਿੱਚ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਗਏ ਹਨ।ਇਸ ਮੌਕੇ ਪਾਰਟੀ ਆਗੂ ਪ੍ਰਕਾਸ਼ ਭਾਰਤੀ, ਅਜੀਤ ਸਿੰਘ ਭੈਣੀ, ਰਛਪਾਲ ਸਿੰਘ ਰਾਜੂ, ਜੋਗਾ ਸਿੰਘ ਪਨੋਦੀਆਂ ਤੋਂ ਇਲਾਵਾ ਜੰਮੂ ਕਸ਼ਮੀਰ ਦੇ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਸੰਤ ਰਾਮ ਮੱਲੀਆਂ, ਗੁਰਦੀਪ ਸਿੰਘ ਮੁਕਤਸਰ, ਜਗਦੀਪ ਸਿੰਘ ਗੋਗੀ, ਐਡਵੋਕੇਟ ਅਵਤਾਰ ਕ੍ਰਿਸ਼ਨ, ਡਾ. ਨਿਰਮਲ ਸਿੰਘ, ਫ਼ਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਗੁਰਬਖ਼ਸ਼ ਸਿੰਘ, ਪਰਮਜੀਤ ਸਿੰਘ ਡੋਡੀ, ਜਲੰਧਰ ਦੇ ਇੰਚਾਰਜ ਮਾਸਟਰ ਰਾਮ ਲੁਭਾਇਆ ਆਦਿ ਹਾਜ਼ਰ ਸਨ।

# ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟੀ ਭਰੇ ਨਤੀਜੇ

## ਪੂਰੇ ਭਾਰਤ ਦੇ ਵਿਚ ਹਨ ਸਿਰਫ 23 ਦੇ ਕਰੀਬ ਲਾਇਸੰਸ ਧਾਰਕ

**ਆਕਲੈਂਡ–7 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਿਭਾਗ ਨੇ ਸਥਾਨਕ ਪੱਧਰ ਉਤੇ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਦੇ ਵਿਚ ਨਿਊਜ਼ੀਲੈਂਡ ਦੇ ਵਿਚ ਪ੍ਰਵਾਸ ਲਈ ਦਿੱਤੀਆਂ ਜਾਣ ਵਾਲੀਆਂ ਅਰਜ਼ੀਆਂ ਦੇ ਲਈ ਸਿਰਫ ਲਾਇਸੰਸ ਧਾਰਕ ਇਮੀਗ੍ਰੇਸ਼ਨ ਸਲਾਹਕਾਰਾਂ ਨੂੰ ਹੀ ਮਾਨਤਾ ਦਿੱਤੀ ਹੋਈ ਹੈ, ਬਸ਼ਰਤੇ ਕਿ ਅਰਜ਼ੀਦਾਤਾ ਸਿੱਧੇ ਰੂਪ ਵਿਚ ਅਰਜ਼ੀ ਲਾ ਸਕਦਾ ਹੈ। ਇਕ ਤਾਜ਼ਾ ਸਰਵੇ ਦੇ ਵਿਚ ਪਾਇਆ ਗਿਆ ਹੈ ਕਿ 10 ਦੇ ਵਿਚੋਂ ਜਿਹੜੇ 8 ਨੇ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਸੇਵਾ ਲਈ ਉਹ ਇਮੀਗ੍ਰੇਸ਼ਨ ਸਲਾਹਕਾਰ ਦੇ ਕੰਮ-ਕਾਜ਼ ਅਤੇ ਸਮੁੱਚੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਪਾਏ ਗਏ। ਉਨ੍ਹਾਂ ਨੇ ਸਹਾਇਤਾ ਭਰਪੂਰ ਸਰਵਿਸ ਦਿੱਤੀ, ਮੁਹਾਰਿਤ ਅਤੇ ਈਮਾਨਦਾਰੀ ਨਾਲ ਕਾਗਜ਼ ਪੱਤਰ ਭਰੇ ਅਤੇ ਸਾਰੇ ਕੰਮ ਦੇ ਵਿਚ ਤੇਜ਼ੀ ਆਈ। ਨਿਊਜ਼ੀਲੈਂਡ ਦੇ ਪੱਕੇ ਪ੍ਰਵਾਸ ਵਾਸਤੇ ਲਗਦੀਆਂ ਅਰਜ਼ੀਆਂ ਦੇ ਵਿਚੋਂ 80% ਲੋਕਾਂ ਨੇ ਲਾਇਸੰਸ ਧਾਰਕ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਹੀ ਸੇਵਾ ਲਈ ਹੈ। ਇਸਦੇ ਬਾਵਜੂਦ ਅਜੇ ਵੀ ਲੋਕ ਜਾਅਲੀ ਏਜੰਟਾਂ ਦੇ ਹੱਥੇ ਚੜ੍ਹ ਰਹੇ ਹਨ।

ਪੂਰੇ ਭਾਰਤ ਦੇ ਵਿਚ ਜੇਕਰ ਵੇਖੀਏ ਤਾਂ ਇਸ ਵੇਲੇ ਨਿਊਜ਼ੀਲੈਂਡ ਵਾਸਤੇ 23 ਦੇ ਕਰੀਬ ਏਜੰਟਾਂ ਕੋਲ ਲਾਇਸੰਸ ਚਾਲੂ ਹਾਲਤ ਦੇ ਵਿਚ ਹਨ। ਇਮੀਗ੍ਰੇਸ਼ਨ ਦੀ ਵੈਬਸਾਈਟ ਮੁਤਾਬਿਕ ਇਸ ਵੇਲੇ ਪੰਜਾਬ ਦੇ ਵਿਚ ਸਿਰਫ ਸੇਖੜੀ ਇਮੀਗ੍ਰੇਸ਼ਨ, ਅੰਮ੍ਰਿਤਸਰ ਅਤੇ ਓਬਕੋ ਮਾਈਗ੍ਰੇਸ਼ਨ, ਜਲੰਧਰ ਦੇ ਕੋਲ ਹੀ ਨਿਊਜ਼ੀਲੈਂਡ ਪੱਕੇ ਭੇਜਣ ਦੀ ਅਰਜ਼ੀ ਲਾਉਣ ਵਾਸਤੇ ਇਮੀਗ੍ਰੇਸ਼ਨ ਅਡਵਾਈਜ਼ਰ ਦਾ ਲਾਇਸੰਸ ਹੈ, ਪਰ ਜੇਕਰ ਭਾਰਤੀ ਤੇ ਪੰਜਾਬ ਦੀਆਂ ਅਖਬਾਰਾਂ ਦੇ ਵਿਚ ਨਿਗ੍ਹਾ ਮਾਰੀ ਜਾਵੇ ਤਾਂ ਸੈਂਕੜਿਆਂ ਦੀ ਗਿਣਤੀ ਦੇ ਵਿਚ ਇਸ਼ਤਿਹਾਰ ਅਵਾਜ਼ਾਂ ਮਾਰਦੇ ਨਜ਼ਰ ਆਉਂਦੇ ਹਨ। ਚੰਡੀਗੜ੍ਹ, ਮੋਹਾਲੀ, ਪਟਿਆਲਾ, ਲੁਧਿਆਣਾ ਅਤੇ ਪੰਚਕੂਲਾ ਆਦਿ ਦੇ ਕੁਝ ਏਜੰਟਾਂ ਕੋਲ ਪਹਿਲਾਂ ਲਾਇਸੰਸ ਸਨ ਪਰ ਹੁਣ ਉਨ੍ਹਾਂ ਦੀ ਮਿਆਦ ਖਤਮ ਹੋ ਚੁੱਕੀ ਹੈ। ਮੋਹਾਲੀ ਦੇ ਇਕ ਏਜੰਟ ਦਾ ਲਾਇਸੰਸ ਰੀਨਿਊ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਇਹ ਸਾਰੀ ਜਾਣਕਾਰੀ ਇਮੀਗ੍ਰੇਸ਼ਨ ਅਡਵਾਈਜ਼ਰਜ਼ ਅਥਾਰਟੀ ਦੀ ਵੈਬਸਾਈਟ ਉਤੇ ਉਪਲਬਧ ਹੈ। ਇਨ੍ਹੀਂ ਦਿਨੀਂ ਨਿਊਜ਼ੀਲੈਂਡ ਦੇ ਜਾਅਲੀ ਵੀਜ਼ੇ ਵੀ ਇੰਡੀਆ ਦੇ ਵਿਚ ਲੱਗ ਰਹੇ ਹਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਲੋਕਾਂ ਨੂੰ ਅਗਾਹ ਕੀਤਾ ਗਿਆ ਹੈ ਕਿ ਧੋਖੇ ਤੋਂ ਬਚਣ ਲਈ ਲਾਇਸੰਸ ਧਾਰਕਾਂ ਨੂੰ ਹੀ ਸਲਾਹ ਲਈ ਵਰਤਿਆ ਜਾਵੇ।

# ਬੇਕਰਸ਼ਫੀਲਡ ਨਿਵਾਸੀ ਸ.ਭਗਤ ਸਿੰਘ ਸੇਖੋਂ ਦੇ ਅਕਾਲ ਚਲਾਣੇ ’ਤੇ ਪਰਿਵਾਰ ਨੂੰ ਭਾਰੀ ਸਦਮਾ



**ਬੇਕਰਸਫੀਲਡ, ਕੈਲੇਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ) :–** ਬੇਕਰਸ਼ਫੀਲਡ ਨਿਵਾਸੀ ਰਾਮ ਸਿੰਘ ਸੇਖੋਂ ਅਤੇ ਬਹਾਦਰ ਸਿੰਘ ਸੇਖੋਂ ਦੇ ਪਰਿਵਾਰ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜੋ ਪਿਛਲੇ ਦਿਨੀ ਉਹਨਾਂ ਦੇ ਪਿਤਾ ਸ. ਭਗਤ ਸਿੰਘ ਸੇਖੋਂ 82 ਸਾਲ ਦੀ ਉਮਰ ਭੋਗਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਪਿਛਲਾ ਪਿੰਡ ਮਾਛੀਕੇ ਜਿਲ੍ਹਾ ਮੋਗਾ ਵਿੱਚ ਹੈ। ਉਹ ਪਿਛਲੇ 21 ਸਾਲ ਤੋਂ ਬੇਕਰਸ਼ਫੀਲਡ ਵਿੱਖੇ ਰਹਿ ਰਹੇ ਸਨ। ਆਪਣੇ ਪਰਿਵਾਰ ਅਤੇ ਬੱਚਿਆ ਨੂੰ ਅਮਰੀਕਾ ਦੀ ਧਰਤੀ ਤੇ ਪੱਕੇ ਤੌਰ ਤੇ ਵਸਾਉਣ ਲਈ ਉਹਨਾਂ ਦੀ ਡਾਢ੍ਹੀ ਘਾਲਣਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਆਪਣੇ ਜੱਦੀ ਪਿੰਡ ਲਈ ਕੀਤੇ ਚੰਗੇ ਕਾਰਜਾ ਕਰਕੇ ਲੋਕਾ ਵਿੱਚ ਬਹੁਤ ਸਨਮਾਨਤ ਇਨਸਾਨ ਸਨ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਗਰੀਨ ਲਾਂਨ ਫਿਊਨਰਲ ਹੋਮ, ਜੋ 2739 ਪੈਨਮਾਂ ਲੇਨ, ਬੇਕਸਫੀਲਡ ਤੇ ਸਥਿਤ ਹੈ ਵਿਖੇ ਮਿਤੀ 19 ਸਤੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਤੋਂ 11:30 ਵਜੇ ਦਰਮਿਆਨ ਹੋਵੇਗਾ ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਟਾਈਨ ਰੋਡ ਬੇਕਰਸ਼ਫੀਲਡ ਵਿੱਖੇ ਹੋਵੇਗੀ।

ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਵਿੱਚ ਦੋ ਬੇਟੇ ਇੱਕ ਬੇਟੀ ਅਤੇ ਦੋਹਤੇ, ਦੋਹਤੀਆਂ, ਪੋਤੇ ਪੋਤੀਆਂ ਵਾਲਾ ਹਰਿਆ ਭਰਿਆ ਪਰਿਵਾਰ ਛੱਡਕੇ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 661-302-6930 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਉਦਿਤ ਰਾਜ ਅਤੇ ਕੌਸ਼ਲ ਕਿਸ਼ੋਰ ’ਤੇ ਕਾਰਵਾਈ ਦੀ ਮੰਗ

**ਲਖਨਊ–** ਜਨਤਕ ਹਿੱਤ ਸੁਰੱਖਿਆ ਸਮਿਤੀ ਦੇ ਪ੍ਰਧਾਨ ਸ਼ੈਲੇਂਦਰ ਦੂਬੇ ਨੇ ਭਾਜਪਾ ਸੰਸਦ ਮੈਂਬਰ ਉਦਿਤ ਰਾਜ ’ਤੇ ਜਾਤੀ ਟਕਰਾਅ ਪੈਦਾ ਕਰਨ ਦਾ ਦੋਸ਼ ਲਗਾਇਆ ਹੈ। ਕਮੇਟੀ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਤੋਂ ਮੰਗ ਕੀਤੀ ਕਿ ਉਹ ਸੰਸਦ ਮੈਂਬਰ ਉਦਿਤ ਰਾਜ, ਕੌਸ਼ਲ ਕਿਸ਼ੋਰ ਅਤੇ ਹੋਰਾਂ ਤੇ ਕਾਰਵਾਈ ਕਰੇ, ਜੋ ਤਰੱਕੀ ਵਿਚ ਰਿਜ਼ਰਵੇਸ਼ਨ ਦੇ ਨਾਂ ’ਤੇ ਸਮਾਜਿਕ ਸਹਿਹੋਂਦ ਵਿਚ ਜ਼ਹਿਰ ਘੋਲ ਰਹੇ ਹਨ।

ਉਧਰ ਰਿਜ਼ਰਵੇਸ਼ਨ ਬਚਾਓ ਸੰਘਰਸ਼ ਕਮੇਟੀ ਦੇ ਸੰਯੋਜਕ ਅਵਧੇਸ਼ ਵਰਮਾ ਦਾ ਕਹਿਣਾ ਹੈ ਕਿ ਤਰੱਕੀਆਂ ਵਿਚ ਰਿਜ਼ਰਵੇਸ਼ਨ ਸੰਵਿਧਾਨਕ ਸੋਧ ਬਿਲ ਲੋਕ ਸਭਾ ਤੋਂ ਪਾਸ ਕਰਵਾਉਣ ਦੇ ਲਈ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਧਾਇਕਾਂ ਅਤੇ ਸੰਸਦੀ ਫੋਰਮ ਦੀ ਨੈਸ਼ਨਲ ਐਡਵਾਈਜ਼ਰੀ ਕੌਂਸਲ ਦੀ ਵਿਸ਼ੇਸ਼ ਬੈਠਕ 10 ਦਸੰਬਰ ਨੂੰ ਨਵੀਂ ਦਿੱਲੀ ਦੇ ਹਰਿਆਣਾ ਭਵਨ ਵਿਚ ਹੋਵੇਗੀ, ਜਿਸਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਕੇ. ਜੀ. ਬਾਲਾਕ੍ਰਿਸ਼ਨਲ ਕਰਨਗੇ।

# ਕੁੰਦੀ ਪਰਿਵਾਰ ਵਲੋਂ ਪਿਤਾ ਬਲਵੀਰ ਸਿੰਘ ਕੁੰਦੀ ਜੀ ਦੀਆਂ ਅੱਖਾਂ ਦਾਨ

**ਫਗਵਾੜਾ, (ਬੀ. ਕੇ.ਰੱਤੂ)–** ਫਗਵਾੜਾ ਦੇ ਮੁਹੱਲਾ ਬਸੰਤ ਨਗਰ ਤੋਂ ਸਰਦਾਰ ਹਰਨਿੰਦਰ ਸਿੰਘ ਕੁੰਦੀ ਜੀ ਵਲੋਂ ਆਪਣੇ ਪਰਿਵਾਰ ਦੀ ਸਲਾਹ ਨਾਲ ਪਿਤਾ ਬਲਵੀਰ ਸਿੰਘ ਕੁੰਦੀ ਜੀ ਦੀਆਂ ਸਵਰਗਵਾਸ ਹੋਣ ਤੋਂ ਬਾਅਦ ਅੱਖਾਂ ਦਾਨ ਕਰਵਾ ਦਿੱਤੀਆਂ ਗਈਆਂ।ਸਵਰਗਵਾਸੀ ਸ. ਬਲਵੀਰ ਸਿੰਘ ਕੁੰਦੀ ਜੀ ਨੇ ਪਿਛਲੇ ਸਾਲ ਲੋਕ ਸੇਵਾ ਦਲ ਫਗਵਾੜਾ ਦੇ ਜਾਗਰੂਕਤਾ ਕੈਂਪ ਵਿੱਚ ਅੱਖਾਂ ਦਾਨ ਕਰਨ ਦਾ ਪ੍ਰਣ ਲਿਆ ਸੀ। ਉਹਨਾਂ ਨੇ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਮੇਰੇ ਜਾਣ ਤੋਂ ਬਾਅਦ ਮੇਰੀਆਂ ਅੱਖਾਂ ਜਰੂਰ ਦਾਨ ਕਰ ਦਿਓ ਤਾਂ ਜੋ ਦੋ ਨੇਤਰਹੀਣ ਇਹਨਾਂ ਅੱਖਾਂ ਨਾਲ ਦੇਖਣਯੋਗ ਹੋ ਸਕਣ।ਫਗਵਾੜਾ ਤੋਂ ਪੁਨਰਜੋਤ ਦੇ ਕੋਆਰਡੀਨੇਟਰ ਅਸ਼ੋਕ ਮੈਹਰਾ ਨੇ ਪੁਨਰਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨਾਲ ਅੱਧੀ ਰਾਤ ਨੂੰ ਮਿਲੇ ਸੁਨੇਹੇ ਤੋਂ ਬਾਅਦ ਸਵੇਰੇ 2 ਵਜੇ ਬਲਵੀਰ ਸਿੰਘ ਕੁੰਦੀ ਜੀ ਦੀਆਂ ਅੱਖਾਂ ਲੈਣ ਦੀ ਸੇਵਾ ਨਿਭਾਈ।ਪੁਨਰਜੋਤ ਪਰਿਵਾਰ ਉਹਨਾਂ ਦੋ ਨੇਤਰਹਣਿ ਇਨਸਾਨਾਂ ਵਲੋਂ ਜਿਹਨਾਂ ਨੂੰ ਇਹ ਦਾਨ ਕੀਤੀਆਂ ਅੱਖਾਂ ਦੀ ਬਦੌਲਤ ਰੌਸ਼ਨੀ ਮਿਲੇਗੀ ਅਤੇ ਡਾਕਟਰ ਰਮੇਸ਼ ਜੀ ਲੁਧਿਆਣਾ ਵਾਲੇ ਜੋ ਕੋਰਨੀਆਂ ਟਰਾਂਸਪਲਾਂਟ ਮੁਫ਼ਤ ਵਿੱਚ ਕਰਨਗੇ ਅਤੇ ਡਾਕਟਰ ਸਰਬਜੀਤ ਰਾਜਨ, ਰਾਜਨ ਆਈ ਕੇਅਰ ਫਗਵਾੜਾ ਜਿਹਨਾਂ ਅੱਖਾਂ ਦਾਨ ਕਰਵਾਉਣ ਵਿੱਚ ਸਹਾਇਤਾ ਕੀਤੀ ਵਲੋਂ ਸਾਰੇ ਕੁੰਦੀ ਪਰਿਵਾਰ ਦੀ ਇਸ ਮਹਾਂ ਦਾਨ ਲਈ ਧੰਨਵਾਦ ਕਰਦਾ ਹੋਇਆ ਵਿਛੜੀ ਰੂਹ ਦੇ ਸੱਚਖੰਡ ਵਾਸੀ ਅਤੇ ਮੁਕਤੀ ਲਈ ਅਰਦਾਸ ਕਰਦਾ ਹੈ।



# ਪ੍ਰਸਿੱਧ ਸਿੱਖ ਹਿਸਟੋਰੀਅਨ ਡਾ ਸੁਖਪ੍ਰੀਤ ਸਿੰਘ ਉਦੋਕੇ ਨੇ ਲੀਅਰ ਗੁਰੂ ਘਰ ਨਾਰਵੇ ਵਿਖੇ ਸੰਗਤਾਂ ਦੇ ਰੂਬਰੂ ਹੋਏ



**ਧਰਾਮਨ (ਰੁਪਿੰਦਰ ਢਿੱਲੋ ਮੋਗਾ)–** ਸਿੱਖ ਕੋਮ ਦੇ ਪ੍ਰਸਿੱਧ ਹਿਸਟੋਰੀਅਨ ਡਾਂ ਸੁੱਖਪ੍ਰੀਤ ਸਿੰਘ ਉਦੋਕੇ ਨੇ ਨੌਰਵੇ ਦੇ ਲੀਅਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਨਿਵਾਸ ਵਿਚ ਹਾਜਰੀ ਭਰੀ ਅਤੇ ਸੰਗਤਾ ਨਾਲ ਵਿਚਾਰ ਸਾਝੇ ਕੀਤੇ। ਡਾਕਟਰ ਉਦੋਕੇ ਦੇ ਵਿਚਾਰਾਂ ਨੂੰ ਸੁਣਨ ਲਈ ਦੂਰ ਨੇੜੇ ਦੇਸ਼ ਵਿਦੇਸ਼ ਤੋਂ ਵੀ ਸੰਗਤਾਂ ਨੇ ਹਿੱਸਾ ਲਿਆ। ਵਿਸ਼ੇਸ਼ ਤੌਰ ਤੇ ਰਾਜਧਾਨੀ ਓਸਲੋ, ਦਰਾਮਨ, ਲੀਅਰ ਅਤੇ ਆਸਕਰ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀ ਭਰੀ। ਡਾ: ਉਦੋਕੇ ਨੇ ਪਹਿਲੇ ਦਿਨ ਸ਼ਨੀਚਰਵਾਰ ਸ਼ਾਮ ਨੂੰ ਅੱਪਣੀ ਵਿਚਾਰਕ ਸਾਂਝ ਪਾਉਦੇਂ ਹੋਏ ਸ਼ਬਦ ਗੁਰੂ ਦੀ ਮਹੱਤਤਾ ਦੇ ਸਬੰਧੀ ਵਿਸ਼ਾ ਰੱਖਿਆ ਜਦੋਂ ਕਿ ਦੂਸਰੇ ਦਿਨ ਦੁਪਹਿਰ ਦੇ ਦਿਵਾਨ ਵਿਚ 18 ਸਦੀ ਦੀ ਸਿੱਖ ਲੀਡਰਸ਼ਿੱਪ ਅਤੇ ਅਜੋਕੀ ਸਿੱਖ ਲੀਡਰ ਸ਼ਿੱਪ ਦੇ ਕਿਰਦਾਰ ਤੇ ਮੁਕਾਬਲਤਨ ਚਾਨਣਾ ਪਾਇਆ। ਆਪ ਦੇ ਵਿਚਾਰ ਸੁਣਨ ਉਪਰੰਤ ਕੋਈ ਅੱਖ ਭਾਵਕ ਹੋਏ ਬਿਨਾਂ ਰਹਿ ਨ ਸਕੀ। ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਰ ਅਜੈਬ ਸਿੰਘ ਤੇ ਗੁਰੂ ਘਰ ਸਮੂਹ ਕਮੇਟੀ ਦੇ ਭਾਈ ਚਰਨਜੀਤ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਤਜਿੰਦਰਪਾਲ ਸਿੰਘ, ਬੀਬੀ ਤਰਵਿੰਦਰਪਾਲ ਕੋਰ, ਬੀਬੀ ਸੁਰਿੰਦਰ ਕੋਰ ਤੇ ਭਾਈ ਗਿਆਨ ਸਿੰਘ ਵੱਲੋਂ ਸਵਾਗਤੀ ਸ਼ਬਦਾਂ ਨਾਲ ਸਬੋਧਨ ਕਰਨ ਉਪਰੰਤ ਡਾ: ਸੁਖਪ੍ਰੀਤ ਸਿੰਘ ਉਦੋਕੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



21 ਸਤੰਬਰ ਨੂੰ ਕਾਮਰੇਡ ਸੁਰਜੀਤ ਦੀ 7ਵੀਂ ਬਰਸੀ ਬੁੰਡਾਲਾ (ਜਲੰਧਰ) ਵਿਖੇ ਮਨਾਈ ਜਾ ਰਹੀ ਹੈ। ਇਸ ਮੌਕੇ ਪਾਰਟੀ ਪ੍ਰਧਾਨ ਸੀਤਾ ਰਾਮ ਯੇਚੁਰੀ 21 ਸਤੰਬਰ ਨੂੰ ਕਾਮਰੇਡ ਸੁਰ-ਜੀਤ ਨੂੰ ਸ਼ਰਧਾਂਜਲੀ ਭੇਂਟ ਕਰਨ ਆਉਣਗੇ।

# ਪੰਜਾਬ ਸਰਕਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ’ਤੇ ਚਲੇ ਆਉਂਦੇ ਵਿਧਾਨ ਸਭਾ ਅਜਲਾਸ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ : ਗੁਮਟਾਲਾ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ-ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ’ਤੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ’ਤੇ ਅਮਲ ਕਰਨ ਦੀ ਅਪੀਲ ਦਾ ਸੁਆਗਤ ਕਰਦੇ ਹੋਏ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਪੰਜਾਬ ਸਰਕਾਰ ਵੀ ਇਸ ’ਤੇ ਅਮਲ ਕਰਦੇ ਹੋਏ, ਭ੍ਰਿਸ਼ਟਾਚਾਰ ਨੂੰ ਰੋਕਣ ਲਈ ਆਉਂਦੇ ਵਿਧਾਨ ਸਭਾ ਅਜਲਾਸ ਵਿਚ ਸਖ਼ਤ ਕਾਨੂੰਨ ਬਣਾਏ, ਜਿਸ ਲਈ ਸ੍ਰੀ ਐਨਾ ਹਜਾਰਾ ਨੇ ਅੰਦੋਲਨ ਚਲਾਇਆ ਸੀ ਤੇ ਬਾਦਲ ਸਾਹਿਬ ਨੇ ਉਨ੍ਹਾਂ ਦੀ ਮੰਗ ਦੀ ਹਮਾਇਤ ਕੀਤੀ ਸੀ। ਯਾਦ ਰਹੇ ਕਿ ਬਾਦਲ ਸਾਹਿਬ ਨੇ 7 ਅਪ੍ਰੈਲ 2011 ਨੂੰ ਰੂਪ ਨਗਰ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਮੇਰੀ ਪਾਰਟੀ ਅਸੂਲਨ ਤੌਰ ’ਤੇ ਰਿਸ਼ਵਤਖੋਰੀ ਦੇ ਵਿਰੁੱਧ ਹੈ ਅਤੇ ਜਿੰਨੀ ਦੇਰ ਤੀਕ ਰਿਸ਼ਵਤਖੋਰੀ ਨੂੰ ਨਥ ਨਹੀਂ ਪਾਈ ਜਾਂਦੀ ਤੇ ਕਾਲਾ ਧਨ ਬਾਹਰ ਨਹੀਂ ਲਿਆਂਦਾ ਜਾਂਦਾ ਓਨੀ ਦੇਰ ਤੀਕ ਦੇਸ਼ ਤਰੱਕੀ ਨਹੀਂ ਕਰ ਸਕਦਾ।

ਉਨ੍ਹਾਂ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਐਨਾ ਹਜ਼ਾਰੇ ਦੀ ਮੰਗ ਨੂੰ ਮੁੱਖ ਰੱਖ ਕੇ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਅਪੀਲ ਕੀਤੀ ਸੀ। ਸ੍ਰੀ ਨਰਿੰਦਰ ਮੋਦੀ ਨੇ ਭ੍ਰਿਸ਼ਟਾਚਾਰ ਨੂੰ ਲੈ ਕੇ ਚੋਣ ਲੜੀ ਸੀ ਪਰ ਡੇਢ ਸਾਲ ਬੀਤ ਜਾਣ ’ਤੇ ਕੁਝ ਨਹੀਂ ਕੀਤਾ।? ਯਾਤਰੂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ, ਟ੍ਰੈਫਿਕ ਪੁਲਿਸ ਉਨ੍ਹਾਂ ਨੂੰ ਥਾਂ ਥਾਂ ਖੜਾ ਕਰਕੇ ਪੈਸੇ ਬਟੋਰਦੀ ਹੈ।

# ਲੰਡਨ ਸਥਿਤ ਡਾ: ਅੰਬੇਡਕਰ ਦਾ ਘਰ ਖਰੀਦਿਆ-ਬਣੇਗਾ ਕੌਮਾਂਤਰੀ ਯਾਦਗਾਰ

## ਯੂ ਕੇ ਦੇ ਅੰਬੇਡਕਰੀਆਂ ਦੀ ਲਗਨ ਅਤੇ ਮੇਹਨਤ ਰੰਗ ਲਿਆਈ



**ਅਰੁਨ ਕੁਮਾਰ**
**ਬੈਡਫੋਰਡ, ਯੂ ਕੇ**

ਭਾਰਤੀ ਸਵਿੰਧਾਨ ਦੇ ਨਿਰਮਾਤਾ, ਮਨੁੱਖੀ ਅਧਿਕਾਰਾਂ ਦੇ ਰਖਵਾਲੇ, ਦਲਿਤ ਵਰਗ ਦੇ ਮੁਕਤੀਦਾਤਾ, ਬੁੱਧ ਧਰਮ ਨੂੰ ਮੁੜ ਤੋਂ ਸੁਰਜੀਤ ਕਰਨ ਵਾਲੇ ਭਾਰਤ ਦੇ ਮਹਾਨ ਬੁੱਧੀ ਜੀਵੀ ਡਾ: ਅੰਬੇਡਕਰ ਦੇ ਲੰਡਨ ਵਿਖੇ 10 ਕਿੰਗਜ਼ ਹੈਨਰੀ ਰੋਡ, ਤੇ ਸਥਿਤ ਮਕਾਨ ਜਿਥੇ ਉਹ ਲੰਡਨ ਸਕੂਲ ਆਫ ਇਕਨਾਮਿਕਸ ਵਿਚ ਪੜ੍ਹਾਈ ਦੌਰਾਨ 1921-22 ਵਿਚ ਕਿਰਾਏ ਤੇ ਰਹੇ ਸਨ, ਕਈ ਮਹੀਨਿਆਂ ਦੀ ਅਨਿਸਚਤਤਾ ਅਤੇ ਉਤਾਰ ਚੜ੍ਹਾ ਤੋਂ ਬਾਦ ਖਰੀਦ ਲਿਆ ਗਿਆ।ਮਹਾਂਰਾਸ਼ਟਰ ਦੇ ਸਮਾਜਿਕ ਨਿਆਂ ਅਤੇ ਵਿਸ਼ੇਸ਼ ਸਹਾਇਤਾ ਮੰਤਰੀ, ਸ੍ਰੀ ਰਾਜ ਕੁਮਾਰ ਬਡੋਲੇ ਨੇ ਕਨੂੰਨੀ ਕਾਰਵਾਈ ਨੂੰ ਪੂਰੇ ਕਰਦਿਆਂ ਕਰਾਰ ਨਾਮੇ ਉਪਰ ਦਸਤਖਤ ਕਰ ਕੇ ਇਸ ਘਰ ਦੀ ਮਲਕੀਅਤ ਦਾ ਹੱਕ ਪ੍ਰਾਪਤ ਕਰ ਲਿਆ ਹੈ।ਇਹ ਇਮਾਰਤ ਹੁਣ ਡਾ: ਅੰਬੇਡਕਰ ਦੀ ਯਾਦ ਵਿਚ ਇਕ ਵਿਦਿਅਕ ਅਤੇ ਸਭਿਆਚਾਰਕ ਕੇਂਦਰ ਬਣੇਗੀ। ਫੈਬੋ ਯੂ ਕੇ, ਬੋਧੀ ਅਤੇ ਅੰਬੇਦਕਰੀ ਸੰਸਥਾਵਾਂ ਦੇ ਮਹਾਂਸੰਘ (ਅੰਬੇਡਕਰਾਈਟ ਐਂਡ ਬੁਧਿਸਿਟ ਆਰਗੇਨਾਈਜ਼ੇਸ਼ਨਜ਼ ਯੂ ਕੇ ਦੀ ਪ੍ਰਧਾਨ ਸ੍ਰੀਮਤੀ ਸੰਤੋਸ਼ ਦਾਸ ਐਮ ਬੀ ਈ ਨੇ ਖੁਸ਼ੀ ਪ੍ਰਗਟ ਕਰਦੇ ਕਿਹਾ ਕਾਫੀ ਅਰਸੇ ਤੋਂ ਬਾਬਾਸਾਹਿਬ ਡਾ: ਅੰਬੇਡਕਰ ਦੇ ਸ਼ਰਧਾਲੂਆਂ ਅਤੇ ਪ੍ਰਸ਼ੰਸਕਾਂ ਦਾ ਇਹ ਘਰ ਖਰੀਦਣ ਦਾ ਸੁਪਨਾ ਸੀ ਜੋ ਹੁਣ ਪੂਰਾ ਹੋਇਆ ਹੈ।ਅਰੁਨ ਕੁਮਾਰ, ਜਨਰਲ ਸਕੱਤਰ ਅਨੁਸਾਰ ਸਰਕਾਰ ਵਲੋਂ ਇਸ ਘਰ ਨੂੰ ਖਰੀਦਣ ਨਾਲ ਭਾਰਤ ਦੇ ਇਤਿਹਾਸ ਦਾ ਇਕ ਬਹੁਤ ਵਡਮੁਲਾ ਭਾਗ ਬਚਾ ਲਿਆ ਗਿਆ ਹੈ।ਡਾ:ਅੰਬੇਡਕਰ ਦੀ ਲੰਡਨ ਵਿਚ ਇਹ ਕੌਮਾਂਤਰੀ ਯਾਦਗਾਰ ਦੁਨੀਆਂ ਦੇ ਦੱਬੇ ਕੁਚਲੇ ਅਤੇ ਮਨੁੱਖੀ ਅਧਿਕਾਰਾਂ ਵਾਸਤੇ ਜੂਝਦੇ ਲੋਕਾਂ ਨੂੰ ਕਈ ਪੀੜ੍ਹੀਆਂ ਤਕ ਪ੍ਰੇਰਨਾ ਦਿੰਦੀ ਰਹੇਗੀ।




ਫੈਬੋ ਯੂ ਕੇ ਦੇ ਮੈਂਬਰਾਂ ਅਤੇ ਮਹਾਂਰਾਸ਼ਟਰ ਵਿਚ ਅਨੇਕਾਂ ਅੰਬੇਡਕਰ ਦੇ ਸ਼ਰਧਾਲੂਆਂ ਦੀ ਇਕ ਸਾਲ ਦੀ ਸਖਤ ਮੇਹਨਤ ਸਦਕਾ ਇਸ ਘਰ ਦੀ ਖਰੀਦ ਸੰਭਵ ਹੋ ਸਕੀ ਹੈ।ਜਿਉਂ ਹੀ ਇਸ ਘਰ ਦੀ ਵਿਕਰੀ ਬਾਰੇ ਲੰਡਨ ਵਾਲੇ ਹਰਬੰਸ ਵਿਰਦੀ ਨੇ 28 ਅਗਸਤ 2014 ਨੂੰ ਈ ਮੇਲ ਰਾਹੀਂ ਸੂਚਿਤ ਕੀਤਾ, ਬਰਤਾਨੀਆਂ ਵਿਚ ਬੋਧੀ ਅਤੇ ਅੰਬੇਦਕਰੀ ਸੰਸਥਾਵਾਂ ਦੇ ਮਹਾਂਸੰਘ ਦੀ ਪ੍ਰਧਾਨ ਸ੍ਰੀਮਤੀ ਸੰਤੋਸ਼ ਦਾਸ ਐਮ ਬੀ ਈ ਨੇ ਫਟਾ ਫਟ ਇਸ ਇਮਾਰਤ ਨੂੰ ਡਾ: ਅੰਬੇਡਕਰ ਦੀ ਯਾਦਗਾਰ ਬਣਾਉਣ ਵਾਸਤੇ ਪਹਿਲੀ ਸਤੰਬਰ ਨੂੰ ਪ੍ਰਸਤਾਵ ਮਹਾਂਰਾਸ਼ਟਰ ਦੇ ਉਸ ਵੇਲੇ ਦੇ ਮੁੱਖ ਮੰਤਰੀ ਸ੍ਰੀ ਪ੍ਰਿਥਵੀ ਚਵਾਨ ਨੂੰ ਭੇਜਿਆ ਅਤੇ ਉਸ ਦੀ ਕਾਪੀ ਆਪਣੇ ਸਹਿਯੋਗੀ ਅੰਬੇਦਕਰੀ ਸਾਥੀ ਆਰ ਕੇ ਗਾਇਕਵਾਡ ਆਈ ਏ ਐਸ ਸੇਵਾ ਮੁਕਤ (ਭੂਤਪੂਰਵ ਸਕਤਰ, ਮਹਾਂਰਾਸ਼ਟਰ ਸਰਕਾਰ) ਅਤੇ ਰਮੇਸ਼ ਕਟਕੇ, ਡਿਪਟੀ ਰਜਿਸਟਰਾਰ, ਸਹਿਕਾਰਤਾ ਵਿਭਾਗ ਨੂੰ ਭੇਜੀ। ਪ੍ਰਸਤਾਵ ਅਨੁਸਾਰ ਇਸ ਛੇ ਬੈਡਰੂਮ ਵਾਲੀ ਇਮਾਰਤ ਨੂੰ ਖਰੀਦ ਕੇ ਇਥੇ ਇਕ ਹਿੱਸੇ ਵਿਚ ਡ: ਅੰਬੇਡਕਰ ਨਾਲ ਸੰਬਧਤ ਲਿਖਤਾਂ ਅਤੇ ਹੋਰ ਸਮਗਰੀ ਰੱਖ ਕੇ ਇਕ ਮਿਉਜ਼ਿਅਮ ਬਣਾਇਆ ਜਾਵੇਗਾ ਅਤੇ ਇਕ ਹਿੱਸਾ ਦਲਿਤ ਵਿਦਿਆਰਥੀਆਂ ਵਾਸਤੇ ਹੋਸਟਲ ਵਜੋਂ ਵਰਤਿਆ ਜਾਵੇਗਾ। ਇਸ ਮੰਤਵ ਲਈ ਫੈਬੋ ਯੂ ਕੇ ਨੇ ਇਸ ਕਾਰਜ ਵਾਸਤੇ ਸਰਕਾਰ ਨੂੰ 40 ਕਰੋੜ ਰੁਪਇਆ ਮਨਜ਼ੂਰ ਕਰਨ ਦੀ ਬੇਨਤੀ ਕੀਤੀ। ਗਾਇਕਵਾਡ ਜੀ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਮੁੱਖ ਮੰਤਰੀ ਸ੍ਰੀ ਚਵਾਨ ਨੂੰ ਮਿਲੇ ਅਤੇ ਲੰਡਨ ਇਸ ਇਮਾਰਤ ਨੂੰ ਖਰੀਦ ਕੇ ਫੈ ਬੋ ਯੂ ਕੇ ਦੇ ਪ੍ਰਸਤਾਵ ਤੇ ਅਮਲ ਕਰਨ ਵਾਸਤੇ ਬੇਨਤੀ ਕੀਤੀ। ਮੁੱਖ ਮੰਤਰੀ ਨੇ ਇਸ ਪ੍ਰਸਤਾਵ ਉਪਰ ਵਿਚਾਰ ਕਰਨ ਦਾ ਭਰੋਸਾ ਦਵਾਇਆ। ਅੰਬੇਡਕਰੀ ਸਾਥੀਆਂ ਅਤੇ ਦਲਿਤ ਭਾਈਚਾਰੇ ਵਿਚ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਨ੍ਹਾਂ ਭਾਰਤ ਦੀਆਂ ਅਖਬਾਰਾਂ ਵਿਚ ਇਹ ਪੜ੍ਹਿਆ ਕਿ ਮਹਾਰਾਸ਼ਟਰ ਸਰਕਾਰ ਨੇ ਫੈ ਬੋ ਯੂ ਕੇ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਉਹ ਲੰਡਨ ਵਿਚ ਡਾ ਅੰਬੇਡਕਰ ਦਾ ਘਰ ਖਰੇਦਗੀ।

ਬੇਸ਼ਕ ਮਹਾਂਰਾਸ਼ਟਰ ਸਰਕਾਰ ਨੇ ਘਰ ਖਰੀਦਣ ਦੀ ਇੱਛਾ ਪ੍ਰਗਟ ਕੀਤੀ ਪਰ ਇਸ ਵਿਚ ਦੋ ਪਰਮੁੱਖ ਔਕੜਾਂ ਆ ਰਹੀਆਂ ਸਨ। ਪਹਿਲੀ ਇਹ ਮਾਮਲਾ 40 ਕਰੋੜ ਰੁਪਏ ਦਾ ਸੀ ਇਸ ਕਰਕੇ ਇਸ ਵੱਡੀ ਰਕਮ ਦੀ ਮੰਤਰੀ ਮੰਡਲ ਤੋਂ ਮਨਜ਼ੂਰੀ ਜ਼ਰੂਰੀ ਸੀ। ਦੂਸਰੀ ਔਕੜ ਇਹ ਸੀ ਕਿ ਭਾਰਤ ਸਰਕਾਰ ਦੀ ਮਨਜ਼ੂਰੀ ਤੋਂ ਬਿਨ੍ਹਾਂ ਕੋਈ ਵੀ ਰਾਜ ਸਰਕਾਰ ਬਦੇਸ਼ ਵਿਚ ਕੋਈ ਜਾਇਦਾਦ ਨਹੀਂ ਖਰੀਦ ਸਕਦੀ।

ਸਰਕਾਰੀ ਨੌਕਰਸ਼ਾਹੀ ਵਿਚ ਇਹ ਮਾਮਲਾ ਲਟਕਦਾ ਰਿਹਾ ਅਤੇ ਮਹਾਰਾਸ਼ਟਰ ਵਿਚ ਚੋਣਾਂ ਦੀ ਘੋਸ਼ਣਾ ਹੋ ਗਈ। ਹੁਣ ਇਕ ਵੱਡੀ ਸਮਸਿਆ ਖੜ੍ਹੀ ਹੋ ਗਈ। ਚੋਣ ਜਾਬਤਾ ਲਾਗੂ ਹੋਣ ਕਾਰਣ ਰਾਜ ਸਰਕਾਰ ਕੋਈ ਵੀ ਅਹਿਮ ਫੈਸਲਾ ਨਹੀਂ ਸੀ ਲੈ ਸਕਦੀ। ਹੁਣ ਇੰਝ ਪ੍ਰਤੀਤ ਹੋਣ ਲਗਾ ਕਿ ਇਸ ਘਰ ਨੂੰ ਖਰੀਦਣ ਦਾ ਫੈਸਲਾ ਸ਼ਾਇਦ ਚੋਣਾਂ ਦੀ ਬਲੀ ਚੜ੍ਹ ਜਾਵੇਗਾ। ਜਨਵਰੀ 2015 ਵਿਚ ਫੈਬੋ ਯੂ ਕੇ ਦਾ ਸਯੁੰਕਤ ਸਕਤਰ ਸ੍ਰੀ ਗੌਤਮ ਚਕਰਵਰਤੀ ਗੁਜਰਾਤ ਵਿਚ ਵਰਲਡ ਬੁਧਿਸਿਟ ਕਾਨਫਰੰਸ ਵਿਚ ਭਾਗ ਲੈਣ ਵਾਸਤੇ ਗਿਆ ਹੋਇਆ ਸੀ।ਉਹ ਅਤੇ ਸ੍ਰੀਮਤੀ ਕਲਪਨਾ ਸਰੋਜ ਫੈਬੋ ਵਲੋਂ ਸ੍ਰੀਮਤੀ ਸੰਤੋਸ਼ ਦਾਸ ਦੀ ਪ੍ਰਧਾਨ ਮੰਤਰੀ ਦੇ ਨਾਂ ਤੇ ਲਿਖੀ ਚਿੱਠੀ ਲੈ ਕੇ ਦਿੱਲੀ ਪ੍ਰਧਾਨ ਮੰਤਰੀ ਦੇ ਨੈਸ਼ਨਲ ਸਕਿਉਰਿਟੀ ਦੇ ਮੁੱਖੀ ਸ੍ਰੀ ਅਜੀਤ ਦੋਵਲ ਨੂੰ ਮਿਲੇ ਜਿਸ ਨੇ ਪ੍ਰਧਾਨ ਮੰਤਰੀ ਦੀ ਹਮਾਇਤ ਦਾ ਭਰੋਸਾ ਦਵਾਇਆ। ਮਹਾਂਰਾਸ਼ਟਰ ਵਿਚ ਕਾਂਗਰਸ ਚੋਣ ਹਾਰ ਗਈ ਅਤੇ ਭਾਰਤੀ ਜਨਤਾ ਪਾਰਟੀ ਨੇ ਰਾਜ ਦੀ ਵਾਗਡੋਰ ਸੰਭਾਲ ਲਈ। ਮਹਾਰਾਸ਼ਟਰ ਵਿਚ ਅੰਬੇਡਕਰੀ ਸਾਥੀਆਂ ਨੇ ਹਿਮਤ ਨਹੀਂ ਹਾਰੀ ਅਤੇ ਉਨ੍ਹਾਂ ਦਾ ਵਫਦ ਨਿਤਿਨ ਗਟਕਰੀ ਅਤੇ ਹੋਰ ਨੇਤਾਵਾਂ ਰਾਹੀਂ ਨਵੇਂ ਮੁਖ ਮੰਤਰੀ ਅਤੇ ਮੰਤਰੀਆਂ ਤਕ ਪਹੁੰਚ ਕਰਦੇ ਰਹੇ। ਆਖਰਕਾਰ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਦੇ ਫੈਸਲੇ ਨੂੰ ਮੰਨਦੇ ਹੋਏ ਅੰਬੇਡਕਰ ਦੇ ਘਰ ਨੂੰ ਖਰੀਦਣ ਦਾ ਫੈਸਲਾ ਕਰ ਲਿਆ।

ਇਸ ਸਮੇਂ ਦੋਰਾਨ ਹੀ ਮਹਾਂਰਾਸ਼ਟਰ ਸਰਕਾਰ ਦੇ ਸਿਖਿਆ ਮੰਤਰੀ ਸ੍ਰੀ ਵਿਨੋਦ ਤਾਵੜੇ ਕੈਂਬਰਿਜ ਯੂਨੀਵਰਸਿਟੀ ਵਿਚ ਇਕ ਕਾਨਫਰੰਸ ਵਿਚ ਭਾਗ ਲੈਣ ਵਾਸਤੇ ਆਏ ਹੋਏ ਸਨ। ਸ਼੍ਰੀ ਤਾਵੜੇ ਨੇ ਫੈਬੋ ਯੂ ਕੇ ਦੀ ਪ੍ਰਧਾਨ ਸੰਤੋਸ਼ ਦਾਸ ਅਤੇ ਭਾਰਤੀ ਹਾਈ ਕਮਿਸ਼ਨਰ ਸ੍ਰੀ ਰੰਜਨ ਮਥਾਈ ਨਾਲ ਇਕ ਸਾਂਝੀ ਮੀਟਿੰਗ ਵਿਚ ਇਹ ਐਲਾਨ ਕੀਤਾ ਕਿ ਮਹਾਂਰਾਸ਼ਟਰ ਸਰਕਾਰ ਨੇ ਇਹ ਘਰ ਖਰੀਦਣ ਦਾ ਪੱਕਾ ਮਨ ਬਣਾ ਲਿਆ ਹੈ। ਬਾਦ ਵਿਚ ਸੰਤੋਸ਼ ਦਾਸ ਅਤੇ ਮੰਤਰੀ ਦੋਵੇਂ ਘਰ ਦੇਖਣ ਵਾਸਤੇ ਗਏ। 22 ਜਨਵਰੀ ਨੂੰ ਨਿਆਂ ਮੰਤਰੀ ਸ੍ਰੀ ਵਲੋਂ ਹਾਈ ਕਮਿਸ਼ਨਰ ਨੂੰ ਘਰ ਦੀ ਖਰੀਦ ਕਰਨ ਵਾਸਤੇ ਪ੍ਰੀਕਿਰਿਆ ਸ਼ੁਰੂ ਕਰਨ ਵਾਸਤੇ ਚਿੱਠੀ ਰਾਹੀ ਆਦੇਸ਼ ਦਿੱਤੇ ਗਏ। 31 ਜਨਵਰੀ ਨੂੰ ਮਹਾਂਰਾਸ਼ਟਰ ਦੇ ਸਿਖਿਆ ਮੰਤਰੀ ਨੇ ਭਾਰਤ ਦੀ ਬਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਲੰਡਨ ਵਿਚ ਘਰ ਖਰੀਦਣ ਵਾਸਤੇ ਬਦੇਸ਼ ਮੰਤਰਾਲੇ ਦੀ ਮਨਜ਼ੂਰੀ ਬਾਰੇ ਲਿਖਿਆ।

ਮਹਾਂਰਾਸ਼ਟਰ ਸਰਕਾਰ ਵੀ ਇਮਾਰਤ ਦੀ ਹਾਲਤ ਬਾਰੇ ਪੁਸ਼ਟੀ ਕਰਨਾ ਚਾਹੁੰਦੀ ਸੀ ਇਸ ਮੰਤਵ ਵਾਸਤੇ ਮਹਾਂਰਾਸ਼ਟਰ ਸਰਕਾਰ ਦੇ ਤਿੰਨ ਮੈਂਬਰੀ ਵਫਦ ਨੇ ਅਪ੍ਰੈਲ 2015 ਵਿਚ ਲੰਡਨ ਦਾ ਦੌਰਾ ਕੀਤਾ ਜਿਸ ਵਿਚ ਸਮਾਜਿਕ ਨਿਆਂ ਅਤੇ ਵਿਸ਼ੇਸ਼ ਸਹਾਇਤਾ ਮੰਤਰੀ ਸ੍ਰੀ ਰਾਜ ਕੁਮਾਰ ਬਡੋਲੇ, ਉਸ ਦਾ ਮੱਖ ਸਕਤਰ, ਉਜਵਲ ਉਕੇ ਅਤੇ ਰਾਜ ਮੰਤਰੀ ਦਿਲੀਪ ਕਾਂਬਲੇ ਸ਼ਾਮਲ ਸਨ।

ਇਮਾਰਤ ਦਾ ਨਿਰੀਖਣ ਕਰਨ ਤੋਂ ਬਾਦ ਘਰ ਖਰੀਦਣ ਦੀ ਪ੍ਰੀਕਿਰਿਆ ਨੂੰ ਤੇਜ਼ ਕਰਨ ਵਾਸਤੇ ਇਨ੍ਹਾਂ ਨੇ ਭਾਰਤੀ ਹਾਈ ਕਮਿਸ਼ਨ ਅਤੇ ਵਕੀਲਾਂ ਨਾਲ ਮੁਲਾਕਾਤ ਕੀਤੀ। ਫੈਬੋ ਯੂਕੇ ਦੇ ਪ੍ਰਸਤਾਵ ਉਪਰ ਅਗੇ ਵਿਚਾਰ ਵਟਾਂਦਰਾ ਕਰਨ ਵਾਸਤੇ ਫੈਬੋ ਦੇ ਨੁਮਾਇੰਦਿਆ ਗੌਤਮ, ਚਕਰਵਰਤੀ, ਅਰੁਨ ਕੁਮਾਰ ਅਤੇ ਰਾਮ ਪਾਲ ਰਾਹੀ ਨਾਲ ਭਾਰਤੀ ਹਾਈ ਕਮਿਸ਼ਨਰ ਦੀ ਮੌਜੂਦਗੀ ਵਿਚ ਮੁਲਾਕਾਤ ਕੀਤੀ ਜਿਸ ਵਿਚ ਘਰ ਨੂੰ ਇਕ ਵਧੀਆ ਯਾਦਗਾਰ ਬਣਾਉਂਣ ਬਾਰੇ ਸੁਝਾਵ ਪੇਸ਼ ਕੀਤੇ ਗਏ।

ਘਰ ਦੀ ਖਰੀਦ ਨੂੰ ਅੰਤਮ ਰੂਪ ਦੇਣ ਵਾਸਤੇ ਮਹਾਂਰਾਸ਼ਟਰ ਦੇ ਮੰਤਰੀ ਸ੍ਰੀ ਬਡੋਲੇ ਨੇ ਅਗਸਤ ਦੇ ਅਖੀਰਲੇ ਹਫਤੇ ਫਿਰ ਲੰਡਨ ਦਾ ਦੌਰਾ ਕੀਤਾ ਅਤੇ ਕਰਾਰਨਾਮੇ ਤੇ ਦਸਤਖਤ ਕਰ ਕੇ ਮਹਾਂਰਾਸ਼ਟਰ ਸਰਕਾਰ ਨੇ ਇਕ ਨਵਾਂ ਇਤਿਹਾਸ ਰਚਿਆ। ਇਹ ਭਾਰਤ ਤੋਂ ਬਾਹਰ ਪਹਿਲੀ ਇਮਾਰਤ ਹੈ ਜਿਸ ਨੂੰ ਕਿਸੇ ਰਾਜ ਸਰਕਾਰ ਨੇ ਖਰੀਦਿਆ ਹੈ। ਉਮੀਦ ਹੈ ਦੋ ਹਫਤਿਆਂ ਦੇ ਵਿਚ ਸਰਕਾਰੀ ਕਾਰਵਾਈ ਮੁਕੰਮਲ ਹੋਣ ਤੋਂ ਬਾਦ ਘਰ ਦੀ ਚਾਬੀ ਮਹਾਂਰਾਸ਼ਟਰ ਸਰਕਾਰ ਨੂੰ ਮਿਲ ਜਾਵੇਗੀ।

ਡਾ: ਅੰਬੇਡਕਰ ਦੇ ਇਸ ਘਰ ਖਰੀਦਣ ਦਾ ਰਸਤਾ ਏਨਾ ਅਸਾਨ ਨਹੀਂ ਸੀ। ਤਿੰਨ ਮੌਕੇ ਇਸ ਤਰ੍ਹਾਂ ਦੇ ਆਏ ਜਦੋਂ ਇਹ ਲਗਿਆ ਕਿ ਇਹ ਸੌਦਾ ਹਥੋਂ ਨਿਕਲ ਜਾਵੇਗਾ। ਇਕ ਵਾਰ ਤਾਂ ਇਸ ਇਮਾਰਤ ਨੂੰ ਖਰੀਦਣ ਵਾਸਤੇ ਇਕ ਹੋਰ ਗਾਹਕ ਨੇ ਘਰ ਖਰੀਦਣ ਵਾਸਤੇ ਬਿਆਨਾ ਦੇ ਦਿੱਤਾ। ਫਿਰ ਨੌਕਰਸ਼ਾਹੀ ਵਲੋਂ ਦੇਰੀ ਕਾਰਣ ਮਾਲਕ ਮਕਾਨ ਨੇ ਘਰ ਨਾ ਵੇਚਣ ਦਾ ਇਰਾਦਾ ਬਣਾ ਲਿਆ। ਇਕ ਵਾਰ ਤਾਂ ਮਾਮਲਾ ਏਨਾ ਗੰਭੀਰ ਹੋ ਗਿਆ ਕਿ ਮਾਲਕ ਮਕਾਨ ਨੇ ਆਪਣੇ ਵਕੀਲ ਨੂੰ ਇਹ ਲਿਖਤੀ ਰੂਪ ਵਿਚ ਸੂਚਿਤ ਕਰ ਦਿੱਤਾ ਕਿ ਜੇ ਕਰ ਇਕ ਹਫਤੇ ਵਿਚ ਘਰ ਖਰੀਦਣ ਦੀ ਪ੍ਰੀਕਿਰਿਆ ਪੂਰੀ ਨਹੀਂ ਹੁੰਦੀ ਤਾਂ ਉਹ ਮਹਾਂਰਾਸ਼ਟਰ ਸਰਕਾਰ ਨਾਲ ਚਿੱਠੀ ਪੱਤਰ ਬੰਦ ਕਰ ਦੇਵੇ ਅਤੇ ਘਰ ਦੇ ਸਾਰੇ ਪੇਪਰ ਵੀ ਵਾਪਸ ਕਰ ਦੇਵੇ।

ਫੈਬੋ ਦੀ ਪ੍ਰਧਾਨ ਸ੍ਰੀਮਤੀ ਸੰਤੋਸ਼ ਦਾਸ ਨੇ ਇਸਟੇਟ ਏਜੰਟ, ਵਕੀਲ ਅਤੇ ਮਾਲਕ ਮਕਾਨ ਨਾਲ ਰਾਬਤਾ ਬਣਾਈ ਰਖਿਆ ਅਤੇ ਘਰ ਮਹੱਤਤਾ ਨੂੰ ਮੁੱਖ ਰਖਦਿਆਂ ਘਰ ਹੋਰ ਕਿਸੇ ਨੂੰ ਨਾ ਵੇਚਣ ਵਾਸਤੇ ਅਟਕਾਈ ਰਖਿਆ।

ਦੂਜੇ ਪਾਸੇ ਮਹਾਂਰਾਸ਼ਟਰ ਵਿਚਲੀ ਆਪਣੀ ਟੀਮ ਨੂੰ ਵੀ ਪ੍ਰੀਕਿਰਿਆ ਤੇਜ਼ ਕਰਨ ਵਾਸਤੇ ਹਦਾਇਤਾਂ ਦਿੰਦੀ ਰਹੀ।ਪਿਛਲੇ ਇਕ ਸਾਲ ਤੋਂ ਹਰ ਰੋਜ਼ ਟੈਲੀਫੋਨ, ਈਮੇਲ ਅਤੇ ਵਟਸਐਪ ਰਾਹੀ ਇਕ ਦੁਜੇ ਨਾਲ ਸਲਾਹ ਮਸ਼ਵਰਾ ਚਲਦਾ ਰਿਹਾ। ਲੇਖਕ ਇਸ ਟੀਮ ਦਾ ਹਿੱਸਾ ਹੋਣ ਕਾਰਣ ਦਾਹਵੇ ਨਾਲ ਕਹਿ ਸਕਦਾ ਹੈ ਕਿ ਜੇ ਸੰਤੋਸ਼ ਟੀਮ ਦੀ ਲੀਡਰ ਨਾਂ ਹੁੰਦੀ ਤਾਂ ਘਰ ਖਰੀਦਣਾ ਅਸੰਭਵ ਸੀ।ਮਹਾਂਰਾਸ਼ਟਰ ਸਰਕਾਰ ਤਾਂ ਧਨਵਾਦ ਦੀ ਪਾਤਰ ਹੈ ਹੀ ਪਰ ਸ੍ਰੀ ਆਰ ਕੇ ਗਾਇਕਵਾਡ ਅਤੇ ਰਮੇਸ਼ ਕਟਕੇ ਨੇ ਜੋ ਭੂਮਿਕਾ ਨਿਭਾਈ ਹੈ ਉਸ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

# ਪੁਸਤਕ ਹਜ਼ੂਰੀ ਸ਼ਹੀਦ ਦੀ ਤੀਜੀ ਐਡੀਸ਼ਨ ਰਿਲੀਜ਼

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸਥਾਨਕ ਅਸ਼ੋਕਾ ਸੀ. ਸੈ. ਸਕੂਲ ਅਜੀਤ ਨਗਰ ਵਿਖੇ ਸਾਹਿਬ ਇੰਟਰਨੈਸ਼ਨਲ ਪੰਜਾਬੀ ਮਾਸਕ ਪੱਤਰ ਯੂ. ਕੇ. ਦੇ ਮੁੱਖ ਸੰਪਾਦਕ ਰਣਜੀਤ ਸਿੰਘ ਰਾਣਾ ਦੁਆਰਾ ਲਿਖਤ ਪੁਸਤਕ ਹਜ਼ੂਰੀ ਸ਼ਹੀਦ ਦੀ ਤੀਜੀ ਐਡੀਸ਼ਨ ਬੀਤੇ ਦਿਨ ਰਲੀਜ਼ ਕੀਤੀ ਗਈ ਤੇ ਹਾਜਰੀਨ ਨੂੰ ਪ੍ਰੇਮ ਭੇਟਾ ਕੀਤੀ ਗਈ।ਪ੍ਰੈੱਸ ਨੂੰ ਜਾਰੀ ਬਿਆਨ ਵਿਚ ਮੰਚ ਦੇ ਪ੍ਰੈੱਸ ਸਕੱਤਰ ਪ੍ਰਿੰ: ਜੋਗਿੰਦਰ ਸਿੰਘ ਨੇ ਕਿਹਾ ਕਿ ਇੰਗਲੈਂਡ ਨਿਵਾਸੀ ਸ. ਅਜੀਤ ਸਿੰਘ ਜੌਹਲ ਵੱਲੋਂ ਇਹ ਐਡੀਸ਼ਨ ਪ੍ਰੇਮ ਭੇਟਾ ਕੀਤੀ ਗਈ ਹੈ,ਇਸ ਲਈ ਇਸ ਦੀ ਕੋਈ ਕੀਮਤ ਨਹੀਂ ਰਖੀ ਗਈ।ਸਾਹਿਬ ਸ਼ਬਦ ਯੱਗ ਯੂ. ਕੇ. ਵੱਲੋਂ ਇਸ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ । ਮੰਚ ਵੱਲੋਂ ਲੇਖਕ ਨੂੰ ਸਨਮਾਨ ਪੱਤਰ ਨਾਲ ਨਿਵਾਜਿਆ ਗਿਆ।

ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਇੰਜ: ਦਲਜੀਤ ਸਿੰਘ ਕੋਹਲੀ,ਸਰਪ੍ਰਸਤ ਪ੍ਰੋਫ਼ਓਮਪ੍ਰ;ਸਰ ਮੋਹਨ ਸਿੰਘ,ਲੇਖਕ ਰਣਜੀਤ ਸਿੰਘ ਰਾਣਾ, ਡਾ. ਇੰਦਰਜੀਤ ਸਿੰਘ ਗੋਗੋਆਣੀ, ਨਿਜਰ ਸਕੈਨ ਦੇ ਡਾ. ਇੰਦਰਬੀਰ ਸਿੰਘ ਨਿਜਰ ਤੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਸਭਾ ਯੂ. ਕੇ. ਦੇ ਪ੍ਰਧਾਨ ਸ੍ਰੀ ਨਾਥ ਰਾਮ ਤਿੱਤਰੀਆ ਨੇ ਕੀਤੀ। ਇੰਜ: ਦਲਜੀਤ ਸਿੰਘ ਕੋਹਲੀ ਨੇ ਜੀ ਆਇਆ ਕਿਹਾ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਲੇਖਕ ਤੇ ਪੁਸਤਕ ਬਾਰੇ ਜਾਣ ਪਛਾਣ ਕਰਵਾਈ।ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ 13 ਲੇਖ ਹਨ। ਇਨ੍ਹਾਂ ਵਿਚੋਂ ਕਈ ਲੇਖਕ ਜਿਵੇਂ ਸ਼ਹੀਦ ਭਾਈ ਕੀਰਤ ਭੱਟ, ਸਿੱਖ ਇਤਿਹਾਸ ਦੀ ਪਹਿਲੀ ਸ਼ਹੀਦ ਬੀਬੀ ਭਿੱਖਾ ਸਿੰਘ, ਸ਼ਹੀਦ ਭਾਈ ਕਿਰਪਾ ਸਿੰਘ, ਮਾਈ ਭਾਗ ਕੌਰ ਦਾ ਭਰਾ ਸ਼ਹੀਦ ਭਾਈ ਭਾਗ ਸਿੰਘ ਝਬਾਲ ਤੇ ਨੌਵੇਂ ਪਾਤਿਸ਼ਾਹ ਦੇ ਧੜ ਦਾ ਸਸਕਾਰ ਕਰਨ ਵਾਲੇ ਭਾਈ ਭਾਈ ਲਖੀ ਸ਼ਾਹ ਵਣਜਾਰਾ ਦੇ ਸਪੁਤਰ ਸ਼ਹੀਦ ਭਾਈ ਨਗਾਹੀਆ ਸਿੰਘ ਪਹਿਲੀ ਵਾਰ ਇਸ ਪੁਸਤਕ ਵਿਚ ਹੀ ਪ੍ਰਕਾਸ਼ਿਤ ਹੋਏ ਹਨ । ਉਨ੍ਹਾਂ ਇੰਗਲੈਂਡ ਤੋਂ ਅੰਮ੍ਰਿਤਸਰ ਲਈ ਬ੍ਰਿਟਿਸ਼ ਏਅਰਵੇਜ਼ ਦੀ ਸਿੱਧੀ ਉਡਾਣ ਸ਼ੁਰੂ ਕਰਵਾਉਣ ਤੇ ਏਅਰ ਇੰਡੀਆ ਦੀਆਂ ਅੰਮ੍ਰਿਤਸਰ ਤੋਂ ਬਰਮਿੰਘਮ ਤੇ ਲੰਡਨ ਲਈ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਵਾਉਣ ਲਈ ਇੰਗਲੈਂਡ ਵਿਚ ਰਹਿੰਦੇ ਪੰਜਾਬੀਆਂ ਨੂੰ ਲਾਮਬੰਦ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ 'ਤੇ ਰਣਜੀਤ ਸਿਘ ਰਾਣਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਹਿਬ ਸ਼ਬਦ ਯੱਗ ਯੂ. ਕੇ. ਵੱਲੋਂ 40 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਹੋਲੇ ਮਹੱਲੇ 'ਤੇ 'ਜਾ ਤੂੰ ਸਾਹਿਬ' ਪੁਸਤਕ ਦੀਆਂ 1 ਲੱਖ 25 ਹਜ਼ਾਰ ਪੁਸਤਕਾਂ ਮੁਫ਼ਓਮਪ;ਤ ਵੰਡੀਆਂ ਗਈਆਂ। ਬੰਦਾ ਸਿੰਘ ਬਹਾਦਰ ਦੀ ਤ੍ਰੈ ਸ਼ਤਾਬਦੀ ਦੇ ਸੰਬੰਧ ਵਿਚ ਵੱਖ ਵੱਖ ਇਤਿਹਾਸਕਾਰਾਂ ਦੀਆਂ ਸਿੱਖ ਇਤਿਹਾਸ ਨਾਲ ਸਬੰਧਤ 1 ਕ੍ਰੋੜ ਪੁਸਤਕਾਂ ਜੂਨ 2016 ਤੀਕ ਮੁਫਤ ਵੰਡੀਆਂ ਜਾਣਗੀਆਂ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਇਸ ਪੁਸਤਕ ਲਈ ਰਾਣਾ ਜੀ ਦੀ ਪ੍ਰਸ਼ੰਸਾ ਕੀਤੀ ਤੇ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਗੁਰਬਾਣੀ ਨੂੰ ਆਧਾਰ ਬਣਾ ਕੇ ਤਥ ਅਧਾਰਤ ਰਚਨਾਵਾਂ ਰਚਣ ਤੇ ਵਾਦ ਵਿਵਾਦ ਵਾਲੇ ਮੁਦਿਆਂ ਤੋਂ ਗੁਰੇਜ ਕਰਨ। ਕੁਲਵੰਤ ਸਿੰਘ ਅਣਖੀ ਨੇ ਸ੍ਰੀ ਅਕਾਲ ਤਖ਼ਤ ਨੂੰ ਦਸਮ ਗ੍ਰੰਥ ਤੇ ਹੋਰ ਵਾਦ ਵਿਵਾਦ ਵਾਲੇ ਮੁਦਿਆਂ ਦੇ ਛੇਤੀ ਨਿਪਟਾਰੇ ਦੀ ਅਪੀਲ ਕੀਤੀ। ਉਨ੍ਹਾਂ ਸਕੂਲ ਪ੍ਰਬੰਧਕਾਂ ਅਤੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਜਨਰਲ ਸਕੱਤਰ ਹਰਦੀਪ ਸਿੰਘ ਚਾਹਲ ਨੇ ਕੀਤਾ।ਰਣਜੀਤ ਸਿਘ ਰਾਣਾ ਰਚਿਤ ਪੁਸਤਕ ਫਤਹਿਗੜ੍ਹ ਸਾਹਿਬ (ਸਾਕਾ ਸਰਹਿੰਦ ਦੇ ਅਣਗੌਲੇ ਸ਼ਹੀਦ) ਵੀ ਹਾਜਰੀਨ ਨੂੰ ਪ੍ਰੇਮ ਭੇਟਾ ਕੀਤੀ ਗਈ।




ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਮਾਤਾ ਕੌਲਾਂ ਦੇ ਪ੍ਰਬੰਧਕ ਡਾ. ਅਮਰੀਕ ਸਿੰਘ, ਮਨਮੋਹਨ ਸਿੰਘ ਬਰਾੜ, ਗੁਰਮੀਤ ਸਿੰਘ ਭੱਟੀ, ਕਸ਼ਮੀਰਾ ਸਿੰਘ, ਲਖਬੀਰ ਸਿੰਘ ਘੁੰਮਣ, ਸੁਰਿੰਦਰਜੀਤ ਸਿੰਘ ਬਿੱਟੂ, ਡਾ. ਸੁਖਦੇਵ ਸਿੰਘ ਪਾਂਧੀ, ਕੌਂਸਲਰ ਅਮਰਬੀਰ ਸਿੰਘ ਢੋਟ, ਭੁਪਿੰਦਰ ਸਿੰਘ ਮਹਿਤਾ, ਡਾ. ਹਰੀਸ਼ ਸ਼ਰਮਾ, ਸਤਵੰਤ ਸਿੰਘ, ਬੀਬੀ ਤੇਜਿੰਦਰ ਕੌਰ, ਕੁੰਦਨ ਸਿੰਘ, ਬਲਵਿੰਦਰ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ ਭੁੱਲਰ, ਲਾਇਨ ਭੁਪਿੰਦਰ ਸਿੰਘ, ਬਖਸ਼ੀਸ਼ ਸਿੰਘ ਆਦਿ ਹਾਜ਼ਰ ਸਨ।

## ਸ: ਸੁਖਬੀਰ ਸਿੰਘ ਬਾਦਲ ਵਲੋਂ ਅਮਰੀਕਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਜੱਥੇਬੰਦਕ ਢਾਂਚੇ ਦਾ ਗਠਨ

# ਅਮਰੀਕਾ ਦੇ ਉਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੂੰ ਉਚ ਤਾਕਤੀ ਕੋਰ ਕਮੇਟੀ ਦਾ ਚੇਅਰਮੈਨ ਅਤੇ ਮੁੱਖ ਕਾਨੂੰਨੀ ਸਲਾਹਕਾਰ ਬਣਾਇਆ

## ਵੈਸਟ, ਈਸਟ, ਮਿੱਡ ਵੈਸਟ ਜੋਨ ਸਮੇਤ ਪਾਰਟੀ ਦੀ ਕੋਰ ਕਮੇਟੀ ਦਾ ਵੀ ਐਲਾਨ


ਸ: ਜਸਪ੍ਰੀਤ ਸਿੰਘ ਅਟਾਰਨੀ
ਸਤਪਾਲ ਸਿੰਘ ਬਰਾੜ, ਹਰਬੰਸ ਸਿੰਘ ਚਾਹਲ, ਕੁਲਵੰਤ ਸਿੰਘ ਖੇੜਾ, ਰਘਬੀਰ ਸਿੰਘ ਸੁਭਾਨਪੁਰ, ਹਰਬੰਸ ਸਿੰਘ ਢਿਲੋਂ
ਬਲਦੇਵ ਸਿੰਘ ਸੱਲ੍ਹਾਂ, ਮੁਖਤਿਆਰ ਸਿੰਘ ਹੀਰ, ਮੋਹਨ ਸਿੰਘ ਖਟੜਾ, ਅਮਰੀਕ ਸਿੰਘ, ਅਰਵਿੰਦਰ ਸਿੰਘ ਲਖਣ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਰੀਕਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਜੱਥੇਬੰਦਕ ਢਾਂਚੇ ਦੇ ਗਠਨ ਦਾ ਐਲਾਨ ਕਰ ਦਿੱਤਾ ਹੈ।

ਇਸ ਸਬੰਧੀ ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਸਪ੍ਰੀਤ ਸਿੰਘ ਅਟਾਰਨੀ ਨੂੰ ਉਚ ਤਾਕਤੀ ਕੋਰ ਕਮੇਟੀ ਦਾ ਚੈਅਰਮੈਨ ਅਤੇ ਮੁੱਖ ਕਾਨੂੰਨੀ ਸਲਾਹਕਾਰ ਬਣਾਇਆ ਗਿਆ ਹੈ।

ਅਮਰੀਕਾ ਅਕਾਲੀ ਦਲ ਦਾ ਸਾਰਾ ਕੰਮਕਾਰ ਕੋਰ ਕਮੇਟੀ ਸੰਭਾਲੇਗੀ। ਬਾਕੀ ਮੈਂਬਰਾਂ ਵਿਚ ਸਤਪਾਲ ਸਿੰਘ ਬਰਾੜ ਵਰਜੀਨੀਆ, ਰਘਬੀਰ ਸਿੰਘ ਸੁਭਾਨਪੁਰ ਨਿਊਯਾਰਕ, ਕੁਲਵੰਤ ਸਿੰਘ ਖੇੜਾ ਸੈਨ ਜੋਸ ਕੈਲੀਫੋਰਨੀਆਂ, ਸੁਰਜੀਤ ਸਿੰਘ ਬੇਕਰਜ ਫੀਲਡ, ਸੁਰਜੀਤ ਸਿੰਘ ਟੁੱਟ, ਚਰਨਜੀਤ ਸਿੰਘ ਬਾਠ, ਅਮਰੀਕ ਸਿੰਘ ਅਮਰ ਕਾਰਪੇਟ ਸ਼ਿਕਾਗੋ ਇਲੀਨਾਈਸ, ਮੋਹਨ ਸਿੰਘ ਖਟੜਾ ਨਿਊ ਯਾਰਕ, ਅਰਵਿੰਦਰ ਸਿੰਘ ਲਖਣ ਪ੍ਰੋਟਰਵਿਲੈ ਕੈਲੀਫੋਰਨੀਆਂ, ਹਾਕਮਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਗਿੱਲ,ਹਰਕੇਸ਼ ਸਿੰਘ ਸਿੱਧੂ, ਮੁਖਤਿਆਰ ਸਿੰਘ ਹੀਰ, ਹਰਬੰਸ ਸਿੰਘ ਚਾਹਲ, ਹਰਬੰਸ ਸਿੰਘ ਢਿਲੋਂ, ਬਲਦੇਵ ਸਿੰਘ ਇੰਡੀਆਨਾ ਅਤੇ ਬਚਨ ਸਿੰਘ ਗਿੱਲ ਵਿਸਕਾਂਸਨ ਸ਼ਾਮਲ ਹਨ।

ਸ. ਬਾਦਲ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਕੈਲੀਫੋਰਨੀਆਂ, ਨਿਵਾਡਾ, ਵਾਸ਼ਿੰਗਟਨ, ਏਰੀਜੋਨਾ, ਓਰੇਗੋਨ ਅਤੇ ਕੋਲੋਰੈਡੋ ਰਾਜਾਂ ਵਾਲੇ ਵੈਸਟਕੋਸਟ ਜੋਨ ਦਾ ਦੀਦਾਰ ਸਿੰਘ ਬੈਂਸ ਨੂੰ ਮੁੱਖ ਸਰਪਰਸਤ, ਹਰਿੰਦਰ ਸਿੰਘ ਹੈਰੀ ਗਿੱਲ ਨੂੰ ਸਰਪ੍ਰਸਤ ਥਾਪਿਆ ਗਿਆ ਹੈ। ਕੁਲਵੰਤ ਸਿੰਘ ਖੇੜਾ ਸੈਨਜੋਸ ਨੂੰ ਪ੍ਰਧਾਨ, ਗੁਰਨਾਮ ਸਿੰਘ ਪੰਮਾ ਯੂਬਾਸਿਟੀ ਨੂੰ ਚੈਅਰਮੈਨ, ਸਰਬਜੋਤ ਸਿੰਘ ਸਵੱਦੀ ਨੂੰ ਸਕੱਤਰ ਜਨਰਲ, ਹਰਬੰਸ ਸਿੰਘ ਚਾਹਲ ਸੈਕਰਾਮੈਂਟੋ ਨੂੰ ਸੀਨੀਅਰ ਉਪ ਪ੍ਰਧਾਨ, ਨਰਿੰਦਰ ਪਾਲ ਸਿੰਘ ਹੁੰਦਲ ਸੈਕਰਾਮੈਂਟੋ ਨੂੰ ਉਪ ਪ੍ਰਧਾਨ ਅਤੇ ਪ੍ਰੀਤਮ ਸਿੰਘ ਗਰੇਵਾਲ ਸੈਨਜੋਂਸ, ਕੁਲਵੰਤ ਸਿੰਘ ਨਿੱਜਰ ਅਤੇ ਦਲਬੀਰ ਸਿੰਘ ਸੰਘੇੜਾ ਨੂੰ ਜਨਰਲ ਸਕੱਤਰ ਅਤੇ ਬੂੱਟਾ ਸਿੰਘ ਬੱਸੀ ਮੋਡੇਸਟੋ ਨੂੰ ਮੀਡੀਆ ਇੰਚਾਰਜ ਥਾਪਿਆ ਗਿਆ ਹੈ।

ਕੈਲੀਫੋਰਨੀਆਂ ਰਾਜ ਲਈ ਬਲਜੀਤ ਸਿੰਘ ਮਾਨ ਓਕਲੈਂਡ ਨੂੰ ਪ੍ਰਧਾਨ ਅਤੇ ਰੌਣਕ ਸਿੰਘ ਲਾਸ ਏਂਜਲਸ ਨੂੰ ਚੈਅਰਮੈਨ ਥਾਪਿਆ ਗਿਆ ਹੈ। ਹੋਰਨਾ ਮੈਂਬਰਾਂ ਵਿਚ ਸਰਬਜੋਤ ਸਿੰਘ ਸਵੱਦੀ ਨੂੰ ਸਕੱਤਰ ਜਨਰਲ, ਦਿਲਬਾਗ ਸਿੰਘ ਬੈਂਸ, ਸੁਰਜੀਤ ਸਿੰਘ ਮੱਲੀ ਲਾਸ ਏਂਜਲਸ, ਕਰਮਜੀਤ ਸਿੰਘ ਰਾਠੋੜ ਅਤੇ ਹਰਬੰਸ ਸਿੰਘ ਚਾਹਲ ਨੂੰ ਸੀਨੀਅਰ ਉਪ ਪ੍ਰਧਾਨ, ਨਰਦੇਵ ਸਿੰਘ ਰਾਣਾ ਬੇਕਰਸ ਫੀਲਡ, ਇੰਦਰਜੀਤ ਸਿੰਘ ਲਾਥਰੋਪ ਸੀ.ਏ, ਪ੍ਰਿਤਪਾਲ ਸਿੰਘ ਬਾਲੂ ਮੋਦੇਸਤੋਂ, ਸਰਬਜੀਤ ਸਿੰਘ ਸਰਾਓ,ਕਰਨੈਲ ਸਿੰਘ ਗਿੱਲ ਅਤੇ ਅਮਨਪ੍ਰੀਤ ਸਿੰਘ ਮੁਲਤਾਨੀ ਟਿੰਕੂ ਨੂੰ ਉਪ ਪ੍ਰਧਾਨ ਤੋਂ ਇਲਾਵਾ ਬਾਲੂ ਸਿੰਘ ਤੋਦੇਸਤੋ, ਕਰਮਦੀਪ ਸਿੰਘ ਯੂਬਾ ਸਿਟੀ, ਗੁਰਪ੍ਰੀਤ ਸਿੰਘ ਫਰੈਸਨੋ, ਬਲਦੇਵ ਸਿੰਘ ਕੰਗ ਅਤੇ ਮਨਜਿੰਦਰ ਸਿੰਘ ਹੈਅਰ ਨੂੰ ਸਕੱਤਰ ਥਾਪਿਆ ਗਿਆ ਹੈ। ਇਸ ਤੋ ਇਲਾਵਾ ਜੋਬਨਜੀਤ ਸਿੰਘ ਕੰਗ, ਬੂੱਟਾ ਸਿੰਘ ਜੌਹਲ, ਸਰਬ ਖਿਆੜਾਂ, ਸੋਨੀ ਬਰਾੜ, ਸੇਵਾ ਸਿੰਘ ਸਿੱਧੂ, ਜੱਸਬੈਂਸ, ਜੀ.ਐਸ ਭੁੱਲਰ, ਅੰਮ੍ਰਿਤਪਾਲ ਸਿੰਘ ਪਾਲਾ, ਸੁਖਦੇਵ ਸਿੰਘ ਅਤੇ ਭੁਪਿੰਦਰ ਸਿੰਘ ਭਿੰਦਾ ਨੂੰ ਵਰਕਿੰਗ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ। ਜਗਤਾਰ ਸਿੰਘ ਜੋਹਲ ਨੂੰ ਨੇਵਾਡਾ ਰਾਜ ਦਾ ਪ੍ਰਧਾਨ ਜਦੋਂਕਿ ਸੁਖਦੇਵ ਸਿੰਘ ਹੁੰਦਲ ਨੂੰ ਚੈਅਰਮੈਨ, ਨਵਜੀਤ ਸਿੰਘ ਨੂੰ ਸੀਨੀਅਰ ਉਪ ਪ੍ਰਧਾਨ, ਨੱਛਤਰ ਸਿਘ ਗੋਸਲ ਨੂੰ ਉਪ ਪ੍ਰਧਾਨ ਅਤੇ ਬਿਸ਼ਨ ਸਿੰਘ ਪਰਮਾਰ ਨੂੰ ਸਕੱਤਰ ਜਨਰਲ ਥਾਪਿਆ ਗਿਆ ਹੈ।

ਨਿਊ ਯਾਰਕ, ਨਿਊ ਜਰਸੀ, ਮੈਰੀਲੈਂਡ, ਪੈਨੀਸਿਲਵੈਨੀਆਂ, ਵਰਜੀਨੀਆਂ, ਵਾਸ਼ਿੰਗਟਨ ਡੀ.ਸੀ, ਜੌਰਜੀਆ ਅਤੇ ਮੈਸਾਚੁਜੇਟਸ ਨੂੰ ਈਸਟ ਕੋਸਟ ਜੋਨ ਵਿਚ ਸ਼ਾਮਲ ਕੀਤਾ ਗਿਆ ਹੈ। ਮਾਸਟਰ ਮੋਹਿੰਦਰ ਸਿੰਘ ਨੂੰ ਸਰਪ੍ਰਸਤ, ਮੋਹਨ ਸਿੰਘ ਖਟੜਾ ਨਿਊ ਯਾਰਕ ਨੂੰ ਪ੍ਰਧਾਨ, ਸੱਤਪਾਲ ਸਿੰਘ ਬਰਾੜ ਵਰਜੀਨੀਆਂ ਨੂੰ ਚੈਅਰਮੈਨ ਤੇ ਮੁੱਖ ਬੁਲਾਰਾ, ਜਰਨੈਲ ਸਿੰਘ ਗਿੱਲਜੀਆਂ, ਪ੍ਰੀਤਮ ਸਿੰਘ ਗਿੱਲਜੀਆਂ, ਹਰਬੰਸ ਸਿੰਘ ਢਿਲੋਂ ਅਤੇ ਸੁਰਿੰਦਰ ਸਿੰਘ ਗਿੱਲ ਮੈਰੀਲੈਂਡ ਨੂੰ ਸੀਨੀਅਰ ਉਪ ਪ੍ਰਧਾਨ ਜਦੋਂਕਿ ਦਲਵਿੰਦਰ ਸਿੰਘ ਬਿੱਟੂ (ਬਿੱਟੂ ਸਿੱਧੂ) ਨਿਊ ਯਾਰਕ ਨੂੰ ਸਕੱਤਰ ਜਨਰਲ, ਮਲਕੀਤ ਸਿੰਘ ਸਰੀਂਹ ਨੂੰ ਨਿਊ ਯਾਰਕ ਨੂੰ ਉਪ ਪ੍ਰਧਾਨ, ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਵੀ ਉਪ ਪ੍ਰਧਾਨ, ਹਰਜੀਤ ਸਿੰਘ ਹੁੰਦਲ ਵਰਜੀਨੀਆਂ, ਅਮਰਜੀਤ ਸਿੰਘ ਸੰਧੂ ਐਮ.ਡੀ ਅਤੇ ਬਲਵਿੰਦਰ ਸਿੰਘ ਮੁਰੱਬੀਆ (ਬੇਗੋਵਾਲੀਆ)ਨੂੰ ਜਨਰਲ ਸਕੱਤਰ, ਜਰਨੈਲ ਸਿੰਘ ਗੋਰਾਲਾ ਨੂੰ ਸਕੱਤਰ, ਹਰਬਖਸ਼ ਸਿੰਘ ਤਾਹਿਲ ਨਿਊਯਾਰਕ ਅਤੇ ਡਾ. ਸੁਰਿੰਦਰ ਸਿੰਘ ਗਿੱਲ ਐਮ.ਡੀ ਨੂੰ ਮੀਡੀਆ ਇੰਚਾਰਜ ਥਾਪਿਆ ਗਿਆ ਹੈ।

### ਨਿਊਯਾਰਕ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ-ਸ. ਹਰਬੰਸ ਸਿੰਘ ਢਿਲੋਂ
ਚੈਅਰਮੈਨ-ਸ. ਰਘਬੀਰ ਸਿੰਘ ਸੁਭਾਨਪੁਰ
ਸੀਨੀਰ ਉਪ ਪ੍ਰਧਾਨ-ਸ. ਹਿਮੱਤ ਸਿੰਘ ਸਰਪੰਚ, ਸ. ਭੁਪਿੰਦਰ ਸਿੰਘ ਸਨੌਰ, ਨਿਊ ਯਾਰਕ, ਸ. ਰਣਜੀਤ ਸਿੰਘ, ਸ. ਹਰਮੀਤ ਪਾਲ ਸਿੰਘ ਨਿਊ ਯਾਰਕ, ਸ. ਕਰਨੈਲ ਸਿੰਘ ਬਾਠ,
ਜਨਰਲ ਸਕੱਤਰ-ਸ. ਪਿਆਰਾ ਸਿੰਘ ਬਰਨਾਲਾ, ਸ. ਬਲਵਿੰਦਰ ਸਿੰਘ ਨਿਊ ਯਾਰਕ, ਸ. ਹਾਕਮ ਸਿੰਘ ਗਰੇਵਾਲ,
ਕਾਰਜਕਾਰੀ ਕਮੇਟੀ- ਸ. ਸੁਰਿੰਦਰ ਸਿੰਘ, ਸ. ਚਰਨਜੀਤ ਸਿੰਘ ਅਤੇ ਸ. ਸੰਤੋਖ ਸਿੰਘ ਸੋਹਲ।

### ਨਿਓਜਰਸੀ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਹਰਦੀਪ ਸਿੰਘ ਗੋਲਡੀ
ਚੈਅਰਮੈਨ- ਸ. ਜਸਵੰਤ ਸਿੰਘ ਚੀਮਾ
ਸਕੱਤਰ ਜਨਰਲ- ਸ. ਸਰਵਨ ਸਿੰਘ ਧਾਲੀਵਾਲ
ਸੀਨੀਅਰ ਉਪ ਪ੍ਰਧਾਨ-ਸ. ਨਰਿੰਦਰ ਸਿੰਘ ਭੁੱਲਰ, ਸ. ਜਸਕਰਨ ਸਿੰਘ ਧਾਲੀਵਾਲ,

### ਮੈਰੀਲੈਂਡ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਹਰਬੰਸ ਸਿੰਘ ਸੰਧੂ
ਚੈਅਰਮੈਨ- ਸ. ਅਜੀਤ ਸਿੰਘ ਸਾਹੀ
ਸਕੱਤਰ ਜਨਰਲ- ਸ. ਗੁਰਮੇਲ ਸਿੰਘ
ਸੀਨੀਅਰ ਉਪ ਪ੍ਰਧਾਨ-ਸ. ਅਮਰਜੀਤ ਸਿੰਘ ਮੱਲਹੀ
ਉਪ ਪ੍ਰਧਾਨ- ਸ. ਪਰਮਜੀਤ ਸਿੰਘ

### ਵਾਸ਼ਿੰਗਟਨ ਡੀ.ਸੀ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਪ੍ਰਤਾਪ ਸਿੰਘ ਤਰਨ ਤਾਰਨ
ਚੈਅਰਮੈਨ- ਸ.ਲਖਬੀਰ ਸਿੰਘ ਟੱਖਰ
ਸਕੱਤਰ ਜਨਰਲ- ਸ. ਰਜਿੰਦਰ ਸਿੰਘ ਭੁਲੱਰ
ਸੀਨੀਅਰ ਉਪ ਪ੍ਰਧਾਨ-ਸ. ਅਮਰੀਕ ਸਿੰਘ ਖਾਲਸਾ
ਉਪ ਪ੍ਰਧਾਨ- ਸ. ਹਾਕਮ ਸਿੰਘ ਸੌਂਧ

### ਵੀਰਜੀਨਿਆ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਕੁਲਦੀਪ ਸਿੰਘ ਮਲਾਹ
ਚੈਅਰਮੈਨ- ਸ. ਬਾਬੂ ਸਿੰਘ ਬਾਘਾ ਪੁਰਾਣਾ
ਸਕੱਤਰ ਜਨਰਲ- ਸ. ਸਾਹਿਬ ਸਿੰਘ ਸਿੱਧੂ
ਸੀਨੀਅਰ ਉਪ ਪ੍ਰਧਾਨ-ਸ. ਕੁਲਦੀਪ ਸਿੰਘ ਬਰਾੜ
ਉਪ ਪ੍ਰਧਾਨ- ਸ.ਗੁਰਚਰਣ ਸਿੰਘ ਲਾਲੀ
ਸਕੱਤਰ-ਸ. ਐਸ.ਐਸ. ਸੰਧੂ ਬਾਲਟੀਮੋਰ

### ਜਿਓਰਜੀਆ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਸਰਦਾਰਾ ਸਿੰਘ ਕਿਸ਼ਨਪੁਰਾ
ਚੈਅਰਮੈਨ- ਸ. ਜੋਗਾ ਸਿੰਘ ਨਵਾਂਸ਼ਹਿਰ
ਸੀਨੀਅਰ ਉਪ ਪ੍ਰਧਾਨ- ਸ. ਜਸਪਾਲ ਸਿੰਘ ਚੀਮਾ
ਉਪ ਪ੍ਰਧਾਨ- ਸ. ਕੁਲਵਿੰਦਰ ਸਿੰਘ
ਸਕੱਤਰ ਜਨਰਲ-ਸ.ਬਲਬੀਰ ਸਿੰਘ ਸਾਹਬਪੁਰ
ਜਨਰਲ ਸਕੱਤਰ- ਸ. ਹਰਨੇਕ ਸਿੰਘ, ਸ. ਬਲਬੀਰ ਸਿੰਘ ਪਾਲਾ, ਸ. ਪ੍ਰੇਮ ਸਿੰਘ ਰੰਧਾਵਾ
ਖਜਾਨਚੀ-ਸ੍ਰੀ ਲਵਲੀ ਰੰਧਾਵਾ

### ਮਿੱਡ ਵੈਸਟ ਜੋਨ ਅਮਰੀਕਾ

ਰਾਜਾਂ ਦੇ ਨਾਂ
ਇਲੀਨਾਈਸ
ਇੰਡੀਆਨਾ
ਓਹਾਯੋ
ਵਿਸਕਾਂਸਨ
ਮਿਸ਼ੀਗਨ
ਕੇਂਨਟਕੀ

ਪ੍ਰਧਾਨ- ਸ. ਬਲਦੇਵ ਸਿੰਘ ਸੱਲਨ ਇੰਡੀਆਨਾ
ਚੈਅਰਮੈਨ- ਸ. ਬਚਨ ਸਿੰਘ ਗਿੱਲ
ਸਕੱਤਰ ਜਨਰਲ-ਹਰਸ਼ਰਨ ਸਿੰਘ ਘੁਮਾਣ ਇੰਡੀਆਨਾ
ਸੀਨੀਅਰ ਉਪ ਪ੍ਰਧਾਨ- ਸ. ਹਰਵਿੰਦਰ ਸਿੰਘ ਘੋਤੜਾ
ਉਪ ਪ੍ਰਧਾਨ- ਸ. ਜਸਕਰਨ ਸਿੰਘ ਧਾਲੀਵਾਲ
ਜਨਰਲ ਸਕੱਤਰ-ਸ. ਗੁਰਮੀਤ ਸਿੰਘ ਭੋਲਾ, ਭੁਪਿੰਦਰ ਸਿੰਘ ਖਾਲਸਾ ਡੇਟਰੋਇਟ

### ਇਲੀਨਾਈਸ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਯਾਦਵਿੰਦਰ ਸਿੰਘ ਗਰੇਵਾਲ
ਚੈਅਰਮੈਨ- ਸ. ਮੁਖਤਿਆਰ ਸਿੰਘ ਹੈਪੀ ਹੀਰ
ਸਕੱਤਰ ਜਨਰਲ-ਲਖਵੰਤ ਸਿੰਘ ਕੋਮਲ

### ਇੰਡੀਆਨਾ ਸਟੇਟ ਸ਼੍ਰੋਮਣੀ ਅਕਾਲੀ ਦਲ

ਪ੍ਰਧਾਨ- ਸ. ਗੁਰਪ੍ਰੀਤ ਸਿੰਘ ਸੱਲਨ
ਚੈਅਰਮੈਨ- ਸ. ਸਰਬਜੀਤ ਸਿੰਘ


ਅਕਾਲ ਪੁਰਖ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ
Guru Maneo Granth Chetna Samagam
ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
ਜਿਸ ਵਿੱਚ ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਮਿਸ਼ਨ ਦੇ ਮੁਖ ਸੇਵਾਦਾਰ
ਰਣਜੀਤ ਸਿੰਘ ਜੀ ਖਾਲਸਾ
ਢੱਡਰੀਆਂਵਾਲੇ
ਗੁਰਮਤਿ ਵੀਚਾਰਾਂ ਦੀ ਸਾਂਝ ਪਾਉਣਗੇ
ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪੁੱਜ ਕੇ ਲਾਭ ਪ੍ਰਾਪਤ ਕਰੀਏ ਜੀ
24, 25, 26
06 to 09 PM
27
Sun.
11 to 3 PM
Amrit Sanchar
10 AM
September 2015
YUBA CITY
CA 95993
Front of Sikh Temple
Tierra Buena Rd.
GLOBAL PUNJAB
Sahib.TV
ਵੱਲੋਂ:ਸਮੂਹ ਸਾਧ ਸੰਗਤ ਯੂਬਾ ਸਿਟੀ (USA)
Bhai Daljinder Singh : 530682.2184
Bhai Sarbjeet Singh : 530.682.6370
Bhai Maha Singh : 530.777.6600
www.facebook.com/parmeshardwar
WEBSITE - WWW.PARMESHAR.TV

# ਹਿੰਦੂ ਟੈਂਪਲ ਸਨੀਵੇਲ ਵਿਖੇ ਵੀਜਾ ਸਰਵਿਸ ਆਰੰਭ ਹੋਈ

ਸ੍ਰੀ ਰਾਜ ਭਨੋਟ ਦੀ ਅਗਵਾਈ ਸਦਕਾ ਹਿੰਦੂ ਟੈਂਪਲ ਸਨੀਵੇਲ (ਕੈਲੇਫੋਰਨੀਆ) ਵਿਖੇ 12 ਸਤੰਬਰ ਤੋਂ ਭਾਰਤ ਵੱਲੋ ਨਵੀਂ ਵੀਜਾ ਸਰਵਿਸ ਆਰੰਭ ਕੀਤੀ ਗਈ, ਦੀ ਸੇਵਾ ਦਾ ਲਾਭ ਲੈਣ ਲਈ 500 ਦੇ ਕਰੀਬ ਲੋਕ ਪਹੁੰਚੇ। ਇਸ ਸੇਵਾ ਲਈ ਕਮਿਊਨਿਟੀ ਲੀਡਰ ਸ੍ਰੀ ਰਾਜ ਭਨੋਟ ਅਤੇ ਉਹਨਾਂ ਦੇ ਸਾਥੀ ਵਧਾਈ ਦੇ ਪਾਤਰ ਹਨ। ਅਦਾਰਾ 'ਦੇਸ਼ ਦੁਆਬਾ' ਰਾਜ ਭਨੋਟ ਅਤੇ ਉਹਨਾਂ ਦੇ ਸਾਥੀਆਂ ਨੂੰ ਵਧਾਈ ਦਿੰਦਾ ਹੈ, ਜਿਹਨਾਂ ਦੇ ਯਤਨਾਂ ਸਦਕਾ ਇਹ ਸੇਵਾ ਆਰੰਭ ਹੋਈ ਅਤੇ ਸਥਾਨਕ ਲੋਕਾਂ ਨੂੰ ਦੂਰ ਜਾਣ ਤੋਂ ਬਚਾਅ ਹੋਇਆ ਅਤੇ ਇਹ ਸੇਵਾ ਨੇੜੇ ਉਪਲਬਧ ਹੋਈ।

ਤਸਵੀਰਾਂ- ਗੁਰਿੰਦਰ ਪੁਰੇਵਾਲ (ਜੀ. ਆਰ. ਵੀਡੀਓ)












## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) 20 ਸਤੰਬਰ 2015 ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਆਪਣਾ ਮਹੀਨੇਵਾਰ ਪ੍ਰੋਗਰਾਮ ਆਯੋਜਿਤ ਕਰਨ ਜਾ ਰਹੀ ਹੈ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਦੀ ਕਮੇਟੀ ਦੀ 25 ਅਕਤੂਬਰ 2015 ਨੂੰ ਹੋਣ ਜਾ ਰਹੀ ਸਿਲੈਕਸਨ/ਚੋਣ ਲਈ ਆਪਣੀ ਮੈਂਬਰਸ਼ਿਪ 20 ਸਤੰਬਰ ਤੱਕ ਕਰਵਾ ਲਓ। ਸੋ ਆਪ ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ 20 ਸਤੰਬਰ 2015 ਨੂੰ 6430 Thorton Ave Newark. Newark Pavillion ਵਿਖੇ ਪਹੁੰਚ ਕੇ ਕੀਰਤਨ ਦਾ ਆਨੰਦ ਮਾਣੋ ਅਤੇ ਯੂਨੀਅਨ ਸਿਟੀ ਵਿਚ ਗੁਰੂ ਘਰ ਦੇ ਪ੍ਰਾਜੈਕਟ ਦੇ ਲਈ ਆਪਣਾ ਯੋਗਦਾਨ ਦਿਓ।



### ਸਮੂਹ ਸੰਗਤ ਦੇ ਸੇਵਾਦਾਰ

ਹਰਮੇਸ਼ ਲਾਲ ਮਦਾਰਾ
ਚੇਅਰਮੈਨ
510-386-1702

ਮਹਿੰਦਰ ਸਿੰਘ ਮਾਹੀ
ਪ੍ਰਧਾਨ
408-643-9052

ਜਨਰਲ ਸਕੱਤਰ
ਸੰਤੋਖ ਸਿੰਘ ਸਰੋਇਆ
408-509-9697

ਖਜਾਨਚੀ
ਸ਼ਿਵ ਕੁਮਾਰ ਸਿੱਧੂ
510-386-2715

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
510-219-5672

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਕੇਵਲ ਸਿੰਘ
ਵਾਈਸ ਚੇਅਰਮੈਨ
510-299-6418

**Shri Guru Ravidass Sabha (Bay Area) California (USA)**
**31252 Veasy Street Union City California, 94587**







## ਫੈਡਰੇਸ਼ਨ ਆਫ ਅੰਬੇਡਕਰਾਇਟਸ ਐਂਡ ਬੁੱਧਿਸਟ ਔਰਗੇਨਾਈਜੇਸ਼ਨ ਯੂ. ਕੇ. ਦੇ ਉਪਰਾਲਿਆਂ ਸਦਕਾ ਲੰਡਨ ਸਥਿਤ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਹਾਊਸ ਨੂੰ ਮਹਾਰਾਸ਼ਟਰ ਸਰਕਾਰ ਵੱਲੋਂ ਖਰੀਦੇ ਜਾਣ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਲੱਖ ਲੱਖ ਵਧਾਈਆਂ



'ਫੈਡਰੇਸ਼ਨ ਔਫ ਅੰਬੇਡਕਰਾਇਟਸ ਐਂਡ ਬੁਧਿੱਸਟ ਔਰਗੇਨਾਇਜ਼ਸ ਯੂ ਕੇ' ਸੰਸਥਾ ਦੇ ਮੈਂਬਰ




ਲੰਡਨ ਸਥਿਤ ਅੰਬੇਦਕਰ ਹਾਊਸ ਦੀ ਇਕ ਝਲਕ



ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823



ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938



ਰਾਮ ਸੇਵਕ ਭਾਟੀਆ (ਸਟੇਜ ਸਕੱਤਰ)
530-701-4370



ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508

**SHRI GURU RAVIDASS TEMPLE**
**1480 HAYNE AVENUE, YUBA CITY, CA 95993**

## ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਪੁਰਬ 'ਤੇ ਵਿਸ਼ੇਸ਼

# 'ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ'



ਪ੍ਰੋ: ਐਚ. ਐਲ. ਕਪੂਰ
01- 916- 587-4002

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਜਗਤ 'ਚ ਉਨ੍ਹਾਂ ਦਾ ਸਰਬ-ਉੱਚ ਸਥਾਨ ਹੈ। ਉਹਨਾਂ ਨੂੰ 'ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ' ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ 'ਚ ਅਦੁੱਤੀ ਤੇ ਬੇਮਿਸਾਲ ਹੈ, ਜਿਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਖ਼ੂਨ ਨਾਲ ਸਿੰਜਿਆ ਤੇ ਸਿੱਖੀ ਰੂਪੀ ਲੱਗੇ ਹੋਏ ਬੂਟੇ ਦੀਆਂ ਜੜ੍ਹਾਂ ਨੂੰ ਇਕ ਮਜ਼ਬੂਤ ਆਧਾਰ ਦੇ ਕੇ ਪ੍ਰਫੁੱਲਿਤ ਕੀਤਾ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਸੰਸਕ੍ਰਿਤੀ ਤੇ ਸੱਭਿਆਚਾਰ ਨੂੰ ਨਵੇਂ ਅਰਥ ਦੇ ਕੇ, ਅੱਗੋਂ ਸਿੱਖੀ ਦੇ ਭਵਿੱਖ ਲਈ ਨਵਾਂ ਤੇ ਮਜ਼ਬੂਤ ਰਸਤਾ ਲੱਭਣ ਲਈ ਆਧਾਰ ਵੀ ਪ੍ਰਦਾਨ ਕੀਤਾ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਉਹ ਬੜੇ ਪੁਰ ਅਮਨ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁੱਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ, ਜੋ ਧਰਮ ਦੇ ਨਾਂ 'ਤੇ ਅੱਤਿਆਚਾਰ ਕਰ ਰਹੇ ਸਨ, ਵੀ ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਬਹੁਤ ਹੀ ਲਾਇਕ ਤੇ ਸੁਹਿਰਦ ਸਪੁੱਤਰ ਸਨ। ਉਨ੍ਹਾਂ ਦੀ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਸੀ ਜੋ ਤੀਸਰੇ ਗੁਰੂ ਸਾਹਿਬ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ ਤੇ ਵਿਆਹ 1579 ਈਸਵੀ ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਨ੍ਹਾਂ ਨੇ ਸਿਰਤੋੜ ਯਤਨ ਕੀਤੇ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਮਹਾਨ ਕੇਂਦਰ 'ਸ੍ਰੀ ਹਰਿਮੰਦਰ ਸਾਹਿਬ' ਦੀ ਨੀਂਹ, ਇਕ ਮਹਾਨ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਸਿੱਖੀ ਦੇ ਕੇਂਦਰ ਦੀ ਉਸਾਰੀ ਪੂਰੀ ਕਰਾਉਣ 'ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਈਸਵੀ 'ਚ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਨ੍ਹਾਂ ਨੇ ਕਰਵਾਈ।

ਗੁਰੂ ਜੀ ਬਹੁਤ ਹੀ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਆਪਣੇ ਜ਼ਮਾਨੇ ਦੇ ਸਰਵ-ਪ੍ਰਮਾਣਿਤ ਨਾਇਕ ਸਨ ਜੋ ਦਿਨ-ਰਾਤ, ਸਾਧ-ਸੰਗਤ ਦੀ ਸੇਵਾ 'ਚ ਲੱਗੇ ਰਹਿੰਦੇ ਸਨ। ਉਹਨਾਂ ਦੇ ਮਨ 'ਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਨ੍ਹਾਂ ਨੇ ਅਥਾਹ ਕੰਮ ਕੀਤੇ।

ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ 'ਸ੍ਰੀ ਆਦਿ (ਗੁਰੂ) ਗ੍ਰੰਥ' ਦੀ ਰਚਨਾ ਤੇ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕਰਵਾਈ। ਇਸ 'ਚ 30 ਰਾਗਾਂ 'ਚ ਬਾਣੀ ਦਰਜ ਹੈ। ਗਿਣਤੀ ਦੇ ਪੱਖੋਂ 'ਗੁਰੂ ਗ੍ਰੰਥ ਸਾਹਿਬ' ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਗੁਰੂ ਸਾਹਿਬ ਦੀ ਇਕ ਅਦੁੱਤੀ ਕਲਾ ਹੈ, ਜਿਸ 'ਚੋਂ ਉਨ੍ਹਾਂ ਦੀ ਵਿਦਵਤਾ ਝਲਕਦੀ ਹੈ। ਉਨ੍ਹਾਂ ਨੇ ਰਾਗਾਂ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸਦੀ ਭਾਰਤ ਦੇ ਮੱਧਕਾਲ ਯੁੱਗ 'ਚ, ਸਾਹਿਤ ਦੇ ਇਤਿਹਾਸ 'ਚ, ਕਿਧਰੇ ਹੋਰ ਧਾਰਮਿਕ ਗ੍ਰੰਥ 'ਚ ਮਿਸਾਲ ਨਹੀਂ ਮਿਲਦੀ। ਇਹ ਉਨ੍ਹਾਂ ਦੀ ਉਚੇਰੀ ਸੂਝ-ਬੂਝ ਦਾ ਹੀ ਪ੍ਰਣਾਮ ਹੈ ਕਿ 'ਗੁਰੂ ਗ੍ਰੰਥ ਸਾਹਿਬ' 'ਚ 36 ਮਹਾਨ ਬਾਣੀਕਾਰਾਂ ਦੀ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸੰਕਲਿਤ ਕੀਤੀ ਗਈ ਹੈ। 'ਪੰਜਾਬੀ ਸਾਹਿਤ ਦੇ ਇਤਿਹਾਸ 'ਚ 17ਵੀਂ ਸਦੀ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਕਾਰਨ 'ਸੁਨਹਿਰੀ ਯੁੱਗ' ਵੀ ਕਿਹਾ ਜਾਂਦਾ ਹੈ। ਇਸ 'ਚ ਤਕਰੀਬਨ 600 ਸਾਲਾਂ ਦਾ ਰਚਿਆ ਗਿਆ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ 'ਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ, ਜਿਹਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਮੂਲ-ਸੰਵੇਦਨਾ ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਨ੍ਹਾਂ ਦਾ ਦਿੱਤਾ ਗਿਆ ਯੋਗਦਾਨ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦੇਣ ਦਿੱਤੀ ਹੈ, ਉਸ ਦੀ ਸ਼ਬਦਾਂ 'ਚ ਪ੍ਰਸੰਸਾ ਕਰਨੀ ਬੜੀ ਕਠਿਨ ਹੈ।

'ਸੁਖਮਨੀ ਸਾਹਿਬ' ਸੁੱਖ ਦਾ ਆਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦਾ ਸ਼ੁੱਧੀਕਰਨ ਕਰਨ ਦਾ ਇਕ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ 'ਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਇਕ ਮਹਾਨ ਅਧਿਆਤਮਕ ਕਲਾਕ੍ਰਿਤ ਹੈ, ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾ ਸਕਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਉਨ੍ਹਾਂ ਦੀ ਇਕ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਬਾਣੀ ਦਾ ਪਾਠ ਕਰਨ ਨਾਲ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ 'ਚ 24 ਅਸ਼ਟਪਦੀਆਂ ਹਨ। ਇਹ ਰਚਨਾ 'ਰਾਗ ਗਾਉੜੀ' ਵਿਚ ਰਚੀ ਗਈ ਹੈ। ਇਸ ਰਚਨਾ ਦੀ ਸ਼ੈਲੀ 'ਸੂਤ੍ਰਿਕ' ਹੈ। ਇਸ 'ਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ ਤੇ ਤਿਆਗ, ਮਾਨਸਿਕ ਸੁੱਖ-ਦੁੱਖ ਅਤੇ ਸ਼ਕਤੀ ਦੀਆਂ ਉਨ੍ਹਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਹਨਾਂ ਦੀ ਪ੍ਰਾਪਤੀ ਕਰਕੇ ਮਾਨਵ ਉਸ 'ਪਾਰ-ਬ੍ਰਹਮ ਪ੍ਰਭੂ' ਦੇ ਸੁੱਖਾਂ ਦਾ ਅਹਿਸਾਸ ਕਰ ਸਕਦਾ ਹੈ। ਸੁਖਮਨੀ ਸ਼ਬਦ ਆਪਣੇ ਆਪ 'ਚ ਹੀ ਇਕ ਬਹੁਤ ਭਾਵ-ਪੂਰਤ ਸ਼ਬਦ ਹੈ। ਮਨ ਨੂੰ ਸੁੱਖ ਦੇਣ ਵਾਲੀ ਜਾਂ ਸੁੱਖਾਂ ਦੀ ਮਣੀ ਆਦਿਕ।

ਸੁਖਮਨੀ ਸੁਖ ਅੰਮ੍ਰਿਤ ਪ੍ਰਭੂ ਨਾਮ।
ਭਗਤ ਜਨਾਂ ਕੇ ਮਨ ਬਿਸਰਾਮ।।

ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਸਥਾਰ ਤੇ ਪ੍ਰਚਾਰ ਲਈ ਦੂਰ-ਦੂਰ ਤੱਕ ਮੰਜੀਆਂ ਭਾਵ ਪ੍ਰਚਾਰ ਕੇਂਦਰ, ਜਿਸ ਨੂੰ 'ਮਸੰਦ ਪ੍ਰਥਾ' ਵੀ ਕਿਹਾ ਜਾਂਦਾ ਹੈ, ਨੂੰ ਸਥਾਪਤ ਕੀਤਾ। ਇਹਨਾਂ ਕੇਂਦਰਾਂ ਤੋਂ ਸਿੱਖ ਸਿਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਸਾਧ-ਸੰਗਤ ਇਕੱਠੀ ਹੁੰਦੀ ਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਦਾ ਸੰਗੀਤਮਈ ਕੀਰਤਨ, ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ ਜੋ ਰਬਾਬ ਨਾਲ, ਗੁਰੂ ਨਾਨਕ ਦੇਵ ਜੀ ਸੰਗ, ਗੁਰਬਾਣੀ ਦੀਆਂ ਮਿੱਠੀਆਂ ਸੰਗੀਤਕ ਧੁਨਾਂ ਤੇ ਸ਼ਬਦ ਗਾਇਨ ਕਰਦੇ ਸਨ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪ੍ਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖ਼ੂਬ ਨਿਭਾਇਆ। ਉਹ ਗੁਰੂ ਘਰ ਦੇ ਬੜੇ ਮਸ਼ਹੂਰ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਦਾ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਤੇ ਸਿੱਖੀ ਸਿਧਾਂਤਾਂ ਨੂੰ ਆਪਣੇ ਲੜ ਬੰਨ੍ਹਦੀਆਂ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਤੇ ਇਸ ਤਰੀਕੇ ਨੇ ਸਿੱਖ ਧਰਮ ਦੇ ਫੈਲਾਅ ਲਈ ਲੋਕਾਂ 'ਚ ਖਿੱਚ ਪੈਦਾ ਕਰ ਦਿੱਤੀ। ਇਸ ਨਾਲ ਹਿੰਦੂ ਤੇ ਮੁਸਲਮਾਨ, ਸਿੱਖ ਧਰਮ 'ਚ ਪ੍ਰਵਰਤਿਤ ਹੋਣ ਲੱਗੇ। ਇਹ ਗੁਰਬਾਣੀ ਦੀ ਸੰਗੀਤਕ ਵਿਆਖਿਆ, ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦੀ ਰਹੀ। ਇਸ ਨਾਲ ਦੂਸਰੇ ਧਰਮਾਂ ਦੇ ਲੋਕਾਂ 'ਚ ਸਿੱਖ ਧਰਮ ਪ੍ਰਤੀ ਤੇ ਗੁਰੂ ਸਾਹਿਬਾਨ ਪ੍ਰਤੀ, ਨਫ਼ਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ 'ਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ 'ਚ ਪ੍ਰਗਟ ਹੋਈ।



ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ, ਉਨ੍ਹਾਂ ਨੇ ਵੀ ਸਿੱਖ ਧਰਮ ਦੀ ਸ਼ੋਭਾ ਬਹੁਤ ਸੁਣੀ ਹੋਈ ਸੀ। ਉਨ੍ਹਾਂ ਇੱਥੇ ਪੰਗਤ 'ਚ ਜ਼ਮੀਨ ਤੇ ਬੈਠ ਕੇ, ਆਮ ਸੰਗਤ ਨਾਲ, ਗੁਰੂ ਦਾ ਸਾਦਾ ਲੰਗਰ ਛਕਿਆ ਤੇ ਬੜੀ ਖੁਸ਼ੀ ਪ੍ਰਾਪਤ ਕੀਤੀ ਤੇ ਇਸ ਤਰ੍ਹਾਂ ਲੰਗਰ ਛਕਣਾ, ਉਨ੍ਹਾਂ ਨੂੰ ਬੜਾ ਚੰਗਾ ਲੱਗਿਆ। ਉਹ ਗੁਰੂ ਅਮਰਦਾਸ ਜੀ ਨੂੰ ਮਿਲ ਕੇ, ਉਨ੍ਹਾਂ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਰਜਨ ਦੇਵ ਜੀ ਦੇ ਦੋਖੀ, ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ ਗੁਰੂ ਜੀ ਨਾਲ ਗੁਰਗੱਦੀ ਨਾ ਮਿਲਣ ਕਾਰਨ ਬਹੁਤ ਨਫ਼ਰਤ ਕਰਦੇ ਸਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਮੁਸਲਮਾਨ ਧਰਮ ਵਿਰੁੱਧ ਗੁਰੂ ਜੀ ਨੇ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ ਅਕਬਰ ਤੇ ਕੋਈ ਅਸਰ ਨਾ ਹੋਇਆ। ਇਸ ਸ਼ਿਕਾਇਤ ਪ੍ਰਤੀ ਉਨ੍ਹਾਂ ਨੇ ਸਾਂਈ ਮੀਆਂ ਮੀਰ ਜੀ ਤੋਂ ਸਪਸ਼ਟੀਕਰਨ ਕਰ ਲਿਆ ਕਿ ਇਸ ਤਰ੍ਹਾਂ ਦੀ ਕੋਈ ਟਿੱਪਣੀ ਇਸਲਾਮ ਧਰਮ ਦੇ ਵਿਰੁੱਧ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਵੀ ਨਹੀਂ ਹੈ ਤੇ ਇਹੋ ਗੱਲ ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਤੇ ਉਨ੍ਹਾਂ ਦੇ ਪੁੱਤਰ ਮਿਹਰਬਾਨ ਨੂੰ ਆਖ ਦਿੱਤੀ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਦੀਆਂ ਚੰਗਿਆਈਆਂ ਦੱਸੀਆਂ ਕਿ ਉਹ ਤਾਂ ਮਨੁੱਖੀ ਸ਼ਾਂਤੀ ਲਈ, ਸਿੱਖ ਧਰਮ ਦਾ ਪ੍ਰਚਾਰ ਬੜੇ ਸ਼ਾਂਤਮਈ ਤਰੀਕੇ ਨਾਲ ਕਰਕੇ, ਮਾਨਵਤਾ ਨੂੰ ਵਧੀਆ ਜੀਵਨ ਜਿਊਣ ਲਈ ਸੇਧ ਦਿੰਦੇ ਹਨ। ਬਾਦਸ਼ਾਹ ਅਕਬਰ ਨੇ ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ਼ ਕੀਤੀ। ਉਨ੍ਹਾਂ ਦੀ ਸ਼ਿਕਾਇਤ ਦਾ ਬਾਦਸ਼ਾਹ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਬਾਦਸ਼ਾਹ ਅਕਬਰ ਦਾ 'ਦੀਨ-ਏ-ਇਲਾਹੀ' ਮੱਤ, ਸਭ ਧਰਮਾਂ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਸੀ ਤੇ ਨਾਲੇ ਆਪ ਉਹ, ਇਕ ਕੱਟੜ ਸ਼ਾਸਕ ਵੀ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਬਾਦਸ਼ਾਹ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਮਾਧਿਅਮ ਰਾਹੀਂ 51 ਮੋਹਰਾਂ ਭੇਟ ਕਰਕੇ ਅਫਸੋਸ ਪ੍ਰਗਟ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਵੱਖ-ਵੱਖ ਇਤਿਹਾਸਕਾਰਾਂ ਨੇ ਕਈ ਕਾਰਨ ਦੱਸੇ ਹਨ। ਜਿਵੇਂ: - ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀਚੰਦ ਦਾ ਗੁਰਗੱਦੀ, ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨਾ, 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਨਿੱਜੀ ਸੋਚ ਨਾਲ ਜੁੜੇ ਕੁਝ ਨਿੱਜੀ ਕਾਰਨ, ਰਾਜਨੀਤਿਕ ਕਾਰਨ ਤੇ ਕੁਝ ਫੁਟਕਲ ਕਾਰਨ ਹਨ।

'ਨਕਸ਼ਬੰਦੀ' ਇਸਲਾਮ ਧਰਮ ਦਾ ਇਕ ਕੱਟੜ ਸੂਫ਼ੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹੰਦੀ ਇਨ੍ਹਾਂ ਦਾ ਮੁੱਖੀ ਸੀ। ਉਹ ਆਪਣੇ ਪੱਧਰ ਤੇ ਵਿਅਕਤਿਤਵ ਨੂੰ ਗੁਰੂ ਸਾਹਿਬ ਦੇ ਪੱਧਰ ਤੋਂ ਉਪਰ ਮੰਨਦਾ ਸੀ। ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੁੰਦੀ ਬਹੁ-ਗਿਣਤੀ 'ਚ ਸੰਗਤ ਤੇ ਸਿੱਖ ਧਰਮ ਦਾ ਹੁੰਦਾ ਫੈਲਾਅ ਦੇਖ ਕੇ ਤੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਅਪਣਾਏ ਜਾ ਰਹੇ ਸਿੱਖ ਧਰਮ ਤੋਂ, ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖ਼ਤਰੇ ਦੀ ਘੰਟੀ ਸਮਝਦਾ ਸੀ। ਦਿਨ ਪ੍ਰਤੀ ਦਿਨ ਸਿੱਖ ਧਰਮ ਦਾ ਫੈਲਾਅ ਹੋ ਰਿਹਾ ਸੀ। ਧਰਮਸਾਲਾਵਾਂ, ਬਾਉਲੀਆਂ ਅਤੇ ਗੁਰਦੁਆਰਿਆਂ ਦੇ ਨਾਲ-ਨਾਲ ਮੰਜੀਦਾਰ ਅਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਣਾਂ ਦਾ ਉਪਦੇਸ਼ ਦੇਣ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਨਕਸ਼ਬੰਦੀ, ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਉਹ ਤਾਂ ਸਾਰੇ ਭਾਰਤ ਵਰਸ਼ 'ਚ ਇਸਲਾਮ ਦਾ ਹੀ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਤਾਂ ਉਨ੍ਹਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਨ੍ਹਾਂ ਦੀ ਇਕ ਨਾ ਚੱਲੀ। ਜਦੋਂ 1605 ਈਸਵੀ 'ਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਤੇ ਰਾਜ ਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ ਤੇ ਲੜਾਈ ਝਗੜੇ ਸ਼ੁਰੂ ਹੋ ਗਏ। ਸਲੀਮ ਦੇ ਗੱਦੀ ਪ੍ਰਾਪਤ ਕਰਨ 'ਚ ਸ਼ੇਖ ਫ਼ਰੀਦ ਬੁਖ਼ਾਰੀ ਨੇ ਬਹੁਤ ਮਦਦ ਕੀਤੀ ਜੋ ਬਾਅਦ 'ਚ (ਸ਼ਹਿਜ਼ਾਦਾ ਸਲੀਮ ਤੋਂ ਜਹਾਂਗੀਰ) ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ੇਖ ਫ਼ਰੀਦ ਬੁਖ਼ਾਰੀ ਖੁਦ ਇਕ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ, ਜਿਸ ਦਾ ਮੁਗਲ ਦਰਬਾਰ 'ਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ।

ਬਾਦਸ਼ਾਹ ਜਹਾਂਗੀਰ ਨੇ ਤਖਤ 'ਤੇ ਬੈਠਦਿਆਂ ਸਾਰ ਹੀ, ਇਸਲਾਮ ਧਰਮ ਦਾ ਪ੍ਰਚਾਰ ਕਰਨਾ, ਆਪਣਾ ਪਰਮ-ਧਰਮ ਸਮਝਿਆ। ਉਹ ਇਸਲਾਮ ਧਰਮ ਨੂੰ ਫੈਲਾਉਣ ਲਈ ਵਿਰੋਧੀਆਂ ਨੂੰ ਖਤਮ ਕਰਨ ਲਈ ਵਿਉਂਤਾਂ ਘੜਨ ਲੱਗਿਆ। ਸਭ ਤੋਂ ਪਹਿਲਾਂ ਉਸ ਨੇ ਅਕਬਰ ਦੁਆਰਾ ਚਲਾਏ ਗਏ 'ਦੀਨ-ਏ-ਇਲਾਹੀ' ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਸਮੇਂ ਗੁਰੂ ਸਾਹਿਬ ਦੇ ਸਬੰਧ, ਉਸ ਨਾਲ ਬੜੇ ਚੰਗੇ ਸਨ ਪਰ ਉਸ ਦੀ ਮੌਤ ਤੋਂ ਬਾਅਦ ਜਹਾਂਗੀਰ ਗੱਦੀ 'ਤੇ ਬੈਠਦਿਆਂ ਹੀ ਗੁਰੂ ਸਾਹਿਬ ਦੇ ਵਿਰੁੱਧ ਹੋ ਗਿਆ। ਸਿੱਖ ਧਰਮ ਵਿਰੁੱਧ, ਉਸ ਦੀ ਨੀਤੀ, ਆਪਣੀ ਸਵੈ-ਜੀਵਨੀ 'ਤੁਜ਼ਕਿ-ਜਹਾਂਗੀਰੀ' ਤੋਂ ਪਤਾ ਲੱਗਦਾ ਹੈ, ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ ਕਿ ਗੋਇੰਦਵਾਲ, ਜਿਹੜਾ ਬਿਆਸ ਨਦੀ ਦੇ ਕੰਢੇ 'ਤੇ ਸਥਿਤ ਹੈ, ਪੀਰਾਂ ਫਕੀਰਾਂ ਦੇ ਲਿਬਾਸ 'ਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਝੂਠ ਦੀ ਦੁਕਾਨ (ਦੁਕਾਨੇ ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ 'ਚ ਖਿਆਲ ਆਉਂਦਾ ਹੈ ਕਿ ਇਸ ਝੂਠ ਦੇ ਵਿਪਾਰ ਨੂੰ, ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ 'ਚ ਲੈ ਆਵਾਂ।''

ਬਾਦਸ਼ਾਹ ਜਹਾਂਗੀਰ ਦੇ ਗੱਦੀ ਉੱਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ, ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਨੂੰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਗਾਇਆ ਤੇ ਆਸ਼ੀਰਵਾਦ ਵੀ ਦਿੱਤਾ। ਇਸ ਮਿਲਾਪ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ, ਕਾਰਵਾਈ ਕਰਨ ਦੇ ਇਕ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ।

ਉਸਨੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਸਬੰਧੀ ਹੁਕਮ ਦਿੰਦਿਆਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਾਜ਼ਰ ਕਰਨ ਅਤੇ ਪਾਤਸ਼ਾਹ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ-ਅਸਬਾਬ ਜ਼ਬਤ ਕਰਕੇ ਡਰਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ, ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ 'ਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ, ਦੇਗ਼ 'ਚ ਉਬਾਲਿਆ ਗਿਆ। ਇਸ ਤਰ੍ਹਾਂ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਅੰਤ 16, 1606 ਈਸਵੀ ਨੂੰ ਰਾਵੀ ਦਰਿਆ 'ਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਸਭ ਕੁਝ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹੋਇਆਂ, ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ 'ਤੇ ਜਰਿਆ। ਤੱਪਦੀ ਤਵੀ, ਉਨ੍ਹਾਂ ਦੇ ਸੀਤਲ ਸੁਭਾਅ ਦੇ ਸਾਹਮਣੇ, ਸੁਖਦਾਇਕ ਬਣ ਗਈ। ਤੱਪਦੀ ਰੇਤ ਨੇ ਵੀ ਉਨ੍ਹਾਂ ਦੀ ਨਿਸ਼ਠਾ ਨੂੰ ਭੰਗ ਨਹੀਂ ਕੀਤਾ। ਗੁਰੂ ਜੀ ਨੇ ਸਭ ਕਸ਼ਟ ਹੱਸਦੇ-ਹੱਸਦੇ ਬਰਦਾਸ਼ਤ ਕੀਤੇ ਅਤੇ ਪ੍ਰਮਾਤਮਾ ਅੱਗੇ ਇਹੀ ਅਰਦਾਸ ਕੀਤੀ :-

ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮ ਪਦਾਰਥ ਨਾਨਕ ਮਾਗੈ।।

ਜਹਾਂਗੀਰ ਬਾਦਸ਼ਾਹ ਖੁਦ ਆਪਣੀ ਸਵੈ ਜੀਵਨੀ 'ਤੋਜ਼ਕਿ-ਜਹਾਂਗੀਰੀ' ਵਿਚ ਮੰਨਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧੀ ਤੋਂ ਉਸਨੂੰ ਬਹੁਤ ਈਰਖਾ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਕੌਮਾਂ 'ਚ ਬਹੁਤ ਹਰਮਨ ਪਿਆਰੇ ਸਨ, ਮੇਰਾ ਭਾਵ ਬਾਦਸ਼ਾਹ ਜਹਾਂਗੀਰ ਦੀ ਇਸਲਾਮ ਧਰਮ ਪ੍ਰਤੀ ਕੱਟੜਤਾ ਤੇ ਸ਼ਹਿਜ਼ਾਦਾ ਖ਼ੁਸਰੋ ਨੂੰ ਪਨਾਹ ਦੇਣਾ, ਗੁਰੂ ਅਰਜਨ ਦੇਵ ਜੀ ਦੇ ਕਤਲ ਦਾ ਮੁੱਖ ਕਾਰਨ ਹਨ। ਉਹ ਖ਼ੁਦ ਮੰਨਦਾ ਹੈ ਕਿ ਉਸ ਨੂੰ ਕੱਟੜ ਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ ਪਰ ਉਸ ਨੇ ਸਚਾਈ ਨੂੰ ਜਾਨਣ ਲਈ, ਬਾਦਸ਼ਾਹ ਨੇ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤਾਂ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਹ ਕੱਟੜ ਪੰਥੀਆਂ ਨੂੰ ਖੁਸ਼ ਕਰਨ ਲਈ ਗਲਤ ਕਦਮ (ਭਾਵ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ) ਕਰਨ ਦਾ ਚੁੱਕਿਆ। ਇਹ ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰਕੇ ਤੇ ਸਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਨੇੜਤਾ ਕਰ ਲਈ।

ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਹਾਰਕ ਰੂਪ 'ਚ ਤਬਦੀਲੀ ਲਿਆਂਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਉੱਤੇ ਬਿਰਾਜਮਾਨ ਹੋਣ ਸਮੇਂ, ਦੋ ਤਲਵਾਰਾਂ ਇਕ 'ਮੀਰੀ ਦੀ ਅਤੇ ਇਕ ਪੀਰੀ ਦੀ' ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਭਗਤੀ-ਸ਼ਕਤੀ ਦੇ ਪ੍ਰਤੀਕ 'ਸ੍ਰੀ ਅਕਾਲ ਤਖਤ ਸਾਹਿਬ' ਦੀ ਸਥਾਪਨਾ ਕੀਤੀ। ਬੀਰ ਰਸੀ ਸਾਹਿਤ 'ਵਾਰਾਂ' ਦਾ ਗਾਇਨ (ਢਾਡੀ ਪ੍ਰੰਪਰਾ) ਆਰੰਭ ਕਰਵਾਇਆ। ਮੁਗ਼ਲ ਫੌਜਾਂ ਦਾ ਮੈਦਾਨ-ਏ-ਜੰਗ 'ਚ ਡੱਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਅਹਿਸਾਸ ਪੈਦਾ ਹੋਇਆ। ਅੱਜ ਉਨ੍ਹਾਂ ਦੇ 'ਗੁਰਗੱਦੀ ਪੁਰਬ' 'ਤੇ ਉਨ੍ਹਾਂ ਨੂੰ ਯਾਦ ਕਰਨ ਦਾ ਅਰਥ ਹੈ, ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ, ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ ਹੈ। ਉਨ੍ਹਾਂ ਨੇ ਸੰਦੇਸ਼ ਦਿੱਤਾ ਸੀ ਕਿ ਮਹਾਨ ਕਦਰਾਂ ਕੀਮਤਾਂ ਦੇ ਲਈ, ਆਤਮ ਬਲੀਦਾਨ ਦੇਣ ਲਈ ਮਾਨਵ ਲੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜਿੰਦਾ ਰਹਿ ਸਕਦੇ ਹਨ। ਉਨ੍ਹਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਚ 'ਪੰਜ ਪਿਆਰਿਆਂ' ਦੀ ਸਥਾਪਨਾ ਕਰਕੇ 'ਖਾਲਸਾ-ਪੰਥ' ਦੇ ਰੂਪ 'ਚ ਪ੍ਰਗਟ ਹੋਇਆ। ਮੇਰੀ ਸਮੂਹ ਮਾਨਵਤਾ ਨੂੰ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਹੈ ਕਿ ਅੱਜ ਗੁਰੂ ਸਾਹਿਬ ਦੇ ਗੁਰਗੱਦੀ ਦਿਵਸ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਮਨੁੱਖੀ ਅਧਿਕਾਰਾਂ, ਅਨਿਆਂ ਵਿਰੁੱਧ ਚੇਤਨਤਾ, ਜਾਤ-ਪਾਤ ਦਾ ਖੰਡਨ, ਮਨੁੱਖੀ ਬਰਾਬਰੀ ਲਈ 'ਸਮਾਜਿਕ-ਬਰਾਬਰੀ', ਸਰਬੱਤ ਦਾ ਭਲਾ ਤੇ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਦੇ ਗੁਰਮਤਿ ਸਿਧਾਂਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਹਿੱਸਾ ਬਣਾਈਏ ਤਾਂ ਜੋ ਇਕ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ।

# ਸਿੱਖ ਧਰਮ ਤੇ ਅਵਿੱਦਿਆ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਕਰੀਬ 25 ਸਾਲ ਤੱਕ ਮੈਂ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਅਤੇ ਉਦੇਸ਼ਾਂ ਉੱਤੇ ਬਹੁਤ ਲਿਖਿਆ। ਬਹੁਤ। ਜੋ ਸਮਾਜ ਅੰਦਰ ਸਥਾਪਤ ਕਦਰਾਂ ਕੀਮਤਾਂ ਨਾਲ, ਗੁਰੂ ਅਤੇ ਸੰਤ ਪੁਰਖਾਂ ਦੇ ਵਿਚਾਰਾਂ ਅਤੇ ਉਦੇਸ਼ ਨਾਲ ਇਕ ਸਪਸ਼ਟ ਟਕਰਾਅ ਵਜੋਂ ਸਾਹਮਣੇ ਆਇਆ। ਇਹ ਸਭ ਉਸੇ ਤਰ੍ਹਾਂ ਸੀ, ਜਿਵੇਂ ਗੁਰੂ ਨਾਨਕ ਦੀ ਹਿੰਦੂ ਤੀਰਥ ਤੇ ਜਾ ਕੇ ਕਰਤਾਰਪੁਰ ਵੱਲ ਨੂੰ ਮੂੰਹ ਕਰਕੇ ਨਦੀ ਦਾ ਪਾਣੀ ਸੁੱਟਣਾ ਤੇ ਕਹਿਣਾ ਕਿ ਜੇ ਬ੍ਰਾਹਮਣਾਂ ਦੇ ਕਹੇ ਸੂਰਜ ਨੂੰ ਪਾਣੀ ਦਿੱਤਾ ਜਾ ਸਕਦਾ ਹੈ, ਜੇ ਬ੍ਰਾਹਮਣਾਂ ਦੇ ਖਾਧੇ ਸ਼ਰਾਧ, ਮੋਇਆਂ ਨੂੰ ਪਹੁੰਚ ਸਕਦੇ ਹਨ ਤਾਂ ਕੀ ਉਸਦਾ ਸੁੱਟਿਆ ਪਾਣੀ 1000-2000 ਮੀਲ ਦੂਰ ਕਰਤਾਰਪੁਰ ਨਹੀਂ ਪਹੁੰਚ ਸਕਦਾ? ਸਕੂਲ ਵਿਚ ਸਾਨੂੰ ਗੁਰੂ ਨਾਨਕ ਨਹੀਂ ਪੜ੍ਹਾਇਆ ਗਿਆ ਸਗੋਂ ਸੱਪ ਨੇ ਸਿਰ 'ਤੇ ਛਾਂ ਕੀਤੀ, ਉਹਨਾਂ ਚੜ੍ਹਦਾ ਪਹਾੜ ਰੋਕ ਦਿੱਤਾ, ਅੱਕ ਕੁੱਕੜੀਆਂ ਦੇ ਅੰਬ ਬਣਾ ਦਿੱਤੇ, ਉਹ ਖੜਾਵਾਂ ਤੇ ਬੈਠ ਕੇ ਉੱਡਦੇ ਦੂਰ ਪਹੁੰਚ ਜਾਂਦੇ ਸਨ, ਇਹ ਪੜ੍ਹਾਇਆ ਗਿਆ। ਯਾਨਿ ਜੇ ਬ੍ਰਾਹਮਣਾਂ ਦਾ ਹਨੂੰਮਾਨ ਪਹਾੜ ਲੈ ਕੇ ਉੱਡ ਸਕਦਾ ਹੈ ਤਾਂ ਸਾਡਾ ਬਾਬਾ ਖੜਾਵਾਂ 'ਤੇ ਬੈਠ ਕੇ ਮੱਕੇ ਮਦੀਨੇ ਪਹੁੰਚ ਸਕਦਾ ਹੈ। ਪਹਾੜ ਤੱਕ ਨੂੰ ਰੋਕ ਸਕਦਾ ਹੈ। ਚਰਿਆ ਖੇਤ ਮੁੜ ਹਰਾ ਭਰਾ ਕਰ ਸਕਦਾ ਹੈ। ਅੱਕ ਕੁੱਕੜੀਆਂ ਦੇ ਅੰਬ ਬਣਾ ਸਕਦਾ ਹੈ। ਇਹ ਸਭ ਬਚਪਨ ਵਿਚ ਤੇ ਸਕੂਲ ਵਿਚ ਸਿਖਾਇਆ ਗਿਆ ਸਾਨੂੰ।

ਕਿਸੇ ਨੇ ਪੰਡਤ ਨਹਿਰੂ ਨੂੰ ਜਾ ਕੇ ਕਿਹਾ ਕਿ ਅੰਬੇਡਕਰ ਸਭ ਨੂੰ ਵਿੱਦਿਆ ਦਾ ਸਾਂਝਾ ਅਧਿਕਾਰ ਦੇ ਰਿਹਾ ਹੈ ਤਾਂ ਪੰਡਤ ਜੀ ਨੇ ਕਿਹਾ, ਕੋਈ ਨਹੀਂ ਵਿੱਦਿਆ ਤਾਂ ਅਸੀਂ ਦੇਣੀ ਹੈ। ਮੇਰੇ ਵਰਗੇ ਮੂਰਖ ਨੂੰ ਪੰਡਤ ਦੀ ਕਹੀ ਗੱਲ ਜ਼ਿੰਦਗੀ ਦੇ 30-32 ਸਾਲ ਬੀਤਣ ਤੇ ਦੋ ਐਮ. ਏ. ਕਰਨ ਉਪਰੰਤ ਵੀ ਸਮਝ ਨਹੀਂ ਪਈ ਤੇ ਨਾ ਇਹ ਪਤਾ ਲੱਗਾ ਕਿ ਵਿੱਦਿਆ ਦੇ ਬੁਨਿਆਦੀ ਅਧਿਕਾਰ ਦਾ ਅਰਥ ਸੀ, ਮੇਰੇ ਵਰਗੇ ਅਛੂਤ ਨੀਚ ਜਮੂਰੇ ਨੂੰ ਬ੍ਰਾਹਮਣਾਂ ਦੇ ਬਰਾਬਰ ਬਹਿ ਕੇ ਖਹਿ ਕੇ ਪੜ੍ਹਨ ਦਾ ਅਧਿਕਾਰ ਤੇ ਜੱਟਾਂ ਦੀ 'ਕਾਟੋ' ਨੂੰ ਪੰਡਤਾਣੀਆਂ-ਠੁਕਰਾਣੀਆਂ ਬਣਿਆਣੀਆਂ ਕੁੜੀਆਂ ਦੇ ਬਰਾਬਰ ਗੋਡੇ ਡਾਹ ਕੇ ਪੜ੍ਹਨ ਦਾ ਅਧਿਕਾਰ। ਸਾਡੀ 90 ਫੀਸਦੀ ਆਬਾਦੀ ਨੂੰ ਤਾਂ ਅੱਜ ਤੱਕ ਨਾ ਤਾਂ ਅੰਬੇਡਕਰ ਦੀ ਗੱਲ ਸਮਝ ਪਈ ਹੈ ਨਾ ਪੰਡਤ ਨਹਿਰੂ ਦੀ ਕਿ ਵਿੱਦਿਆ ਤਾਂ ਉਹੀ ਹੋਵੇਗੀ ਜੋ ਪੰਡਤ ਚਾਹੁਣਗੇ।

ਮੇਰਾ ਕਹਿਣ ਦਾ ਸਿੱਧਾ ਜਿਹਾ ਅਰਥ ਇਹੋ ਹੈ ਕਿ ਜਦੋਂ ਗੁਰੂ ਬਾਬੇ ਬਾਰੇ ਇਹ ਕਹਾਣੀਆਂ ਘੜੀਆਂ ਪੜ੍ਹਾਈਆਂ ਸੁਣਾਈਆਂ ਤੇ ਰਟਾਈਆਂ ਗਈਆਂ ਤਾਂ ਇਹਨਾਂ ਨੂੰ ਸਿੱਖ ਬਾਬਿਆਂ, ਸਾਧਾਂ, ਸੰਤਾਂ, ਭਾਈਆਂ, ਰਾਗੀਆਂ, ਢਾਡੀਆਂ ਨੇ ਪਾਠੀਆਂ ਨੇ ਤੇ ਪਿੰਡ ਦੇ ਪੰਜਾਬੀ ਪੜ੍ਹੇ ਲਾਲ ਬੁਝੱਕੜਾਂ ਨੇ ਐਨਾ ਟਿੱਲ ਲਾ ਕੇ ਸੁਣਾਇਆ ਕਿ ਸਾਨੂੰ ਜੀਵਨ ਦੇ ਤੀਜੇ ਪੜਾਅ ਵਿਚ ਜਾ ਕੇ ਵੀ ਨਹੀਂ ਭੁੱਲੀਆਂ। ਪ੍ਰੰਤੂ ਪੰਡਤ ਦੀ ਕਹੀ ਗੱਲ ਸਾਡੀ ਖੋਪੜੀ 'ਚ ਨਾ ਉਦੋਂ ਵੜੀ ਨਾ ਅੱਜ। ਅੰਬੇਦਕਰ ਵਿਚਾਰੇ ਅਛੂਤ ਨੂੰ ਕਿਸ ਬਾਗ ਦੀ ਮੂਲੀ ਗਿਣਨਾ ਸੀ ਕਿਸੇ ਨੇ। ਅਛੂਤਾਂ ਨੂੰ ਤਾਂ ਸਿੱਖ ਘੜੇ ਨੂੰ ਹੱਥ ਨੀ ਸੀ ਲਾਉਣ ਦਿੰਦੇ। ਨਲਕੇ ਤੋਂ ਵੀ ਪਾਣੀ ਨਾ ਸੀ ਪੀਣ ਦਿੰਦੇ, ਲੰਗਰ 'ਚ ਬਹਿਣ ਨਹੀਂ ਸੀ ਦਿੰਦੇ, ਚੌਂਤਰੇ ਦੇ ਨੇੜੇ ਨਹੀਂ ਸੀ ਹੋਣ ਦਿੰਦੇ। ਸੱਤਨਾਮ ਘੱਟ ਕਹਿੰਦੇ ਸੀ, 'ਕੁੱਤੀਏ ਜਾਤੇ ਕਿੱਧਰ ਮੂੰਹ ਚੁੱਕਿਐ' ਬਹੁਤਾ ਕਹਿੰਦੇ ਸੀ। ਇਹੋ ਜਿਹੇ ਮਾੜੇ ਵਕਤਾਂ 'ਚ ਇਹ ਗੱਲ ਕੋਈ ਕਿਵੇਂ ਸਮਝ ਸਕਦਾ ਸੀ ਕਿ ਵਿੱਦਿਆ ਦੇ ਅਧਿਕਾਰ ਹੇਠ, ਪੰਡਤ ਲੋਕਾਂ ਨੂੰ ਆਪਣੀ ਬਣਾਈ ਕਿਹੋ ਜਿਹੀ ਵਿੱਦਿਆ ਦਿੰਦਾ ਰਿਹਾ। ਜਿਸਨੇ ਗੁਰੂ ਬਾਬੇ ਨਾਨਕ ਦੇ ਮਹਾਨ ਸਮਾਜਿਕ ਤੇ ਧਾਰਮਿਕ ਇਨਕਲਾਬ ਦੀ, ਪਹਿਲੀ ਜਮਾਤ ਤੋਂ ਹੀ ਖੁੰਬ ਠੱਪਣੀ ਸ਼ੁਰੂ ਕਰ ਦਿੱਤੀ। ਯਾਨਿ ਅਕਲ ਵਾਸਤੇ ਦਰਵਾਜ਼ੇ ਖੁੱਲ੍ਹੇ ਵੀ ਤਾਂ ਬ੍ਰਾਹਮਣ ਹੀ ਵਿੱਦਿਆ ਦਾ ਦਾਤਾ ਬਣ ਬੈਠਾ, ਜਿਸਨੇ ਹਜ਼ਾਰਾਂ ਸਾਲ ਸਾਡੇ ਪੁਰਖਿਆਂ ਦੇ ਕੰਨਾਂ 'ਚ ਸਿੱਕੇ ਪਾਏ, ਸੁਣਨ ਨਹੀਂ ਦਿੱਤਾ, ਬੋਲਣ ਨਹੀਂ ਦਿੱਤਾ, ਕੋਈ ਪੁਸਤਕ ਦੇਖਣ ਨਹੀਂ ਦਿੱਤੀ, ਜਾਨਵਰ ਬਣਾ ਕੇ ਰੱਖਿਆ। 1947 ਤੱਕ ਮੇਰੇ ਪਿੰਡ ਵਿਚ ਕੋਈ ਪੰਜਵੀਂ ਪਾਸ ਨਹੀਂ ਸੀ। ਗੁਰਦੁਆਰੇ ਦੀ ਪੰਜਾਬੀ ਪਾਸ ਜ਼ਰੂਰ ਸਨ। ਪੰਜਵੀਂ ਪਾਸ ਕੋਈ ਨਹੀਂ ਸੀ ਜਾਂ ਅੰਗਰੇਜ਼ ਸਰਕਾਰ ਦੇ ਫੌਜੀ ਸਨ। ਜੋ ਟਰਨ ਆਊਟ ਨੂੰ, ਟਰਨੌਟ ਕਹਿਣ ਅਤੇ ਲੈਫਟਰੈਟ ਕਹਿਣ ਤੋਂ ਵੱਧ ਗੁੱਡ ਕਹਿਣਾ ਜਾਣਦੇ ਸਨ ਬੱਸ। ਹਜ਼ਾਰਾਂ ਸਾਲ ਤੋਂ ਸਾਡੀ ਜ਼ਿੰਦਗੀ ਇੰਨੀ ਜਾਨਵਰ ਰਹੀ ਕਿ 1947 'ਚ ਵੀ ਕੋਈ ਪੰਜਵੀਂ ਪਾਸ ਨਹੀਂ ਸੀ ਲੱਗਭੱਗ। ਜੇ ਲੱਭਦਾ ਸੀ ਕੋਈ ਤਾਂ ਖਾਲਸਾ ਸਕੂਲ ਵਾਲਾ ਜਾਂ ਫਿਰ ਅੰਗਰੇਜ਼ ਦੀ ਮਿਹਰਬਾਨੀ ਨਾਲ ਮਿਲੇ ਕਿਸੇ ਮੀਲਾਂ ਵਿਚਕਾਰ ਖੁੱਲ੍ਹੇ ਇਕ ਅੱਧ ਸਕੂਲ ਵਾਲਾ।

ਇਸ ਹਾਲਤ ਵਿਚ ਸਾਨੂੰ ਸੰਵਿਧਾਨ ਨਹੀਂ ਵਿੱਦਿਆ ਦਾ ਅਧਿਕਾਰ ਮਿਲਿਆ। ਅਸੀਂ ਜੱਟ, ਤਰਖਾਣ, ਛੀਂਬੇ, ਝਿਊਰ, ਨਾਈ, ਘੁੰਮਿਆਰ, ਜੁਲਾਏ, ਚਮਾਰ, ਬੌਰੀਏ, ਮਜਬੀ, ਸ਼ੂਦਰ ਅਤੀ ਸ਼ੂਦਰ ਸਕੂਲ ਗਏ ਤਾਂ ਫਿਰ ਉਥੇ ਸਾਨੂੰ ਸੱਪ ਦੀ ਸਿਰੀ ਦੀ ਛਾਂ ਹੇਠ ਪਿਆ ਮਿਲਿਆ, ਬਾਬਾ ਨਾਨਕ, ਬਲੀ ਕੰਧਾਰੀ ਦਾ ਪਹਾੜ ਰੋਕਦਾ, ਖੜਾਵਾਂ ਤੇ ਉੱਡਦਾ, ਚਰਿਆ ਖੇਤ ਹਰਾ ਕਰਦਾ ਬਾਬਾ ਨਾਨਕ। ਤੇ ਗੁਰਦੁਆਰੀਏ ਗਾਉਂਦੇ ਸੁਣੇ ਕਿ : "ਨਾਮਦੇਵ ਦੀ ਬਣਾਤੀ ਛੱਪਰੀ ਧੰਨੇ ਦੀਆਂ ਗਊਆਂ ਚਾਰੀਆਂ।"

ਇਹ ਸੀ ਉਹ ਧਰਮ ਜੋ ਅਸੀਂ ਸਿੱਖਣਾ ਸ਼ੁਰੂ ਕੀਤਾ। ਤੇ ਫਿਰ ਲੋਪੋ ਵਾਲੇ ਸਾਧ ਦਾ ਕਵੀਸ਼ਰ ਪੰਡਤ, ਘੰਟਿਆਂ ਬੱਧੀ, ਵੇਦਾਂ ਸ਼ਾਸਤਰਾਂ ਤੇ ਦੇਵੀ-ਦੇਵਤਿਆਂ ਦੀਆਂ ਗਾ-ਗਾ ਕੇ ਨਿਹਾਲ ਕਰਦਾ ਹਜ਼ਾਰਾਂ ਸੰਗਤਾਂ ਨੂੰ।

ਜਿਸ ਵਿੱਦਿਆ ਨੇ ਵਿਚਾਰ ਬਣ ਕੇ ਉਪਕਾਰ ਬਣਨਾ ਸੀ ਤੇ ਬ੍ਰਾਹਮਣੀ ਜੰਜਾਲ ਤੋਂ ਭਾਰਤ ਨੂੰ ਮੁਕਤ ਕਰਨਾ ਸੀ, ਉਹ ਸਿੱਖਾਂ ਕੋਲ ਵੀ ਆਈ ਪ੍ਰੰਤੂ ਵਿਚਾਰੀ ਬਣ ਕੇ, ਜਿਹੜੀ ਨਿੱਤ ਗੰਗਾ ਨਹਾਉਂਦੀ ਸੀ ਤੇ ਦੇਵਤਿਆਂ ਦੇ ਦਰਸ਼ਨ ਕਰਵਾਉਂਦੀ ਸੀ। ਇਹਨਾਂ ਦਰਸ਼ਨਾਂ ਵਿਚ ਹੀ ਬਾਬਾ ਨਾਨਕ ਰੋਲ ਦਿੱਤਾ ਸਿੱਖ ਬੰਦਿਆਂ ਨੇ ਉਸਦੀ ਵਿੱਦਿਆ ਦਾ ਵੀ ਹੁਲੀਆ ਬਦਲ ਕੇ, ਉਸ ਮਰਦਾਨੇ ਪੁਰਖ ਨੂੰ ਜੋ ਮਹਾਨ ਯੁੱਗ ਪੁਰਖ ਦਾ ਮਹਾਨ ਪ੍ਰਥਮ ਸਾਥੀ ਸੀ, ਨੂੰ ਭੁੱਖੜ ਤੇ ਬੰਗਾਲ ਦਾ ਭੇਡੂ ਬਣਾ ਧਰਿਆ। ਛਲੇਡਿਆਂ, ਭੂਤਾਂ, ਪਰੇਤਾਂ, ਚੜੇਲਾਂ ਦੀਆਂ ਬਾਤਾਂ ਨੇ ਹਰੇਕ ਜਣੇ ਖਣੇ ਦੇ ਪੱਦ ਕੱਢੀ ਰੱਖੇ। ਅੱਧੇ ਜੁਆਕ ਡਰਦੇ ਰੋਜ਼ ਮੰਜੀਆਂ ਜੁੱਲੀਆਂ ਤੇ ਮੂਤਦੇ ਤੇ ਪੌਲੇ ਖਾਂਦੇ ਸਨ। ਸਕੂਲ ਦੇ ਅਧਿਆਪਕ ਭਾਵੇਂ ਕਿੰਨੇ ਵੀ ਚੰਗੇ ਤੇ ਭਲੇਮਾਣਸ ਸਨ, ਪ੍ਰੰਤੂ ਉਹਨਾਂ ਨੂੰ ਵੀ ਸਾਧਾਂ, ਭਾਈਆਂ ਤੇ ਕਵੀਸ਼ਰਾਂ ਦੀਆਂ ਜਬਲੀਆਂ ਸੁਣੇ ਬਿਨਾਂ ਝਾੜਾ ਨੀ ਸੀ ਉਤਰਦਾ। ਵਿੱਦਿਆ ਗਈ ਭਾੜ 'ਚ ਤੇ ਅਕਲ ਨੇ ਗਧੇ ਵਾਂਗ ਧਰਮ ਦਾ ਚੰਦਨ ਲੁੱਟ ਕੇ ਬ੍ਰਾਹਮਣੀ ਧੂੜ ਮਿੱਟੀ 'ਚ ਪਲਟਣ ਦਾ ਖ਼ੂਬ ਆਨੰਦ ਮਾਣਿਆ।

ਅਸੀਂ ਬੰਦੇ ਬਣਦੇ ਵੀ ਤਾਂ ਕਿਵੇਂ ਬਣਦੇ। ਪਹਿਲਾਂ ਤਿੰਨ ਹਜ਼ਾਰ ਸਾਲ ਤਾਂ ਜਾਨਵਰ ਬਣਾਈ ਰੱਖੇ। ਵਿਵਸਥਾ ਬਦਲੀ, ਪਰਜਾਤੰਤਰ ਆਇਆ, ਸੰਵਿਧਾਨ ਨੇ ਵਿੱਦਿਆ ਦਾ ਅਧਿਕਾਰ ਸਾਂਝਾ ਕੀਤਾ ਤਾਂ ਸਾਨੂੰ ਸੰਸਾਰ ਦਾ ਮਹਾਨ ਕ੍ਰਾਂਤੀਕਾਰੀ ਯੁੱਗ ਪੁਰਸ਼ ਹਨੂੰਮਾਨ ਦੇ ਬਰਾਬਰ ਖੜਾਵਾਂ 'ਤੇ ਬੈਠਾ, ਮਰਦਾਨੇ ਨਾਲ, ਦੂਰ ਦੇਸਾਂਤਰਾਂ ਵੱਲ ਉੱਡਦਾ ਦਿੱਖਿਆ। ਤੀਜੀ ਅੱਖ ਨੇ ਕੀ ਖੁੱਲ੍ਹਣਾ ਸੀ। ਕੀ ਸੰਸਾਰ ਵਿਚ ਇਸਤੋਂ ਭੈੜੀ ਹੋ ਸਕਦੀ ਹੈ ਕਿਸੇ ਨਾਲ? ਅਜੇ ਪਿਛਲੇ ਸਾਲ ਦੀ ਹੀ ਗੱਲ ਹੈ ਜਦੋਂ ਸਿੱਖਾਂ ਦਾ ਇਕ ਮਹਾਨ ਸੰਤ ਕਹਿ ਰਿਹਾ ਸੀ ਕਿ ਜੇ ਸ਼ਿਵਜੀ ਭਗਵਾਨ ਇਕ ਬੱਚੇ ਦਾ ਸਿਰ ਕੱਟ ਕੇ, ਹਾਥੀ ਦਾ ਸਿਰ ਲਾ ਸਕਦਾ ਹੈ ਤਾਂ ਕੀ ਗੁਰੂ ਗੋਬਿੰਦ ਸਿੰਘ ਆਪ ਅਕਾਲ ਪੁਰਖ ਸਿੱਖਾਂ ਦਾ ਸੀਸ ਕੱਟ ਕੇ ਮੁੜ ਨਹੀਂ ਰੱਖ ਸਕਦੇ? ਉਸਨੂੰ ਕਿਸੇ ਸਿੱਖ ਨੇ ਨਹੀਂ ਪੁੱਛਿਆ ਕਿ ਬਾਬਾ ਜੀ ਉਹਨਾਂ ਦੇ ਪਿਤਾ ਦਾ ਸੁਲਤਾਨ ਨੇ ਸੀਸ ਲੈ ਲਿਆ। ਮਾਤਾ ਬੁਰਜ ਤੋਂ ਡਿੱਗ ਕੇ ਚੱਲ ਵਸੀ। ਦੋ ਬੱਚੇ ਨੀਹਾਂ 'ਚ ਚਿਣੇ ਗਏ। ਦੋ ਚਮਕੌਰ ਦੀ ਜੰਗ 'ਚ ਲੜਦੇ ਸ਼ਹੀਦ ਹੋ ਗਏ। ਸਾਰੇ ਸਿੰਘ ਵਾਰੀ ਵਾਰੀ ਮੁੱਕ ਗਏ। ਕੀ ਗੁਰੂ ਜੀ ਨੂੰ ਉਹਨਾਂ ਦੀ ਕੋਈ ਲੋੜ ਨਹੀਂ ਸੀ? ਕੀ ਗੁਰੂ ਅਰਜਣ ਹੇਠ ਤਪਦੀ ਤਵੀ ਠੰਢੀ ਹੋ ਗਈ ਸੀ? ਅਕਲ ਮੱਤ ਦੀ ਵਿੱਦਿਆ ਦਾ ਚਾਨਣ ਹੁੰਦਾ ਤਾਂ ਹੀ ਪੁੱਛਦੇ।

ਮੇਰਾ ਕਹਿਣ ਦਾ ਭਾਵ ਧਰਮ, ਵਿਚਾਰ, ਸੱਚ, ਉਪਕਾਰ ਕਿੱਥੇ ਛੱਡਿਆ ਹੈ ਅਸੀਂ? ਦਇਆ, ਸਦਾਚਾਰ, ਸਬਰ, ਸੰਤੋਖ, ਸ਼ੀਲ ਕਿੱਥੇ ਹੈ? ਗੁਰੂ ਜੀ ਕਹਿੰਦੇ ਹਨ ਕਿ ਮਾਲਕਾ ਮੈਨੂੰ ਵੱਡੀਆਂ ਫੌਜਾਂ ਵਾਲਾ ਸੁਲਤਾਨ ਨਾ ਬਣਾਈ। ਮੇਰੇ ਲਈ ਹੀਰੇ ਮੋਤੀ ਤੇ ਸੋਨੇ ਨਾਲ ਮੜ੍ਹੇ ਪਲੰਘ ਨਾ ਬਣਾਈਂ। ਮੈਨੂੰ ਤਾਂ ਹਿਰਨ ਵਾਂਗ ਬੇਡਰ, ਬੇਖ਼ੌਫ, ਆਜ਼ਾਦ ਤੁਰਨ ਦੇਵੀਂ ਤੇ ਪੇਟ ਭਰਨ ਜੋਗੀ ਕਿਰਤ ਕਰਨ ਦਾ ਬਲ ਦੇਵੀਂ।

ਪ੍ਰੰਤੂ ਗੁਰੂ ਦੇ ਦੁਸ਼ਾਲੇ ਰੁਮਾਲੇ ਹੀ ਲੱਖਾਂ ਲੱਖਾਂ ਦੇ ਹੋ ਗਏ ਹਨ। ਸੋਨੇ ਨਾਲ ਕਲਸ ਚਮਕਦੇ ਹਨ। ਸੰਗਮਰਮਰ ਨਾਲ ਇਮਾਰਤਾਂ ਲਿਸ਼ਕਦੀਆਂ ਹਨ। ਸੋਨੇ ਦੀਆਂ ਕਿਰਪਾਨਾਂ, ਕਹੀਆਂ ਤੇ ਬੱਠਲ ਚੜ੍ਹਦੇ ਹਨ। ਖ਼ਜ਼ਾਨੇ ਕਦੀ ਖਾਲੀ ਨਹੀਂ ਹੁੰਦੇ। ਪਤਾ ਨੀ ਕਿੰਨੇ ਲੈ ਲੈ ਖਾ ਖਾ ਮੁੱਕਰੀ ਜਾਂਦੇ ਹਨ। ਹੇ ਜਾਤ-ਪਾਤ ਸਿੰਘਨ ਕੀ ਦੰਗਾ ਬਣੀ ਹੋਈ ਹੈ। ਅਕਾਲ ਤਖਤ ਵਾਲੇ ਸਿੰਘ ਪਹਿਲਾਂ ਪੰਡਤਾਂ ਤੋਂ ਹੁਕਮਨਾਮਾ ਲੈਂਦੇ ਹਨ ਤੇ ਫਿਰ ਸੰਗਤਾਂ ਨੂੰ ਵਰਤਾਉਂਦੇ ਹਨ। ਧਰਮ ਤਾਂ ਕਦੋਂ ਦਾ ਖੰਭ ਲਾ ਕੇ ਉੱਡ ਗਿਆ ਹੈ। ਕੂੜ ਦੀ ਮੱਸਿਆ ਦਾ ਨੇਰ ਅੰਦਰ ਬਾਹਰ ਹਰ ਥਾਂ ਫੈਲਿਆ ਦਿਖਾਈ ਦਿੰਦਾ ਹੈ। ਏਨਾ ਗੂੜ੍ਹਾ ਕਿ ਸੱਚ ਦਾ ਚੰਦਰਮਾ ਵੀ ਪਤਾ ਨੀ ਕਿਹੜੀ ਗੁੱਠੇ ਦੁਬਕਿਆ ਬੈਠਾ ਹੈ। ਸ਼ਰਮ ਤੇ ਧਰਮ ਦੋਹੇਂ ਲੁਕ ਗਏ ਹਨ ਕਿਤੇ। ਕੂੜ ਪ੍ਰਧਾਨ ਬਣਿਆਂ, ਮੱਛਰਿਆ ਫਿਰਦੈ।

ਹਰੀ ਅੰਗੂਰੀ ਗਦਹਾ ਚਰੈ॥
ਨਿਤ ਉਠਿ ਹਸੈ ਹੀਂਗੈ ਮਰੈ॥
ਮਾਤਾ ਭੈਂਸਾ ਅਮੂਹਾ ਜਾਏ॥
ਕੁਦ ਕੁਦ ਭਰੈ ਰਸਾਤਲਿ ਪਾਏ॥ (ਸੰਤ ਕਬੀਰ)

ਮੂਰਖਾਂ ਨੂੰ ਪੰਡਤ ਤੇ ਮਹਾਂ ਮੂਰਖਾਂ ਨੂੰ ਮਹਾਂ ਪੁਰਖ ਦਾ ਖਿਤਾਬ ਮਿਲ ਜਾਂਦਾ ਹੈ। ਜਿਸਨੇ ਕੋਈ ਕਿਤਾਬ ਤੱਕ ਨੀ ਪੜ੍ਹੀ ਉਹ ਬ੍ਰਹਮ ਗਿਆਨੀ ਹੋ ਜਾਂਦਾ ਹੈ।

ਮਾਧੋ ਅਵਿਦਿਆ ਹਿਤ ਕੀਨੁ॥
ਬਿਬੇਕ ਦੀਪ ਮਲੀਨੁ॥ (ਸੰਤ ਰਵਿਦਾਸ)

ਏਨੀ ਅਵਿੱਦਿਆ, ਏਨਾ ਅਧਰਮ ਕਿ ਵਿਵੇਕ ਬੁੱਧੀ ਹੀ ਮਲੀਨ ਹੋ ਗਈ ਹੈ। ਖਰੇ ਨੂੰ ਖੋਟਾ ਤੇ ਖੋਟੇ ਨੂੰ ਖਰਾ ਦੱਸਦੀ ਹੈ।

ਅੰਧੀ ਰਯੀਅਤ ਗਿਆਨੁ ਵਿਹੂਣੀ
ਭਾਹਿ ਭਰੈ ਮੁਰਦਾਰੁ॥ (ਗੁਰੂ ਨਾਨਕ)

ਅਧਰਮ ਨੇ ਏਨੇ ਖੰਭ ਖਲਾਰ ਲਏ ਹਨ ਕਿ ਅਧਰਮ ਨੂੰ ਹੀ ਧਰਮ ਕਿਹਾ ਜਾਂਦਾ ਹੈ। ਨਾ ਤਾਂ ਲੱਖਾਂ ਪੁਜਾਰੀ, ਸਾਧੂ ਸੰਤ, ਰਾਗੀ ਢਾਡੀ ਅਗਿਆਨਤਾ ਦਾ ਅਟੁੱਟ ਲੰਗਰ ਵਰਤਾਉਂਦੇ ਥੱਕਦੇ ਹਨ ਅਤੇ ਨਾ ਧਰਮੀ ਪੁਰਖਾਂ ਦੀ ਭੀੜ ਅੱਕਦੀ ਹੈ। ਸਭ ਨੂੰ ਸੁਰਗ ਪਹੁੰਚਣ ਦੀ ਬਹੁਤ ਕਾਹਲੀ ਹੈ। ਮਾਤ ਲੋਕ ਤਾਂ ਕੋਰਾ ਝੂਠ ਹੈ। ਇਸ ਲਈ ਅਗਾਂਹ ਦੀ ਤਾਂਘ ਹੈ। ਪ੍ਰੰਤੂ ਬਾਣੀ ਵਾਰ ਵਾਰ ਕਹਿੰਦੀ ਹੈ ਕਿ ਕਿਸੇ ਨੇ ਨਾ ਆਉਣਾ ਹੈ ਨਾ ਜਾਣਾ ਹੈ।

ਗੁਰੂ ਕਹਿੰਦਾ ਹੈ ਦੱਸੋ ਤਾਂ ਸਹੀ ਕਿ ਕੌਣ ਮਰਿਆ ਹੈ। ਮਰਿਆ ਤਾਂ ਕੋਈ ਨਹੀਂ। ਚਲਾ ਗਿਆ ਹੈ। ਮੱਤ ਸੁਮੱਤ ਵਾਲਿਉ ਬੈਠ ਕੇ ਸੋਚੋ ਕਿ ਪਾਣੀ ਪਾਣੀ 'ਚ ਗਿਆ। ਮਿੱਟੀ ਮਿੱਟੀ 'ਚ। ਹਵਾ ਹਵਾ 'ਚ ਜਾ ਰਲੀ, ਅੱਗ ਅੱਗ ਵਿਚ ਸਮਾ ਗਈ। ਪੰਜ ਤੱਤ ਜੁੜੇ ਤਾਂ ਆਦਮੀ ਬਣ ਗਿਆ। ਬਿੱਖਰ ਗਏ ਤਾਂ ਬ੍ਰਹਿਮੰਡ ਬਣ ਗਿਆ।

ਜੋ ਬ੍ਰਹਿਮੰਡ ਵਿਚ ਹੈ ਉਹੀ ਪਿੰਡੇ ਵਿਚ ਹੈ। ਜੇ ਉਹ ਕਿਸੇ ਨੂੰ ਮਾਰਦਾ ਹੈ (ਆਪੁ ਮਰੈ, ਮਾਰੇ ਭੀ ਆਪੁ) ਤਾਂ ਨਾਲ ਆਪ ਵੀ ਮਰਦਾ ਹੈ। ਭਾਵ ਜਨਮ ਮਰਨ ਤਾਂ ਕੁਦਰਤ ਦੀ ਇਕ ਕਿਰਤ ਹੈ। ਆਉਂਦੇ ਹਾਂ ਚਲੇ ਜਾਂਦੇ ਹਾਂ। ਤਾਂ ਲੱਖਾਂ ਬੁਰਿਆਈਆਂ, ਠੱਗੀਆਂ ਕਿਉਂ ਕਰਦੇ ਹਾਂ?

ਗੁਰੂ ਦੀ ਵਿੱਦਿਆ ਦਾ ਅਰਥ ਤਾਂ ਦਇਆ, ਸਬਰ, ਸੰਤੋਖ, ਸਦਾਚਾਰ, ਸ਼ੀਲ ਗੁਣਾਂ ਨਾਲ ਭਰੀ ਹੈ। ਸਾਂਝ ਤਾਂ ਗੁਣਾਂ ਦੀ ਹੋਣੀ ਚਾਹੀਦੀ ਹੈ। ਇੱਥੇ ਸਾਂਝ ਊਚ ਨੀਚ, ਜਾਤ ਪਾਤ, ਰੰਗ ਤੇ ਨਸਲ ਦੀ ਹੈ। ਇਹ ਨਾ ਤਾਂ ਧਰਮ ਹੈ, ਨਾ ਉਪਕਾਰ। ਜਾਤ ਦਾ ਹੰਕਾਰ ਤਾਂ ਵਕਾਰਾਂ ਦੀ ਖਾਣ ਹੈ। ਮੂਰਖਪੁਣਾ ਹੈ, ਗਵਾਰਪੁਣਾ। ਕੋਈ ਉੱਚਾ ਨਹੀਂ ਕੋਈ ਨੀਚ ਨਹੀਂ। ਅਸੀਂ ਤਾਂ ਨਾ ਉੱਚੇ ਹਾਂ, ਨਾ ਨੀਚ ਤੇ ਨਾ ਵਿਚਕਾਰਲੇ। ਬੱਸ ਇਕ ਅੱਲਾ ਦੇ ਨੂਰ ਹਾਂ, ਪੰਜ ਤੱਤਾਂ ਦੇ ਪੁਤਲੇ। ਸਭ ਦੀ ਛਾਂ ਵੀ ਇਕ ਸਮਾਨ ਹੈ। ਇਹ ਸਭ ਕਹਿਣ ਦਾ ਮੇਰਾ ਸੁਆਲ ਹੈ ਕਿ ਆਪਾਂ ਨੇ ਦੇਖਣਾ ਹੈ ਕਿ ਅਸੀਂ ਸਭ ਕੈਸਾ ਧਰਮ ਕਰਦੇ ਹਾਂ। ਕਰਦੇ ਵੀ ਹਾਂ ਜਾਂ ਨਹੀਂ। ਤੇ ਗੁਰੂ ਵਾਲੇ ਬਣਨ ਦਾ ਅਮਲ ਅਰਥ ਕੀ ਹੈ?

# ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜੀਵਨ ਅਤੇ ਮੌਤ ਦੋਵੇਂ ਅਟੱਲ ਸਚਾਈਆਂ ਹਨ। ਮੌਤ ਇਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ, ਪਰ ਜੋ ਬੁਲੰਦੀਆਂ 'ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ। ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਵਿਚ ਸਿਰਫ 24 ਸਾਲ ਦੀ ਉਮਰ ਵਿਚ ਤੁਰ ਗਿਆ ਜਦੋਂ ਕਿ ਉਸਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ 'ਤੇ ਸੀ। ਅਜੇ ਉਸਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ, ਵੱਡੀ ਯਾਦਗਾਰ ਬਣਾਉਂਦਾ ਹੈ ਜਿਵੇਂ ਸ਼ਾਹਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ-ਪੱਕੀ ਸਮਾਧ ਬਣਾਉਂਦਾ ਹੈ, ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ, ਲੰਗਰ ਲਗਾ ਦਿੰਦਾ। ਆਪਣੀ ਯਥਾ-ਸ਼ਕਤੀ ਅਨੁਸਾਰ ਦਾਸ ਕਰ ਦਿੰਦਾ ਹੈ। ਪਰ ਜਜ਼ਬਾ ਦੋਵਾਂ ਦਾ ਬਰਾਬਰ ਹੈ। ਦੋਵਾਂ ਨ ਯਾਦਗਾਰ ਦਿਲ ਵਿਚ ਬਣਾਈ ਹੈ। ਮੈਂ ਆਪਣੀ ਧੀ 'ਗਿੰਨੀ' ਦੀ ਯਾਦ ਵਿਚ ਜਿਸਦੀ ਉਮਰ 13 ਸਾਲ ਦੀ ਸੀ ਕਿ ਉਸਦੀ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ। ਗਿੰਨੀ ਸਿਮ੍ਰਤੀ ਗ੍ਰੰਥ ਦੀ ਪੁਸਤਕ ਬਣਾਈ ਜੋ ਇਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ ਮੁਣਸ਼ੀ ਨੂੰ ਜ਼ਿੰਦਾ ਰੱਖਦਿਆਂ ਉਸਦੇ ਪਰਿਵਾਰ ਅਤੇ ਉਸਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ, ਜਿਸਨੂੰ ਉਸਦਾ ਛੋਟਾ ਭਰਾ ਸਤਪਾਲ ਸਿੰਘ ਜੋ ਦੁਆਬਾ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

ਗਿੰਨੀ ਸਿਮ੍ਰਤੀ ਗ੍ਰੰਥ ਪੰਜਾਬੀ ਸਾਹਿਤ ਦੇ ਖੇਤਰ ਵਿਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ, ਜੋ ਇਹਨਾਂ ਪਿਆਰਿਆਂ ਨੂੰ ਹਮੇਸ਼ਾ ਜ਼ਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕ ਪੈ ਸਕਦੀ ਹਨ ਪਰ ਗਿੰਨੀ ਸਿਮ੍ਰਤੀ ਗ੍ਰੰਥ ਦੇ ਅੱਖਰ ਹਮੇਸ਼ਾ ਰੌਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿਚ ਜਿੱਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ, ਮੁਣਸ਼ੀ ਦਾ ਜ਼ਿਕਰ ਜ਼ਰੂਰ ਹੋਵੇਗਾ। ਮੁਣਸ਼ੀ ਦੇ ਜੀਵਨ ਅਤੇ ਉਸਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਣਨਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਵਿਖੇ ਮੁਣਸ਼ੀ ਦਾ ਜਨਮ ਮਾਤਾ ਰੱਖੀ ਅਤੇ ਪਿਤਾ ਮੁਣਸ਼ੀ ਰਾਮ ਦੇ ਘਰ ਹੋਇਆ। ਜਿਸਦੇ ਬਚਪਨ ਦੇ ਕਦਮ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿਚ ਪੁੱਟਣੇ ਸ਼ੁਰੂ ਹੋਏ। ਸਫਰ ਇੱਥੋਂ ਸ਼ੁਰੂ ਹੋਇਆ। ਉਸਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸਦਾ ਗੇਂਦ ਉਤੇ ਨਿਯੰਤਰਣ, ਪਾਸ ਲੈਣ-ਦੇਣ ਵਿਚ ਨਿਪੁੰਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਈਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨ ਸਦਕਾ ਹੀ ਸਕੂਲੀ ਟੀਮ ਵਿਚ ਖੇਡਦਿਆਂ 1969 ਵਿਚ 16 ਸਾਲ ਦੀ ਉਮਰ ਵਿਚ ਹੀ ਸੂਬੇ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਇੱਥੇ ਹੀ ਸੁਡੌਲ ਮਸਲਦਾਰ ਚੁਸਤ ਸਰੀਰ ਵਾਲਾ ਮੁਣਸ਼ੀ ਸਿੱਖੀ ਸਰੂਪ ਵਿਚ ਆਉਣ ਲੱਗਾ। ਸਾਡੇ ਦੇਖਦਿਆਂ ਉਸਦੇ ਮੈਚ ਖੇਡਦਿਆਂ ਉਸਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪੱਟਿਆਂ ਸਮੇਤ ਖੇਡਿਆ ਉਸਦੇ ਜੂੜੇ ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸਦੀ ਇਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਵੀ ਸਾਨੂੰ ਨਜ਼ਰ ਆਈ।





ਮੁਣਸ਼ੀ ਦੇ ਘਰੇਲੂ ਹਾਲਾਤ ਇੰਨੇ ਚੰਗੇ ਨਹੀਂ ਸਨ ਤਾਂ ਉਸਨੇ ਕਲਕੱਤੇ ਜਾ ਕੇ ਫੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿਚ ਭਾਗ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਸਦੀ ਜਾਦੂਮਈ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰ ਰਾਸ਼ਟਰੀ ਗੋਲਕੀਪਰ ਸਵਰਗੀ ਰਾਜ ਕੁਮਾਰ ਜੀ (ਬਾਊ ਜੀ) ਨੇ ਮੁਣਸ਼ੀ ਨੂੰ 1970 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ- ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ਼੍ਰੀਲੰਕਾ ਵਿਖੇ ਹੋਏ ਹਾਕੀ ਖੇਡ ਮੁਕਾਬਲਿਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸਦੀ ਆਪਣੀ ਵਧੀਆ ਖੇਡ ਦਾ ਲੋਹਾ ਮਨਵਾਇਆ। ਤਦ ਮਹਿਕਮੇ ਨੇ ਉਸਨੂੰ ਸਬ ਇੰਸਪੈਕਟਰ ਦੀ ਤਰੱਕੀ ਦਿੱਤੀ। ਜਿੱਥੇ ਹੁਣ ਉਹ ਹਾਕੀ ਖੇਡ ਜਗਤ ਵਿਚ ਪ੍ਰਸਿੱਧ ਅਤੇ ਹਰਮਨ ਪਿਆਰਾ ਹੋ ਗਿਆ ਸੀ, ਉਥੇ ਉਸਨੇ ਆਪਣੀ ਗਰੀਬੀ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਲੁਕਾ ਲਈ ਸੀ। ਉਸਨੇ ਸੁਹਣੇ ਕੱਪੜੇ ਪਾਉਣੇ ਹਮੇਸ਼ਾ ਬਣ-ਬਣ ਕੇ ਰਹਿਣਾ, ਇਕ ਰੌਅਬਦਾਰ ਸਰਦਾਰ ਵਜੋਂ ਵਿੱਚਰਿਆ। ਗਰੀਬੀ ਦੀਆਂ ਹੰਢਾਈਆਂ ਤੰਗੀਆਂ, ਤੋਂ ਉਹ ਹੁਣ ਬੇਪਰਵਾਹ ਹੋ ਚੁੱਕਾ ਸੀ।

1970 ਵਿਚ 17 ਸਾਲ ਦੀ ਉਮਰ ਵਿਚ ਮੁਣਸ਼ੀ ਬੈਂਕਾਕ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਜਿੱਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀਂ ਡਿੱਠਾ ਹਾਲ ਸੁਣਾਉਣ ਵਾਲੇ ਨੇ ਬੇਬੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿਚ ਏਸ਼ੀਅਨ ਆਲ ਸਟਾਰ ਟੀਮ ਵਿਰੁੱਧ ਖੇਡੇ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਵਿਚ ਹਾਕੀ ਸੰਸਾਰ ਕੱਪ ਲਈ ਉਸਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਜਿੱਥੇ ਉਸਦੇ ਪਿਤਾ ਜੀ ਸੇਵਾਦਾਰ ਸਨ। ਉਹਨਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ-ਰਖਾਉ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿਚ ਹੀ ਆਪਣੇ ਪਿਤਾ ਨਾਲ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਟ ਲਾਇਸ ਤੋਂ ਬਾਹਰ ਜਾਂਦੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ ਗੇਂਦ ਮੈਦਾਨ ਵਿਚ ਫੜਾਉਂਦਾ ਸੀ। ਮੇਰਾ ਹਮ ਉਮਰ ਹੋਣ ਤੇ ਅਸੀਂ ਮਹੀਨਿਆਂ ਵਿਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਨ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਹੁੰਦੀ ਸੀ ਤਾਂ ਅਕੜੇ ਦੀ ਸੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ, ਮੈਂ ਤਾਂ ਸਕੂਲੀ ਪੜ੍ਹਾਈ ਵਿਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਉਸਦਾ ਹੁਨਰ ਉਸ ਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੇ ਸਕੂਲ ਬੋਰਡਾਂ ਵਿਚ ਗੇਂਦ ਸੁੱਟਣੀ ਜਾਂ ਕੰਧ ਉਤੇ ਗੋਲ ਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਯਕੀਨਨ ਗੱਲ ਲਈ ਪ੍ਰਸਿੱਧ ਹੋਇਆ, ਉਸਦਾ ਪਲੈਂਟੀ ਸਟਰੋਕ ਅਜਾਈ ਨਾ ਜਾਂਦਾ। ਸ਼ੁਰੂ ਵਿਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਉਸਨੇ ਵਧੀਆ ਖੇਡਿਆ। ਇਕ ਘਟਨਾ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਣ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ

(ਬਾਕੀ ਸਫਾ 18 ਤੇ)

# ਰੂਹਾਨੀ ਕਵੀ ਤੇ ਬ੍ਰਹਮ ਗਿਆਨੀ

# 108 ਸ੍ਰੀ ਨਾਭ ਕੰਵਲ ਰਾਜਾ ਸਾਹਿਬ-ਮਜਾਰਾ ਨੌਂ ਆਬਾਦ



ਰੇਸ਼ਮ ਕਰਨਾਣਵੀ
91-98158-80104

ਦੁਨੀਆਂ ਨੂੰ ਸੱਚ ਦੇ ਮਾਰਗ ਤੇ ਚਲਣ, ਕਿਰਤ ਕਰਨ ਅਤੇ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਲੀਨ ਰਹਿ ਕੇ ਦੁਨਿਆਵੀ ਵਿਕਾਰਾਂ, ਕਰਮਕਾਂਡਾਂ, ਬੰਧਨਾਂ ਤੋਂ ਮੁਕਤੀ ਦੇ ਮਾਰਗ ਤੱਕ ਪਹੁੰਚਾਣ ਲਈ ਇਸ ਧਰਤੀ ’ਤੇ ਮਹਾਨ ਸ਼ਖ਼ਸੀਅਤਾਂ, ਮਹਾਂਪੁਰਖਾਂ, ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼ ਦਿੱਤੇ ਹਨ। ਉਹ ਸਦਾ ਲਈ ਅਮਰ ਹਨ ਤੇ ਮਨੁੱਖਤਾ ਦਾ ਸਹੀ ਮਾਰਗ ਦਰਸ਼ਨ ਕਰਦੇ ਹਨ। ਫਿਰ ਵੀ ਮਨੁੱਖ ਇਹਨਾਂ ਅਨਮੋਲ ਵਿਚਾਰਾਂ, ਅਧਿਆਤਮਕ ਫਲਸਫੇ, ਰੂਹਾਨੀ ਸੰਦੇਸ਼ਾਂ ਤੋਂ ਅਣਜਾਣ ਬਣ ਕੇ ਤੇ ਕਿਨਾਰਾਕਸ਼ੀ ਕਰਕੇ ਭੁੱਲਿਆ ਭਟਕਦਾ ਫਿਰਦਾ ਹੈ। ਸਮੇਂ-ਸਮੇਂ ਜਗਤ ਕਲਿਆਣ ਖਾਤਰ ਆਏ ਮਹਾਂਪੁਰਸ਼ਾਂ ਇਸ ਨੂੰ ਸੁਧਾਰਨ ਦੇ ਬਹੁਤ ਵੱਡਮੁੱਲੇ ਤੇ ਸਫਲ ਯਤਨ ਕੀਤੇ ਹਨ। ਜਿਸ ਸਦਕਾ ਅੱਜ ਵੀ ਲੋਕਾਈ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰਦੀ ਹੈ। ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ ਦੇ ਸਮੇਂ ਅੰਦਰ ਇਨ੍ਹਾਂ ਮਹਾਂਪੁਰਸ਼ਾਂ ਦੇ ਮਹਾਨ ਵਿਚਾਰਾਂ, ਜੀਵਨ ਸੇਧ, ਦਰਸ਼ਨ ਨਾਲ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ, ਸੇਵਾ ਹਿੱਤ ਕੀਤੇ ਕਾਰਜਾਂ ਪ੍ਰਤੀ ਸ਼ਰਧਾਵਾਨ ਹੋ ਕੇ ਸੰਗਤਾਂ ਉਨ੍ਹਾਂ ਦਾ ਜਸ ਗਾ ਕੇ ਨਿਮਰਤਾ, ਸੇਵਾ-ਸਿਮਰਨ, ਸਮਾਜ ਭਲਾਈ ਦੇ ਆਰੰਭੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾ ਕੇ ਧੰਨ-ਧੰਨ ਹੁੰਦੀਆਂ ਹਨ। ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ, ਆਪਣੀਆਂ ਭੁੱਲਾਂ ਬਖਸ਼ਾਉਂਦਿਆਂ ਆਪਣੇ ਕਾਰਜ ਸਫ਼ਲ ਕਰਦੀਆਂ ਹਨ।

ਦੁਆਬੇ ਦੇ ਜਿਲ੍ਹੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਮਜਾਰਾ ਨੌਂ ਆਬਾਦ ਵਿੱਚ ਰਸੋਖਾਨਾ ਦਰਬਾਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਸੁਸ਼ੋਭਿਤ ਹੈ। ਇਹ ਰਸੋਖਾਨਾ ਸ੍ਰੀਨਾਭ ਕੰਵਲ ਰਾਜਾ ਸਾਹਿਬ ਬਾਬਾ ਭਗਵਾਨ ਦਾਸ ਜੀ ਦੀ ਜੀ ਦੀ ਵਰੋਸਾਈ ਪਵਿੱਤਰ ਧਰਤੀ ਹੈ। ਇਸ ਪਵਿੱਤਰ ਅਸਥਾਨ ’ਤੇ ਹੀ ਉਨ੍ਹਾਂ ਦੀ ਸਮਾਧ ਸੁਸ਼ੋਭਿਤ ਹੈ। ਜਿੱਥੇ ਲੱਖਾਂ ਸੰਗਤਾਂ ਉਨ੍ਹਾਂ ਦੇ ਚਰਨਾਂ ’ਚ ਨਤਮਸਤਕ ਹੁੰਦੀਆਂ ਹਨ। ਸ੍ਰੀ ਨਾਭਕੰਵਲ ਰਾਜਾ ਸਾਹਿਬ ਜੀ, ਬਗਦਾਦ ਤੋਂ ਚੱਲੀ ਆ ਰਹੀ ਨਾਮ ਸਿਮਰ ਗੱਦੀ ਦੇ ਗੱਦੀ ਨਸ਼ੀਨ ਸਨ। ਵਹਾਵਦ ਪੀਰ ਜੀ ਤੋਂ ਇਹ ਗੱਦੀ ਬਾਬਾ ਫਰੀਦ ਜੀ ਦੇ ਪਰਿਵਾਰ ਤੋਂ ਹੁੰਦੀ ਕਲੀਅਰ ਸ਼ਰੀਫ਼ ਤੋਂ ਲਾਲਾ ਵਲੀ ਹਮੀਰਚੰਦ, ਬਾਬਾ ਜਵਾਹਰ ਸਿੰਘ ਤੋਂ ਬਾਬਾ ਸਾਹਿਬ ਦਾਸ ਜੀ ਤੱਕ ਪੁੱਜੀ। ਉਨ੍ਹਾਂ ਤੋਂ ਬਾਅਦ ਇਸ ਗੱਦੀ ਦੇ ਵਾਰਸ 108 ਸ੍ਰੀ ਨਾਭ ਕੰਵਲ ਰਾਜਾ ਸਾਹਿਬ ਭਗਵਾਨ ਦਾਸ ਜੀ ਹੋਏ ਹਨ। ਉਨ੍ਹਾਂ ਤੋਂ ਬਾਅਦ ਬਾਬਾ ਪੂਰਨ ਦਾਸ ਜੀ ਅਤੇ ਬਾਬਾ ਕਿਸ਼ਨ ਦਾਸ ਜੀ ਦੀ ਸੇਵਾ ’ਚ ਰਹੇ। ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ 7 ਫੱਗਣ 1862 ਈ. ਨੂੰ ਪਿੰਡ ਬੱਲੋਵਾਲ ਜਿਲ੍ਹਾ ਜਲੰਧਰ (ਹੁਣ ਨਵਾਂਸ਼ਹਿਰ ਤੋਂ ਸ਼ਹੀਦ ਭਗਤ ਸਿੰਘ ਨਗਰ) ਵਿਖੇ ਉਨ੍ਹਾਂ ਦੇ ਨਾਨਕੇ ਘਰ ਵਿੱਚ ਹੋਇਆ।

ਆਪ ਜੀ ਦੇ ਮਾਤਾ ਸਾਹਿਬ ਦੇਈ ਸਪੁੱਤਰੀ ਨੰਬਰਦਾਰ ਸ੍ਰੀ ਖਜ਼ਾਨਾ ਬੱਲੋਵਾਲ ਅਤੇ ਪਿਤਾ ਜੀ ਬਾਬਾ ਮੰਗਲਦਾਸ ਜੀ ਸਪੁੱਤਰ ਸ੍ਰੀ ਭੋਲਾ ਜੀ ਜੋ ਨੰਬਰਦਾਰ ਬਾਬਾ ਨੌਧਾ ਜੀ ਪਿੰਡ ਮੰਨਣਹਾਨਾ ਦੇ ਸਪੁੱਤਰ ਸਨ। ਉਨ੍ਹਾਂ ਦਾ ਨਾਮ ਭਗਵਾਨ ਦਾਸ ਰੱਖਿਆ ਗਿਆ। ਬਾਬਾ ਮੰਗਲ ਦਾਸ ਜੀ ਵੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ। ਜੋ ਜ਼ਿਆਦਾਤਰ ਆਪਣੇ ਨਾਨਕੇ ਪਿੰਡ ਖੈੜ ਅਤੇ ਲੋਧੀਪੁਰ ਰਹਿੰਦੇ ਸਨ। ਮਾਤਾ ਸਾਹਿਬ ਦੇਈ ਜੀ ਅਤੇ ਭਗਵਾਨ ਦਾਸ ਜੀ ਜਨਮ ਤੋਂ ਬਾਅਦ ਦੋ ਸਾਲ ਤੱਕ ਪਿੰਡ ਬੱਲੋਵਾਲ ਹੀ ਰਹੇ, ਉਸ ਤੋਂ ਬਾਅਦ ਆਪਣੇ ਜੱਦੀ ਪਿੰਡ ਮੰਨਣਹਾਨਾ ਤਹਿਸੀਲ ਗੜ੍ਹਸ਼ੰਕਰ ਹੁਸ਼ਿਆਰਪੁਰ ਚਲੇ ਗਏ।

ਬਚਪਨ ਵਿੱਚ ਹੀ ਉਹ ਆਪਣੀ ਭੂਆ ਮਾਤਾ ਅਤਰੀ ਕੋਲ ਪਿੰਡ ਰਸੂਲਪੁਰ (ਨਵਾਂਸ਼ਹਿਰ) ਆ ਗਏ। ਉਨ੍ਹਾਂ ਨੇ ਪਿੰਡ ਮੂਸਾਪੁਰ ਤੋਂ ਮੌਲਵੀ ਸ਼ਾਹਦੀਨ ਹੋਰਾਂ ਕੋਲੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਬਹੁਤ ਹੀ ਤੀਖਣ ਬੁੱਧੀ ਤੇ ਸਾਹਿਬ ਦਿਮਾਗ ਦੇ ਮਾਲਕ ਹੋਣ ਕਰਕੇ ਉਨ੍ਹਾਂ ਨੇ ਉਰਦੂ, ਫਾਰਸੀ, ਪੰਜਾਬੀ, ਹਿੰਦੀ, ਅਰਬੀ, ਨਾਗਰੀ, ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਜਲਦੀ ਹੀ ਹਾਸਲ ਕਰ ਲਿਆ। ਧਾਰਮਿਕ ਵਿਚਾਰਾਂ ਦੇ ਧਾਰਨੀ ਹੋਣ ਕਰਕੇ ਆਪ ਜੀ 13-14 ਸਾਲ ਦੀ ਉਮਰ ਵਿੱਚ ਸਾਧੂ ਮੰਡਲੀ ਵਿੱਚ ਸ਼ਾਮਲ ਹੋ ਗਏ। ਆਪ ਜੀ ਮਸਤ ਗੰਗਾ ਦਾਸ ਜੀ ਦੀ ਸੰਗਤ ਵਿੱਚ ਵੀ ਰਹੇ। ਉਨ੍ਹਾਂ ਆਪਣਾ ਗੁਰੂ ਬਾਬਾ ਜਵਾਹਰ ਸਿੰਘ ਝਿੰਗੜਾਂ ਵਾਲਿਆਂ ਨੂੰ ਧਾਰਿਆ। ਉਨ੍ਹਾਂ ਨੇ ਸਾਧੂ ਸੰਤਾਂ ਦੀ ਸੰਗਤ ਕਰਦਿਆਂ ਮੁਲਤਾਨ ਨਨਕਾਣਾ ਸਾਹਿਬ, ਗੁਜਰਾਤ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਦਾ ਭਰਮਣ ਕੀਤਾ। ਰਾਜਾ ਸਾਹਿਬ ਜੀ ਨੇ ਆਪਣੇ ਮਹਾਨ ਦਾਰਸ਼ਨਿਕ, ਧਾਰਮਿਕ, ਅਧਿਆਤਮਵਾਦੀ ਵਿਚਾਰਾਂ ਨਾਲ ਭਰਪੂਰ ਇੱਕ ਗ੍ਰੰਥ ਭਗਵਾਨ ਬਿਲਾਸ ਦੀ ਰਚਨਾ ਕੀਤੀ, ਜਿਸ ਵਿੱਚ ਸੰਗਤਾਂ ਨੂੰ ਪ੍ਰਭੂ ਸਿਮਰਨ ਨਾਲ ਜੋੜਨ ਦਾ ਮਾਰਗ ਦਰਸ਼ਨ, ਜੀਵਨ ਦੀ ਸਹੀ ਸੇਧ ਦਿੱਤੀ ਹੈ। ਇਹ ਗ੍ਰੰਥ ਗੁਰਦੁਆਰਾ ਦੂਖ ਨਿਵਾਰਨ ਝਿੰਗੜਾਂ ਵਿਖੇ ਸੁਸ਼ੋਭਿਤ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ ’ਚ ਆਪਣਾ ਤਖ਼ੱਲਸ ਭਗਵਾਨ ਦਾਸ ''ਮੌਜ਼ਦਿਲ'' ਲਿਖਿਆ ਹੈ।

ਉਨ੍ਹਾਂ ਨੇ ਪਿੰਡ ਮਜਾਰਾ ਨੌਂ ਅਬਾਦ ਤੋਂ ਇਲਾਵਾ ਹੋਰ ਥਾਵਾਂ ’ਤੇ ਵਿਚਰਦਿਆਂ ਸੰਗਤਾਂ ਨੂੰ ਬੁਰੇ ਕੰਮ ਛੱਡ ਕੇ ਭਲਾਈ ਦੇ ਤੇ ਚੰਗੇ ਕਰਮਾਂ ਅਤੇ ਨਾਮ ਸਿਮਰਨ ਦੇ ਲੜ ਲਾਉਣ ਲਈ ਉਪਦੇਸ਼ ਦਿੱਤੇ ਅਤੇ ਆਪਣੇ ਰੂਹਾਨੀ ਕੌਤਕਾਂ ਨਾਲ ਜੀਵਨ ਸੁਧਾਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੀ ਜ਼ਿੰਦਗੀ ਸੰਬੰਧਿਤ ਸਾਖੀਆਂ ਤੇ ਜੀਵਨ ਵੇਰਵੇ ਪੁਸਤਕ ''ਨੂਰੀ ਕਿਰਨਾਂ'' ਵਿਸਥਾਰ ਸਹਿਤ ਮੌਜੂਦ ਹਨ। ਉਨ੍ਹਾਂ ਨੇ ਸੰਗਤਾਂ ਵਾਸਤੇ ਪਿੰਡ ਮਜਾਰਾ ਵਿਖੇ ਹੀ ਰਸੋਖਾਨਾ ਬਣਵਾਇਆ। ਇੱਥੇ ਸਦਾ ਹੀ ਲੰਗਰ ਦੇ ਪ੍ਰਵਾਹ ਚਲਦੇ ਰੱਖਣ ਲਈ ਆਪਣੇ ਗੱਦੀਨਸ਼ੀਨ ਬਾਬਾ ਪੂਰਨ ਦਾਸ ਜੀ ਨੂੰ ਸੇਵਾ ਬਖਸ਼ੀ।

ਲੰਗਰ ਦੇ ਪ੍ਰਵਾਹ ਹੁਣ ਤੱਕ ਆਪ ਜੀ ਦੀ ਅਪਾਰ ਕਿਰਪਾ ਨਾਲ ਉਸੇ ਤਰ੍ਹਾਂ ਚੌਵੀ ਘੰਟੇ ਚੱਲ ਰਹੇ ਹਨ। ਆਪ ਜੀ ਦੇ ਦਰ ਘਰ ਦੀਆਂ ਸੇਵਕ ਸੰਗਤਾਂ ਨੂੰ ਬਖਸ਼ੀਆਂ ਨਿਹਮਤਾਂ ਸਦਕਾ ਸੇਵਾ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦਾ ਹੈ। ਮਜਾਰਾ ਵਿਖੇ ਆਪ ਜੀ ਦੀ ਸੋਨਾ ਜੜ੍ਹੀ ਸਮਾਧੀ ਦੀ ਸ਼ਾਨਦਾਰ ਇਮਾਰਤ ਅਤੇ ਵਿਸ਼ਾਲ ਸੁਨਹਿਰੀ ਗੁੰਬਦ ਦੇ ਨਾਲ ਹੀ ਵੱਡੇ ਲੰਗਰ ਹਾਲ, ਘੰਟਾ ਘਰ, ਡਿਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਤਾਅਨੁਕੂਲ ਪ੍ਰਕਾਸ਼ ਅਸਥਾਨ, ਮਾਤਾ ਸਾਹਿਬ ਦੇਵਾ ਯਾਦਗਾਰੀ ਇਮਾਰਤ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਨ ਤੇ ਸਵੇਰੇ ਸ਼ਾਮ ਰਸਭਿੰਨਾ ਕੀਰਤਨ ਹੁੰਦਾ ਹੈ, ਇੱਕ ਬਹੁਤ ਵਿਸ਼ਾਲ ਦੀਵਾਨ ਹਾਲ ਦੀ ਉਸਾਰੀ ਵੀ ਕੀਤੀ ਗਈ ਹੈ। ਇਸ ਅਸਥਾਨ ਤੋਂ ਇਲਾਵਾ ਆਪ ਜੀ ਨੇ 1905 ਵਿੱਚ ਪਿੰਡ ਰਹਿਪਾ ਵਿੱਚ ਗੁਰਦੁਆਰਾ ਬਣਵਾਇਆ। 1906 ਵਿੱਚ ਪਿੰਡ ਝਿੰਗੜਾਂ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। 1907 ਵਿੱਚ ਪਿੰਡ ਗੋਸਲਾਂ ਵਿਖੇ ਗੁਰਦੁਆਰਾ ਥੜਾ ਸਾਹਿਬ ਬਣਵਾਇਆ। 1910 ਵਿੱਚ ਪਿੰਡ ਸੁੱਜੋਂ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਬਣਵਾਇਆ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਨਾਨਕੇ ਪਿੰਡ ਬੱਲੋਵਾਲ, ਪਿੰਡ ਗੁਣਾਚੌਰ ਵਿੱਚ ਗੁਰਦੁਆਰਾ ਸਰੋਵਰ ਸਾਹਿਬ, ਪਿੰਡ ਗੋਬਿੰਦਪੁਰ, ਚੀਮਾ ਖੁਰਦ, ਨੂਰਪੁਰ, ਮੁਕੰਦਪੁਰ, ਕਟਾਣਾ, ਲਿੱਦੜਾਂ, ਸੰਗਰੂਰ, ਪਟਿਆਲਾ ਅਤੇ ਬੱਲੋਵਾਲ ਦੇ ਮਹਾਂਪੁਰਸ਼ ਵੱਲੋਂ ਰਾਜਸਥਾਨ ਵਿੱਚ ਵੀ ਆਪ ਜੀ ਦੀ ਯਾਦ ਵਿੱਚ ਅਸਥਾਨ ਸੁਸ਼ੋਭਿਤ ਹਨ। ਉਨ੍ਹਾਂ ਦੀ ਯਾਦ ਵਿੱਚ ਅਤੇ ਜਿੱਥੇ ਵੀ ਉਨ੍ਹਾਂ ਨੇ ਸਮਾਂ ਬਿਤਾਇਆ, ਉੱਥੇ ਵੀ ਉਨ੍ਹਾਂ ਨਾਲ ਸੰਬੰਧਿਤ ਪੂਜਣਯੋਗ ਅਸਥਾਨ ਸੰਗਤਾਂ ਵੱਲੋਂ ਬਣਾਏ ਗਏ ਹਨ। ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਉਨ੍ਹਾਂ ਦੇ ਅਸਥਾਨਾਂ ਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ।









ਵਿਦੇਸ਼ਾਂ ’ਚ ਵਸਦੀਆਂ ਸੰਗਤਾਂ ਵੱਲੋਂ ਉੱਥੇ ਵੀ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਧੰਨ-ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਸੰਗਤਾਂ ਨੂੰ ਉਪਦੇਸ਼ ਦਿੰਦਿਆਂ ਅਤੇ ਨਾਮ ਸਿਮਰਨ ਨਾਲ ਜੋੜਨ ਵਿੱਚ ਬਿਤਾਇਆ। ਆਪਣੇ ਕੌਤਕਾਂ ਰਾਹੀਂ ਭੁੱਲੇ ਭਟਕੇ ਲੋਕਾਂ ਨੂੰ ਨਵਾਂ ਜੀਵਨ ਮਾਰਗ ਦਿੱਤਾ। ਜਿਸ ’ਤੇ ਚੱਲ ਕੇ ਉਨ੍ਹਾਂ ਆਪਣਾ ਜੀਵਨ ਸਫ਼ਲ ਕੀਤਾ।

ਮਹਾਨ ਤਪੱਸਵੀ, ਇਲਾਹੀ ਨੂਰ, ਨੂਰਾਨੀ ਚਿਹਰਾ, ਅਧਿਆਤਮਵਾਦੀ ਰੂਹਾਨੀ ਵਿਚਾਰਧਾਰਾ, ਲੋਕ ਭਲਾਈ, ਮਾਨਵਵਾਦੀ ਸੰਦੇਸ਼ ਦੇਣ ਵਾਲੇ ਮਹਾਂਪੁਰਖ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਬਾਬਾ ਭਗਵਾਨ ਦਾਸ ਮੌਜਦਿਲ ਭਾਦੋਂ 1940 ਈ. ਦੀ ਮੱਸਿਆ ਵਾਲੇ ਦਿਨ ਪਿੰਡ ਮਜਾਰਾ ਨੌਂ-ਅਬਾਦ ਵਿਖੇ ਪ੍ਰਲੋਕ ਗਮਨ ਕਰ ਗਏ।

ਰਾਜਾ ਸਾਹਿਬ ਜੀ ਦੇ ਪਵਿੱਤਰ ਅਸਥਾਨ ਤੇ ਹਰ ਐਤਵਾਰ ਭਰਵਾਂ ਮੇਲਾ ਲਗਦਾ ਹੈ। ਉਨ੍ਹਾਂ ਦੀ ਸਲਾਨਾ ਬਰਸੀ ਮੌਕੇ ਭਾਦੋਂ ਦੀ ਮੱਸਿਆ ਵਾਲੇ ਦਿਨ ਤਿੰਨ ਰੋਜ਼ਾ ਭਾਰੀ ਜੋੜ ਮੇਲਾ ਲਗਦਾ ਹੈ। ਇਸ ਸਾਲ ਵੀ 11,12,13 ਸਤੰਬਰ 2015 ਨੂੰ ਪਿੰਡ ਮਜਾਰਾ ਨੌਂ ਆਬਾਦ ਵਿਖੇ ਭਾਰੀ ਜੋੜ ਮੇਲਾ ਹੋਵੇਗਾ। ਜਿਸ ਵਿੱਚ 11ਸਤੰਬਰ ਨੂੰ ਉਨ੍ਹਾਂ ਦੀ ਯਾਦ ’ਚ ਨਗਰ ਕੀਰਤਨ ਹੋਵੇਗਾ। ਦੂਸਰੇ ਅਤੇ ਤੀਸਰੇ ਦਿਨ 12,13 ਸਤੰਬਰ ਨੂੰ ਧਾਰਮਿਕ ਦੀਵਾਨ ਸਜਣਗੇ। ਜਿਸ ਵਿੱਚ ਪ੍ਰਸਿੱਧ ਕਵਾਲ, ਗਾਇਕ, ਰਾਗੀ, ਢਾਡੀ ਉਨ੍ਹਾਂ ਦਾ ਜਸ ਗਾਉਣ ਲਈ ਸ਼ਿਰਕਤ ਕਰਨਗੇ, ਜਿਸ ਵਿੱਚ ਸਮੂਹ ਸਾਧ ਸੰਗਤ ਨੂੰ ਹੁੰਮ ਹੁਮਾ ਕੇ ਪੁੱਜੇਗੀ।



# ਭਾਰਤ ਵਿੱਚ ਘਟਦੀ ਸਿੱਖ ਆਬਾਦੀ ’ਤੇ ਚਿੰਤਾ ਕਿਉਂ?



ਜਸਵੰਤ ਸਿੰਘ ‘ਅਜੀਤ’
91-95827-198 90

ਭਾਰਤ ਸਰਕਾਰ ਵਲੋਂ ਸੰਨ-2011 ਵਿੱਚ ਹੋਈ ਜਨ-ਗਣਨਾ ਦੇ ਆਧਾਰ ’ਤੇ ਦੇਸ਼ ਵਿਚਲੀ ਆਬਾਦੀ ਦੇ ਜਾਤੀ-ਅਧਾਰਤ ਜੋ ਅੰਕੜੇ ਜਾਰੀ ਕੀਤੇ ਗਏ ਹਨ, ਉਨ੍ਹਾਂ ਅਨੁਸਾਰ ਸਿੱਖਾਂ ਦੀ ਅਬਾਦੀ 2.09 ਕਰੋੜ ਵਿਖਾਈ ਗਈ ਹੈ, ਜੋ ਕਿ ਦੇਸ਼ ਦੀ ਕੁਲ ਅਬਾਦੀ 121.09 ਕਰੋੜ ਦਾ ਕੇਵਲ 1.07 ਪ੍ਰਤੀਸ਼ਤ ਹੀ ਹੈ। ਇਸਦੇ ਨਾਲ ਹੀ ਇਹ ਵੀ ਦਸਿਆ ਗਿਆ ਹੈ ਕਿ ਸਿੱਖ-ਅਬਾਦੀ ਵਿੱਚ ਸੰਨ-2001 ਤੋਂ ਸੰਨ-2011 ਦੇ ਦਹਾਕੇ ਦੌਰਾਨ 0.2 ਪ੍ਰਤੀਸ਼ਤ ਦੀ ਕਮੀ ਆਈ ਹੈ। ਇਸ ਹੋਈ ਕਮੀ ਨੂੰ ਲੈ ਕੇ ਸਿੱਖ ਹਲਕਿਆਂ, ਵਿਸ਼ੇਸ਼ ਕਰ ਰਾਜਸੀ ਅਤੇ ਧਾਰਮਕ ਹਲਕਿਆਂ, ਵਿੱਚ ਚਰਚਾ ਛਿੜ ਗਈ ਹੈ। ਇਥੋਂ ਤਕ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਸਿੱਖਾਂ ਦੀ ਘਟ ਰਹੀ ਅਬਾਦੀ ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖਾਂ ਦੇ ਨਾਂ ਸੰਦੇਸ਼ ਤਕ ਜਾਰੀ ਕਰ ਦਿੱਤਾ ਕਿ ਸਿੱਖਾਂ ਦੀ ਗਿਣਤੀ ਵਧਾਣ ਲਈ ਹਰ ਸਿੱਖ ਪਰਿਵਾਰ ਤਿੰਨ ਬੱਚੇ ਪੈਦਾ ਕਰੇ।

ਇਸਤੋਂ ਪਹਿਲਾਂ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਸੰਦੇਸ਼ ਦੀ ਪੁਣ-ਛਾਣ ਕੀਤੀ ਜਾਏ, ਉਸਤੋਂ ਪਹਿਲਾਂ ਇਨ੍ਹਾਂ ਅੰਕੜਿਆਂ, ਜੋ ਸਰਕਾਰੀ ਤੋਰ ਤੇ ਜਾਰੀ ਕੀਤੇ ਗਏ ਹਨ, ਦੀ ਪੁਣ-ਛਾਣ ਕਰ ਲੈਣਾ ਜ਼ਰੂਰੀ ਦੀ ਹੈ।

ਦੇਸ਼ ਵਿਚਲੀ ਸਿੱਖ ਅਬਾਦੀ ਬਾਰੇ ਅੰਕੜਿਆਂ ਪ੍ਰਤੀ ਬੇ-ਭਰੋਸਗੀ : ਜੇ ਗੰਭੀਰਤਾ ਨਾਲ ਇਨ੍ਹਾਂ ਅੰਕੜਿਆਂ ਦੀ ਘੋਖ ਕੀਤੀ ਜਾਏ ਤਾਂ ਇਨ੍ਹਾਂ ਵਿਚਲੇ ਘਟੋਘਟ ਸਿੱਖ ਅਬਾਦੀ ਦੇ ਅੰਕੜੇ ਬਹੁਤੇ ਭਰੋਸੇਯੋਗ ਨਹੀਂ ਜਾਪਦੇ। ਇਸਦਾ ਇੱਕ ਕਾਰਣ ਤਾਂ ਇਹ ਹੈ ਕਿ ਪੰਜਾਬ ਵਿੱਚ ਜਿਹੜੇ ਸਿੱਖ ਨੌਜਵਾਨ ਆਦਿ ਸਿੱਖੀ ਵਿਰਸੇ ਨਾਲੋਂ ਟੁੱਟ, ਸਿੱਖੀ ਸਰੂਪ ਤਿਆਗ ਗਏ ਹੋਏ ਹਨ, ਉਨ੍ਹਾਂ ਨੂੰ ਵੀ ਧਰਮ ਦੇ ਕਾਲਮ ਵਿੱਚ ਸਿੱਖ ਵਜੋਂ ਦਰਜ ਕਰ, ਸਿੱਖਾਂ ਦੀ ਗਿਣਤੀ ਵਿੱਚ ਜੋੜ ਲਿਆ ਗਿਆ ਜਾਪਦਾ ਹੈ। ਇਸਤੋਂ ਇਲਾਵਾ ਪੰਜਾਬ ਤੋਂ ਬਾਹਰ ਦੇ ਰਾਜਾਂ ਵਿੱਚ ਆਮ ਤੋਰ ਤੇ ਸਿੱਖਾਂ ਨੂੰ ਇਕ ਵਖਰੀ ਕੌਮ ਨਹੀਂ, ਸਗੋਂ ਹਿੰਦੂਆਂ ਦਾ ਹੀ ਇੱਕ ਅੰਗ ਮੰਨਿਆ ਜਾਂਦਾ ਹੈ, ਇਸ ਕਰਕੇ ਸੁਭਾਵਕ ਹੈ ਕਿ ਪੰਜਾਬੋਂ ਬਾਹਰ ਦੇ ਰਾਜਾਂ ਵਿੱਚ ਜਨ-ਗਣਨਾ ਕਰਨ ਸਮੇਂ, ਬਹੁਤੇ ਸਿੱਖਾਂ ਨੂੰ ਧਰਮ ਦੇ ਖਾਨੇ ਵਿੱਚ ਹਿੰਦੂ ਵਜੋਂ ਹੀ ਦਰਜ ਕਰ, ਹਿੰਦੂਆਂ ਦੀ ਗਿਣਤੀ ਵਿੱਚ ਜੋੜ ਦਿੱਤਾ ਗਿਆ ਹੋਵੇਗਾ।

ਇਸਦਾ ਪ੍ਰਤੱਖ ਸਬੂਤ ਦਿੱਲੀ ਵਿਚਲੀ ਸਿੱਖ ਅਬਾਦੀ, ਜੋ ਪੰਜ ਲੱਖ ਦੇ ਆਸ-ਪਾਸ ਦਸੀ ਗਈ ਹੈ, ਉਹ ਇਸ ਕਰਕੇ ਭਰੋਸੇਯੋਗ ਨਹੀਂ ਜਾਪਦੀ, ਕਿਉਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ, ਜੋ 2013 ਵਿੱਚ ਹੋਈਆਂ, ਨਾਲ ਸੰਬੰਧਤ ਸਰਕਾਰੀ ਤੋਰ ਤੇ ਤਿਆਰ ਕੀਤੀ ਗਈ ਹੋਈ ਮਤਦਾਤਾ ਸੂਚੀ ਅਨੁਸਾਰ ਸਿੱਖ ਮਤਦਾਤਾਵਾਂ ਦੀ ਗਿਣਤੀ ਚਾਰ ਅਤੇ ਪੰਜ ਲੱਖ ਦੇ ਵਿਚਕਾਰ ਹੈ। ਜਾਣਕਾਰ ਹਲਕਿਆਂ ਅਨੁਸਾਰ ਦਿੱਲੀ ਗੁਰਦੁਆਰਾ ਚੋਣਾਂ ਲਈ ਤਿਆਰ ਮਤਦਾਤਾ ਸੂਚੀ ਵਿੱਚ ਦਿੱਲੀ ਵਿਚਲੇ ਸਾਰੇ ਸਿੱਖ ਮਤਦਾਤਾ ਸ਼ਾਮਲ ਨਹੀਂ। ਇਸਦਾ ਇੱਕ ਕਾਰਣ ਤਾਂ ਇਹ ਦਸਿਆ ਜਾਂਦਾ ਹੈ ਕਿ ਸਿੱਖਾਂ ਦਾ ਇੱਕ ਵਰਗ ਦੋ ਕਾਰਣਾਂ ਕਰਕੇ ਇਸ ਸੂਚੀ ਵਿੱਚ ਆਪਣਾ ਨਾਂ ਸ਼ਾਮਲ ਕਰਵਾਉਣ ਤੋਂ ਕਤਰਾਂਦਾ ਹੈ, ਇੱਕ ਤਾਂ ਇਹ ਕਿ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਭ੍ਰਿਸ਼ਟਾਚਾਰ ਹੋਣ ਦਾ ਪ੍ਰਚਾਰ ਇਤਨਾ ਜ਼ਿਆਦਾ ਕਰ ਦਿੱਤਾ ਗਿਆ ਹੋਇਆ ਹੈ, ਜੋ ਅੱਜ ਵੀ ਜਾਰੀ ਹੈ, ਉਸਤੋਂ ਇਹ ਆਮ ਸਿੱਖਾਂ ਵਿੱਚ ਇਹ ਸੰਦੇਸ਼ ਚਲਾ ਗਿਆ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਭ੍ਰਿਸ਼ਟਾਚਾਰ ਦਾ ਹੀ ਅੱਡਾ ਹੈ, ਜਿਸਦੇ ਮੈਂਬਰ ਅਤੇ ਅਹੁਦੇਦਾਰ ਸਮੁਚੇ ਰੂਪ ਵਿੱਚ ਹੀ ਚੋਰ ਹਨ। ਹਰ ਗੁਰਦੁਆਰਾ ਚੋਣ ਵਿੱਚ ਉਹੀ ਲੋਕੀ ਮੈਂਬਰ ਬਣਨ ਲਈ ਅਗੇ ਆਉਂਦੇ ਹਨ, ਜੋ ਇਹ ਮੰਨ ਕੇ ਚਲਦੇ ਹਨ, ਕਿ ਉਹ ਗੁਰਦੁਆਰਾ ਕਮੇਟੀ ਦਾ ਮੈਂਬਰ ਬਣ, ਗੁਰੂ ਗੋਲਕ ਲੁਟ ਨਾ ਕੇਵਲ ਆਪਣਾ ਘਰ ਹੀ ਭਰਨਗੇ, ਸਗੋਂ ਆਪਣੀਆਂ ਕਈ ਪੀੜੀਆਂ ਤਕ ਲਈ ਵੀ ਗੁਜ਼ਾਰੇ ਦਾ ਜੁਗਾੜ ਕਰ ਦੇਣਗੇ। ਇਸ ਪ੍ਰਚਾਰ ਸਦਕਾ ਬਣੇ ਪ੍ਰਭਾਵ ਕਾਰਣ ਸਿੱਖਾਂ ਦਾ ਇਕ ਵਰਗ, ਇਹ ਮੰਨ, ਆਪਣੇ ਨਾਂ ਗੁਰਦੁਆਰਾ ਚੋਣਾਂ ਦੀ ਮਤਦਾਤਾ ਸੂਚੀ ਸ਼ਾਮਲ ਨਹੀਂ ਕਰਵਾਂਦਾ ਕਿ ਉਹ ਚੋਰਾਂ ਵਿਚੋਂ ਚੋਰ ਦੀ ਚੋਣ ਕਰਨ ਦੇ ‘ਪਾਪ’ ਵਿੱਚ ਹਿਸੇਦਾਰ ਨਹੀਂ ਬਣਨਾ ਚਾਹੁੰਦਾ।

ਇਸੇ ਤਰ੍ਹਾਂ ਦੂਸਰਾ ਕਾਰਨ ਇਹ ਹੈ ਕਿ ਦਿੱਲੀ ਗੁਰਦੁਆਰਾ ਐਕਟ ਅਨੁਸਾਰ ਕੇਵਲ ਉਹੀ ਸਿੱਖ ਮਤਦਾਤਾ ਬਣ ਸਕਦਾ ਹੈ, ਜੋ ਸਿੱਖ ਰਹਿਤ ਮਰਿਆਦਾ ਅਨੁਸਾਰ ਕੋਈ ਕੁਰਹਿਤ, ਵਾਲ ਰੰਗਣ, ਸ਼ਰਾਬ ਪੀਣ, ਕੇਸਾਂ ਦੀ ਬੇਅਦਬੀ ਆਦਿ ਦੀ ਨਾ ਕਰਦਾ ਹੋਵੇ। ਕਈ ਧਾਰਮਕ ਵਿਚਾਰਾਂ ਦੇ ਧਾਰਨੀ ਸਿੱਖ ਇਸ ਧਾਰਣਾ ਅਧੀਨ, ਕਿ ਹੋ ਸਕਦਾ ਹੈ ਕਿ ਉਨ੍ਹਾਂ ਵਿੱਚ ਇਨ੍ਹਾਂ ਵਿਚੋਂ ਕੋਈ ਇੱਕ ਵੀ ਕਮਜ਼ੋਰੀ ਹੋਵੇ, ਆਪਣਾ ਨਾਂ ਮਤਦਾਤਾ ਸੂਚੀ ਵਿੱਚ ਸ਼ਾਮਲ ਕਰਵਾ ਆਪਣੀ ਆਤਮਾ ਨਾਲ ਧ੍ਰੋਹ ਕਮਾਣਾ ਨਹੀਂ ਚਾਹੁੰਦੇ।

ਇਹੀ ਕਾਰਣ ਹੈ ਕਿ ਜੇ ਇਸ ਸਥਿਤੀ ਦੀ ਗੰਭੀਰਤਾ ਨਾਲ ਘੋਖ ਕੀਤੀ ਜਾਏ ਤਾਂ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਦਿੱਲੀ ਵਿੱਚ ਸਿੱਖ ਮਤਦਾਤਾਵਾਂ ਦੀ ਗਿਣਤੀ 6 ਤੋਂ 8 ਲੱਖ ਤਕ ਹੋ ਸਕਦੀ ਹੈ ਅਤੇ ਇਸ ਹਿਸਾਬ ਨਾਲ ਦਿੱਲੀ ਦੀ ਸਿੱਖ ਵਸੋਂ 12 ਤੋਂ 15 ਲੱਖ ਤਕ ਹੋਣੀ ਸੁਭਾਵਕ ਹੈ। ਇਹ ਗਲ ਵਰਨਣਯੋਗ ਹੈ ਕਿ ਕਾਫੀ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਪੰਥਕ- ਜ. ਸੰਤੋਖ ਸਿੰਘ) ਵਲੋਂ ਜ. ਮਨਜੀਤ ਸਿੰਘ ਜੀਕੇ, ਜੋ ਅੱਜ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਪ੍ਰਦੇਸ਼ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਹਨ, ਦੀ ਅਗਵਾਈ ਵਿੱਚ ਦਿੱਲੀ ਦੇ ਤਿਲਕ ਨਗਰ ਹਲਕੇ ਤੋਂ ਸਿੱਖ ਵਸੋਂ ਦੀ ਗਣਨਾ ਕਰਨ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ, ਜਿਸਨੂੰ ਉਸ ਸਮੇਂ 'ਜਾਤੀਗਤ ਜਨਗਣਨਾ’ ਨੂੰ ਸੰਵਿਧਾਨ ਦੀ ਉਲੰਘਣਾ, ਕਰਾਰ ਦੇ ਰੁਕਵਾ ਦਿੱਤਾ ਗਿਆ ਸੀ। ਜੇ ਉਸ ਸਮੇਂ ਇਸ ਕੰਮ ਨੂੰ ਪੂਰਿਆਂ ਹੋਣ ਦਿੱਤਾ ਜਾਂਦਾ ਤਾਂ ਦਿੱਲੀ ਵਿੱਚ ਸਿੱਖ ਅਬਾਦੀ ਦੇ ਲਗਭਗ ਸਹੀ ਅੰਕੜੇ ਜ਼ਰੂਰ ਪ੍ਰਾਪਤ ਹੋ ਸਕਦੇ ਸਨ। ਹੁਣ ਵੀ ਜੇ ਚਾਹੁਣ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਆਪੋ-ਆਪਣੇ ਹਲਕੇ ਵਿੱਚ ਗੁਰਦੁਆਰਾ ਚੋਣਾਂ ਲਈ ਮਤਦਾਤਾ ਬਣਾਉਣ ਦੇ ਅਧਾਰ ’ਤੇ ਸਿੱਖ ਅਬਾਦੀ ਦੇ ਅੰਕੜੇ ਤਿਆਰ ਕਰਵਾ ਕੇ ਘੱਟੋ ਘੱਟ ਦਿੱਲੀ ਵਿੱਚ ਤਾਂ ਸਿੱਖ ਵਸੋਂ ਦੇ ਲਗਭਗ ਸਹੀ ਅੰਕੜਿਆਂ ਦਾ ਜੁਗਾੜ ਕਰਨ ਵਿੱਚ ਮਦਦਗਾਰ ਹੋ ਸਕਦੇ ਹਨ।

**ਦੇਸ ਵਿੱਚ ਸਿੱਖ ਵਸੋਂ ਦੀ ਕਮੀ ਦਾ ਹੋਣ ਦਾ ਇੱਕ ਕਾਰਣ ਇਹ ਵੀ:** ਪੈਸੇ ਕਮਾਣ ਅਤੇ ਉੱਚ ਸਿਖਿਆ ਪ੍ਰਾਪਤ ਕਰਨ ਦੀ ਇੱਛਾ ਸ਼ਕਤੀ, ਪੰਜਾਬ ਵਿੱਚ ਲਗਾਤਾਰ ਵਧਦੀ ਜਾ ਰਹੀ ਬੇ-ਰੁਜ਼ਗਾਰੀ ਅਤੇ ਕਰਜ਼ਿਆਂ ਹੇਠ ਦੱਬੇ ਕਿਸਾਨਾਂ ਦੇ ਕਰਜ਼ੇ ਉਤਾਰਨ ਦੀ ਸਮਰਥਾ ਵਿੱਚ ਆ ਰਹੀ ਕਮੀ ਆਦਿ ਦੇ ਕਾਰਣ ਵਿਦੇਸ਼ਾਂ ਵਲ ਵੱਧ ਰਿਹਾ ਪਲਾਇਨ ਵੀ ਦੇਸ਼ ਵਿੱਚ ਸਿੱਖ ਵਸੋਂ ਵਿੱਚ ਘਾਟ ਆਉਣ ਦਾ ਕਾਰਣ ਹੋ ਸਕਦਾ ਹੈ।ਅਕਾਲ ਤਖਤ ਦੇ ਜਥੇਦਾਰ ਦਾ ਸੰਦੇਸ਼ : ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਸਿੱਖ ਪਰਿਵਾਰਾਂ ਨੂੰ ਤਿੰਨ ਬੱਚੇ ਪੈਦਾ ਕਰਨ ਦਾ ਦਿੱਤਾ ਗਿਆ ਸੰਦੇਸ਼ ਹੈਰਾਨੀ ਪੈਦਾ ਕਰਨ ਵਾਲਾ ਹੈ। ਕਿਉਂਕਿ ਜੇ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦਾ ਇਤਿਹਾਸ ਵਾਚਿਆ ਜਾਏ ਤਾਂ ਓਨ੍ਹਾਂ ਵਲੋਂ ਨਿਸ਼ਚਤ ਸ਼ਰਤਾਂ 'ਸਿਰ ਦੀਜੈ ਕਾਣ ਨਾ ਕੀਜੈ’, 'ਸਿਰ ਧਰ ਤਲੀ ਗਲੀ ਮੇਰੀ ਆਉ’ ਅਦਿ ਇਸ ਗਲ ਦੀਆਂ ਗੁਆਹ ਹਨ ਕਿ ਗੁਰੂ ਸਾਹਿਬਾਂ ਨੇ ਸਿੱਖੀ ਵਿੱਚ 'ਗਿਣਤੀ-ਆਤਮਕਤਾ’ ਦੇ ਨਹੀਂ, ਸਗੋਂ ਗੁਣਾਤਮਕਤਾ ਦੇ ਆਧਾਰ ਤੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਨੂੰ ਪਹਿਲ ਦਿੱਤੀ ਰਖੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਸੀ ਹਜ਼ਾਰ ਦੀ ਹਾਜ਼ਰੀ ਵਿਚੋਂ ‘ਸਿਰ ਭੇਟ ਦੀ ਸ਼ਰਤ’ ਨੂੰ ਪੂਰਿਆਂ ਕਰਨ ਵਾਲੇ ਕੇਵਲ ਪੰਜ ਸਿੱਖਾਂ ਦੀ ਹੀ ਚੋਣ ਕਰ ਸੰਤੁਸ਼ਟ ਹੋ ਗਏ, ਉਨ੍ਹਾਂ ਕੋਈ ਸ਼ਿਕਵਾ ਨਹੀਂ ਕੀਤਾ ਅਤੇ ਨਾ ਹੀ ਇਹ ਆਖ ਅਸੰਤੁਸ਼ਟਤਾ ਜਤਾਈ ਕਿ ਇਤਨੀ ਜ਼ਿਆਦਾ ਹਾਜ਼ਰੀ ਵਿਚੋਂ ਕੇਵਲ ਪੰਜ ਹੀ ਕਿਉਂ ਨਿਤਰੇ?

ਇਸ ਲਈ ਇਹ ਚਿੰਤਾ ਛੱਡ ਕਿ 121.09 ਕਰੋੜ ਦੀ ਅਬਾਦੀ ਵਿਚੋਂ ਸਿੱਖ 2.08 ਕਰੋੜ, ਅਰਥਾਤ 2.08 ਪ੍ਰਤੀਸ਼ਤ ਹੀ ਕਿਉਂ?, ਇਸ ਪਾਸੇ ਧਿਆਨ ਦਿਉ, ਜਿਸ ਨਾਲ ਇਹੀ, ਜੋ ਹਨ, ਗੁਰੂ ਸਾਹਿਬਾਨ ਵਲੋਂ ਸਿੱਖ ਲਈ ਨਿਸ਼ਚਿਤ ਕੀਤੀ ਗਈ ਹੋਈ ਕਸੌਟੀ ਤੇ ਪੂਰਿਆਂ ਉਤਰਨ ਅਤੇ ਬਹੁਤ ਹੀ ਛੋਟੀ ਘਟਗਿਣਤੀ ਵਿੱਚ ਹੁੰਦਿਆਂ ਹੋਇਆਂ ਵੀ ਸਿੱਖ, ਗੁਰੂ ਸਾਹਿਬਾਨ ਵਲੋਂ ਸਥਾਪਤ ਆਦਰਸ਼ਾਂ, ਗਰੀਬ-ਮਜ਼ਲੂਮ ਦੀ ਰਖਿਆ ਅਤੇ ਜਬਰ-ਜ਼ੁਲਮ ਤੇ ਅਨਿਆਇ ਵਿਰੁਧ ਸੰਘਰਸ਼ ਕਰ, ਆਤਮ-ਵਿਸ਼ਵਾਸ ਨਾਲ ਓਤ-ਪ੍ਰੋਤ ਹੋ ਆਤਮ-ਸਨਮਾਨ ਕਾਇਮ ਰਖਣ ਦੀ ਕਸੌਟੀ ਪੁਰ ਪੂਰਿਆਂ ਉਤਰਨ ਦੇ ਕਾਬਲ ਬਣ ਸਕਣ।

ਜਿਸਦੇ ਫਲਸਰੂਪ ਸੰਸਾਰ ਵਿੱਚ ਸਿੱਖਾਂ ਪ੍ਰਤੀ ਮੁੜ ਉਹੀ ਵਿਸ਼ਵਾਸ ਪੈਦਾ ਹੋ ਸਕੇ, ਜਿਸਦੇ ਸਹਾਰੇ ਅੰਗ੍ਰੇਜ਼ ਜੱਜ, ਇਸ ਵਿਸ਼ਵਾਸ ਨਾਲ ਕਿ ਸਿੱਖ ਕਦੀ ਝੂਠ ਨਹੀਂ ਬੋਲਦਾ, ਇੱਕੋ ਸਿੱਖ ਦੀ ਗੁਆਹੀ ਤੇ ਫੈਸਲਾ ਦੇ ਦਿਆ ਕਰਦੇ ਸਨ, ਲੋਕੀ ਆਪਣੀਆਂ ਧੀਆਂ-ਭੈਣਾਂ ਨੂੰ ਇਸ ਵਿਸ਼ਵਾਸ ਨਾਲ, ਗਡੀ ਦੇ ਉਸ ਡਿਬੇ ਵਿੱਚ ਬਿਠਾ ਨਿ-ਸ਼ਚਿਤ ਹੋ ਜਾਂਦੇ ਸਨ ਜਿਸ ਵਿੱਚ ਭਾਵੇਂ ਇੱਕੋ ਹੀ ਸਿੱਖ ਬੈਠਾ ਹੋਵੇ, ਕਿ ਸਿੱਖ ਦੇ ਹੁੰਦਿਆਂ ਉਨ੍ਹਾਂ ਦੀ ਧੀ-ਭੈਣ ਨੂੰ ਕੋਈ ਖਤਰਾ ਨਹੀਂ, ਉਸ ਕਾਫਿਲੇ, ਜਿਸ ਵਿੱਚ ਇੱਕੋ-ਇੱਕ ਸਿੱਖ ਸ਼ਾਮਲ ਹੋਵੇ, ਨੂੰ ਪੂਰੀ ਤਰ੍ਹਾਂ ਸੁਰਖਿਅਤ ਮੰਨ, ਕਾਫਿਲੇ ਵਿੱਚ ਸ਼ਾਮਿਲ ਲੋਕੀ ਹਰ ਪੜਾਅ ਤੇ ਆਰਾਮ ਨਾਲ ਸਉਂ ਜਾਂਦੇ ਸਨ।

ਅਤੇ ਅੰਤ ਵਿੱਚ : ਯਾਦ ਰਖਣ ਵਾਲੀ ਗਲ ਇਹ ਹੈ ਕਿ ਅਨੇਕਾਂ ਸੰਕਟਾਂ ਭਰੇ ਸਮੇਂ ਵਿੱਚੋਂ ਗੁਜ਼ਰਦਿਆਂ ਹੋਇਆਂ ਵੀ ਸਿੱਖਾਂ ਨੇ ਆਪਣੇ ਉਸ ਆਚਰਣ ਨੂੰ ਕਾਇਮ ਰਖਿਆ, ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ 'ਹਮ ਲੇ ਜਾਨੋ ਪੰਥ ਉਚੇਰੇ’। ਸਿੱਖਾਂ ਦੇ ਆਚਰਣ ਦੇ ਸਬੰਧ ਵਿੱਚ ਅਬਦਾਲੀ ਦੇ ਹਮਲੇ ਸਮੇਂ ਉਸ ਨਾਲ ਆਇਆ ਕਾਜ਼ੀ ਨੂਰ ਮੁਹੰਮਦ, ਜੋ ਸਿੱਖਾਂ ਨੂੰ ਨਫਰਤ ਕਰਦਾ, ਉਨ੍ਹਾਂ ਨੂੰ ਸੱਗ (ਕੁੱਤੇ) ਤਕ ਆਖਦਾ ਸੀ, ਵੀ ਲੜਾਈ ਦੇ ਮੈਦਾਨ ਵਿੱਚ ਸਿੱਖਾਂ ਦੇ ਉੱਚ ਆਚਰਣ ਨੂੰ ਵੇਖ ਇਹ ਲਿਖਣ ਤੇ ਮਜਬੂਰ ਹੋ ਗਿਆ ਕਿ 'ਸੱਗਾਂ (ਕੁੱਤਿਆਂ) 'ਸਿੱਖਾਂ' ਦੇ ਲੜਨ ਢੰਗ ਤੋਂ ਬਿਨਾਂ ਉਨ੍ਹਾਂ ਦਾ ਇਕ ਹੋਰ ਗੁਣ ਵੀ ਵੇਖਣ-ਸੁਣਨ ਅਤੇ ਸਮਝਣ ਵਾਲਾ ਹੈ। ਉਸ ਗੁਣ ਵਿੱਚ ਉਹ ਕਈ ਹੋਰਨਾਂ ਬਹਾਦਰਾਂ ਨਾਲੋਂ ਕਿਤੇ ਬਹੁਤ ਹੀ ਅੱਗੇ ਹਨ। ਇਹ ਕਿਸੇ ਔਰਤ ਦਾ ਗਹਿਣਾ ਜਾਂ ਪੈਸਾ ਨਹੀਂ ਲੁਟਦੇ, ਭਾਵੇਂ ਉਹ ਸੁਆਣੀ ਹੋਵੇ ਜਾਂ ਗੋਲੀ (ਬਾਂਦੀ)।

ਇਨ੍ਹਾਂ ਵਿਚ ਵਿਭਚਾਰ ਵਰਗੀ ਮਾੜੀ ਬੁਰਾਈ ਵੀ ਨਹੀਂ ਅਤੇ ਨਾ ਹੀ ਇਹ ਕਿਸੇ ਦੀ ਚੋਰੀ ਕਰਦੇ ਹਨ। ਔਰਤ ਚਾਹੇ ਜਵਾਨ ਹੋਵੇ ਜਾਂ ਬੁਢੀ ਇਹ ਉਸਨੂੰ ‘ਬੁਢੀ’ ਹੀ ਆਖਦੇ ਹਨ। ਨਾ ਹੀ ਇਹ ਚੋਰੀ ਕਰਦੇ ਹਨ ਤੇ ਨਾ ਹੀ ਸੰਨ੍ਹ ਮਾਰਦੇ ਹਨ। ਇਹ ਚੋਰੀ ਕਰਨ ਵਾਲੇ ਅਤੇ ਸੰਨ੍ਹ ਮਾਰਨ ਵਾਲੇ ਨਾਲ ਮਿੱਤਰਤਾ ਵੀ ਨਹੀਂ ਕਰਦੇ।

ਇਸੇ ਤਰ੍ਹਾਂ 'ਤਾਰੀਖ-ਏ-ਪੰਜਾਬ’ ਵਿੱਚ ਬੂਟੇ ਸ਼ਾਹ ਨੇ ਲਿਖਿਆ ਕਿ 'ਜੇ ਸਿੱਖ ਕਿਧਰੇ ਕਿਸੇ ਕਾਫਿਲੇ ਤੇ ਹਮਲਾ ਕਰਦੇ ਤਾਂ ਉਹ ਕਿਸੇ ਮਰਦ ਦੇ ਸਿਰ ਤੋਂ ਪਗੜੀ ਉਕਾ ਨਹੀਂ ਸੀ ਉਤਾਰਦੇ ਅਤੇ ਨਾ ਹੀ ਔਰਤਾਂ ਦੇ ਗਹਿਣਿਆਂ ਜਾਂ ਕਪੜਿਆਂ ਨੂੰ ਹੱਥ ਲਾਉਂਦੇ ਸਨ’।

ਜਦੋਂ ਸਿੱਖਾਂ ਆਪਣੇ ਪ੍ਰਤੀ ਇਸ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਤਾਂ ਉਸ ਸਮੇਂ ਉਨ੍ਹਾਂ ਨੂੰ ਨਾ ਤਾਂ ਕਦੀ ਇਹ ਚਿੰਤਾ ਸਤਾਇਗੀ ਅਤੇ ਨਾ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੀ ਹੋਵੇਗਾ ਕਿ ਆਖਿਰ ਉਨ੍ਹਾਂ ਦੀ ਗਿਣਤੀ ਘਟ ਕਿਉਂ ਹੈ?

# ਜਾਤੀ ਅਧਾਰਤ ਜਨਗਣਨਾ ਵਿੱਚ ਸਿੱਖ ਕਿਸ ਦੌੜ ਵਿੱਚ?

ਸਰਬਜੀਤ ਸਿੰਘ
91-95635-36001

ਸਿੱਖ ਭਾਰਤ ਹੀ ਨਹੀ ਬਲਕਿ ਦੁਨੀਆਂ ਵਿੱਚ ਆਰਿਥਕ ਪੱਖੋਂ ਮਜ਼ਬੂਤ ਹੈ ਦੁਨੀਆਂ ਸਿੱਖਾਂ ਦੀ ਸ਼ਕਤੀ ਅਤੇ ਭਗਤੀ ਦਾ ਲੋਹਾ ਮੰਨਦੀ ਆਈ ਹੈ। ਸਿੱਖ ਗੁਰੂ ਨਾਨਕ ਦਾ ਉਪਦੇਸ਼ ਕਿਰਤ ਕਰਨਾ ਵੰਡ ਖਾਣਾ ਦਾ ਮੰਤਰ ਆਪਣੇ ਤਨ ਮਨ ਵਿੱਚ ਵਸਾਈ ਬੈਠਾ ਹੈ,ਸਿੱਖ ਧਰਤੀ  ਤੇ ਕਿਸੇ ਵੀ ਕੋਨੇ ਵਿੱਚ ਗਿਆ ਹੈ ਮਿਹਨਤ ਕਰ ਕੇ ਖਾਣਾ ਦਸਵੰਡ ਕੱਢਣਾ ਤੇ ਨਾਮ ਜਪਣਾ ਉਸ ਦਾ ਪਹਿਲਾ ਮੰਤਵ ਰਿਹਾ ਹੈ। ਅੱਜ ਸਿੱਖ ਵੱਡਾ ਅਫ਼ਸਰ ਹੈ,ਉਦਯੋਗਪਤੀ ਹੈ,ਵੱਡਾ ਨੇਤਾ ਹੈ ਪਰ ਫੇਰ ਸਿੱਖ ਅੱਜ ਕਿਉਂ ਘੱਟ ਗਿਣਤੀ ਹੈ ਇਸ ਦੀ ਸਮੀਖਿਆ ਦੀ ਜ਼ਰੂਰਤ ਹੈ ਪਰ ਸਮੀਖਿਆ ਨਹੀ ਹੁੰਦੀ ਹੈ ਪਰ ਕਿਉਂ? ਅੱਜ ਕਿਉ ਸਿੱਖਾਂ ਦੇ ਬੱਚੇ ਦੂਸਰੀ ਜਾਤੀ ਵੱਲ ਮੋਹ ਕਰ ਰਹੇ ਹਨ ਕਿਉਂ ਅੱਜ ਸਿੱਖ ਦਾ ਘਰ ਪੈਦਾ ਹੋਣ ਵਾਲਾ ਬੱਚਾ ਕੇਸ ਘਟਾ ਰਿਹਾ ਹੈ ਇਸ ਮਗਰ ਕਿ ਸਿਆਸਤ ਚੱਲ ਰਹੀ ਹੈ ਕਿਸੇ ਨੂੰ ਨਹੀ ਪੱਤਾ ਹੈ। ਕੁਝ ਦਿਨਾਂ ਪਹਿਲਾਂ ਭਾਰਤ ਦੇਸ਼ ਦੇ ਜਾਤੀ ਅਧਾਰਿਤ ਅੰਕੜੇ ਆਏ ਹਨ ਜਿਸ ਵਿੱਚ ਮੁਸਲਮਾਨ ਆਬਾਦੀ ਭਾਰਤ ਵਿੱਚ ਵੱਧੀ ਹੇ ਹਿੰਦੂਆਂ ਦੀ ਘੱਟੀ ਹੈ ਪਰ ਸੱਭ ਤੋਂ ਬੁਰਾ ਹਾਲ ਸਿੱਖਾਂ ਦਾ ਹੈ ਸਿਰਫ਼ ਡੇਢ ਪ੍ਰਤੀਸ਼ਤ ਤੋਂ ਘੱਟ ਪੂਰੇ ਭਾਰਤ ਵਿੱਚ ਸਿੱਖ ਹੈ, ਇਿਹਨਾ ਬੁੱਧੀਜੀਵੀ ਹੋ ਕੇ ਵੀ ਸਿੱਖਾਂ ਦੀ ਆਬਾਦੀ ਦਾ ਇਹ ਹਾਲ ਦੇਖ ਕੇ ਤਰਸ ਆਉਂਦਾ ਹੈ ਕਿ ਸਾਡੇ ਧਰਮ ਦੇ ਨੇਤਾ,ਬੁੱਧੀਜੀਵੀ ਇਸ ਬਾਬਤ ਅਵਾਜ਼ ਕਿਉਂ ਨਹੀ ਉੱਠਾ ਰਿਹਾ ਮੇਰਾ ਭਾਵ ਇਸ ਉਪਰ ਸਿੱਖਾਂ ਨੂੰ ਹੋਰ ਬੱਚੇ ਪੈਦਾ ਕਰਨ ਤੋਂ ਨਹੀ ਹੈ ਪਰ ਜਿਹੜੇ ਪਹਿਲਾਂ ਸਿੱਖ ਹਨ ਉਹਨਾਂ ਦੇ ਪਰਿਵਾਰਾ ਵਿੱਚ ਸਿੱਖਾਂ ਦੀ ਪਨੀਰੀ ਘੱਟਦੀ ਨਜ਼ਰ ਆ ਰਹੀ ਹੈ। ਮੁਸਮਾਨ ਅਤੇ ਹਿੰਦੂ ਭਾਰਤ ਦੀ ਸਤਿਕਾਰਤ ਕੌਮ ਹੈ ਪਰ ਹਿੰਦੂ ਧਰਮ ਤੋਂ ਬਾਅਦ ਜਿਹੜੇ ਧਰਮ ਦੀ ਆਬਾਦੀ ਸੱਭ ਤੋਂ ਵੱਧ ਵੱਧੀ ਹੈ ਉਹ ਮੁਸਮਲਮਾਨ ਧਰਮ ਹੈ ਪਰ ਜੇ ਉਹਨਾਂ ਨੂੰ ਜਾਤੀ ਅਧਾਰਤ ਦੇ ਹਿਸਾਬ ਨਾਲ ਮਿਲਦੀਆਂ ਸੁੱਖ ਸੁਵਿਧਾਵਾਂ ਮਿਲਦੀਆਂ ਹਨ ਉਹ ਬਾਕੀ ਧਰਮ ਤੋਂ ਬਹੁੱਤ ਜਿਆਦਾ ਹਨ ਫੇਰ ਕਿਉਂ ਉਹਨਾਂ ਲਈ ਇਹ ਸੱਭ ਜਿਆਦਾ ਸਕੀਮਾ ਹਨ ਜਦਕਿ ਭਾਰਤ ਲੋਕਤੰਤਰ ਅਤੇ ਸੈਕਲੂਰ ਹੈ। ਪਰ 1947 ਤੋਂ ਬਾਅਦਾ ਜਾਤੀ ਅਧਾਰਤ ਵੰਡ ਦੇ ਹਿਸਾਬ ਨਾਲ ਜੇ ਸੱਭ ਤੋਂ ਜਿਆਦਾ ਫਾਇਦਾ ਲਿਆ ਹੈ ਮੁਸਮਾਨ ਹਨ, ਮੈ ਇਸ ਦੇ ਹੱਕ ਵਿੱਚ ਵੀ ਹਾਂ ਕਿ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਧਰਮ ਨੂੰ ਸੁਵਧੀਆਂ ਮਿਲਣੀਆਂ ਵਾਜਬ ਹਨ ਪਰ ਉਹਨਾਂ ਵਿੱਚ ਵਿਤਕਰਾ ਵਾਜਬ ਨਹੀ ਹੈ। ਭਾਰਤ ਦੇ ਸਿੱਖ,ਜੈਨ,ਪਾਰਸੀ ਧਰਮ ਇਹ ਤਿੰਨ ਆਰਥਕ ਪੱਖੋਂ ਮੁਸਲਮਾਨ ਧਰਮ ਤੋਂ ਕਈ ਗੁਣਾ ਵੱਧ ਹਨ ਪਰ ਜਾਤੀ ਅਧਾਰਤ ਇਹਨਾਂ ਦਾ ਘੱਟ ਜਾਣਾ ਚਿੰਤਾ ਦੀ ਵਿਸ਼ਾ ਹੈ। ਅੱਜ ਭਾਰਤ ਦੇ ਵਿੱਚ ਹਲਾਤ ਸੈਕਲੂਰ ਵਾਂਗ ਨਹੀ ਹੈ ਕੇਂਦਰ ਵਿੱਚ ਭਗਵਾ ਕਰਨ ਹੋ ਰਿਹਾ ਹੈ ਸਾਡੇ ਲੋਕਾਂ ਦੁਆਰਾ ਚੂਣੇ ਹੋਏ ਨੁਮਾਇੰਦੇ ਆਪਣੀ ਰਿਪੋਰਟ ਲੋਕਾਂ ਦੀ ਬਜਾਏ ਕਿਤੇ ਹੋਰ ਦੇ ਰਹੇ ਹਨ ਜੋ ਕਿ ਗਲਤ ਹੈ। ਭਾਰਤ ਵਿੱਚ ਧਰਮ ਪਰਿਵਰਤਨ ਦੀਆਂ ਲਹਿਰਾਂ ਅੰਦਰ ਖਾਤੇ ਚਲਾਈਆ ਜਾ ਰਹੀਆਂ ਹਨ ਜੋ ਕਿ ਨਿੰਦਾ ਯੋਗ ਹਨ ਪਰ ਇਸ ਸੱਭ ਵਿੱਚ ਸਿੱਖਾਂ ਦਾ ਸਥਾਨ ਕਿਥੇ ਹੈ ਇਹ ਸੋਚਨ ਦੀ ਗੱਲ ਹੈ। ਅੱਜ ਭਾਰਤ ਦਾ ਮੀਡੀਆ ਸਿੱਖਾਂ ਤੋਂ ਮਨਫ਼ੀ ਹੋਗਿਆ ਹੈ ਜਾਤੀ ਅਧਾਰਤ ਅੰਕੜੇ ਆਉਣ ਤੋਂ ਬਾਅਦ ਭਾਰਤੀ ਮੀਡੀਆਂ ਜਾਂ ਸਰਕਾਰਾ ਨੂੰ ਜਿਆਦਾ ਚਿੰਤਾ ਮੁਸਲਮਾਨ ਅਤੇ ਹਿੰਦੂਆਂ ਦੀ ਜਿਸ ਦਾ ਕਾਰਨ ਸਿੱਧਾ ਹੈ ਉਹਨਾ ਦਾ ਖੁਸਦਾ ਵੋਟ ਬੈਂਕ ਹੈ। ਭਾਰਤ ਦੇ ਵਿੱਚ ਕਈ ਰਾਜ ਸਰਕਾਰਾ ਵਿੱਚ ਹਿੰਦੂ ਅਤੇ ਮੁਸਲਮਾਨ ਦੀ ਗਿਣਤੀ ਬਹੁਤ ਜਿਆਦਾ ਹੈ ਜੋ ਕਿ ਭਾਰਤ ਦੀਆਂ ਸਰਕਾਰਾ ਬਣਾਉਣ ਵਿੱਚ ਦਾ ਕੰਮ ਕਰਦੀਆਂ ਹਨ ਯੂ.ਪੀ. ਅਤੇ ਬਿਹਾਰ ਵਰਗੇ ਰਾਜ ਦੀ ਸਰਕਾਰ ਮੁਸਲਮਾਨ ਵੋਟ ਬੈਂਕ ਦੇ ਅਧਾਰਤ ਹੈ। ਪਰ ਅੱਜ ਅਫਸੋਸ ਇਹ ਹੈ ਕਿ ਸਾਡੇ ਸਿੱਖ ਧਰਮ ਨਾਲ ਸੰਬਧਤ ਬੁੱਧੀਜੀਵੀ ਆਪਣੀ ਅਵਾਜ਼ ਆਪਣਾ ਰੋਸ ਭਾਰਤ ਦੇ ਤੱਖਤੋ ਤਾਜ ਤੱਕ ਨਹੀ ਦਰਜ ਕਰਵਾ ਸਕੇ ਹਨ ਜਦਕਿ ਸਿੱਖਾਂ ਦਾ ਭਾਰਤ ਦੀ ਆਰਥਿਕ ਸਥਿਤੀ ਵਿੱਚ ਯੋਗਦਾਨ ਸੱਭ ਤੋਂ ਜਿਆਦਾ ਹੈ। ਸਿੱਖ ਜੋ ਵੀ ਚਾਹੇ ਮੰਨਾ ਸਕਦਾ ਹੈ ਭਾਰਤ ਦੀਆਂ ਸਰਕਾਰਾ ਤੋਂ ਪਰ ਉਹ ਮੁਨਾਸਫ਼ ਨਹੀ ਸਮਝਦਾ ਹੈ ਕਿ ਅਵਾਜ਼ ਬੁਲੰਦ ਕਰੀਏ  ਅਤੇ ਨਾ ਹੀ ਸਿੱਖ ਇਕ ਮੁੱਠ ਹੈ ਨਾ ਹੀ ਕੋਈ ਐਸਾ ਨੇਤਾ ਜੋ ਸਿੱਖਾਂ ਦੀ ਹੱਕੀ ਮੰਗਾਂ ਨੂੰ ਪ੍ਰਵਾਨ ਕਰਵਾ ਸਕੇ। ਭਾਰਤ ਦੀ ਤ੍ਰਾਸਦੀ ਇਹ ਹੈ ਕਿ ਸਿੱਖ ਆਪਦੀ ਯੋਗ ਅਗਵਾਈ ਕਰਵਾਉਣ ਲਈ ਨਿਤਰ ਨਹੀ ਰਿਹਾ ਹੈ। ਭਾਰਤ ਦੇ ਵਿੱਚ ਮੁਸਮਾਨਾਂ ਨੂੰ ਪੈਰਾ ਉਪਰ ਕਰਨ ਲਈ ਭਾਰਤ ਸਰਕਾਰ ਨੇ ਕੁੰਡੂ ਕਮੀਸ਼ਨ ਅਤੇ ਸੱਚਰ ਕਮਿਸ਼ਨ ਦੀ ਰਿਪੋਰਟਾਂ ਦੇ ਅਧਾਰਤ ਉਪਰ ਉਹਨਾਂ ਨੂੰ ਦੇਸ਼ ਦੀ ਆਰਥਕ ਪੱਖੋਂ ਮਜ਼ਬੂਤ ਕਰਨ ਦੇ ਉਪਰਾਲੇ ਕਿਤੇ ਜਾ ਰਹੇ ਹਨ ਜੋ ਕਿ ਕਿਸੇ ਹੱਦ ਤੱਕ ਸਹੀ ਨਹੀ ਹਨ। ਕਿਉਂਕਿ ਇਹਨਾਂ ਕਮੀਸ਼ਨਾ ਨੂੰ ਰਾਜ ਅਤੇ ਕੇਂਦਰ ਸਰਕਾਰ ਆਪਦੇ ਨਿੱਜੀ ਮੰਤਵਾਂ ਲਈ ਇਸਤਮਾਲ ਕਰ ਰਿਹਾ ਹੈ।

ਖੈਰ ਦੇਸ਼ ਭਾਰਤ ਸਾਡਾ ਮਹਾਨ ਹੈ ਮੈਂ ਹਰ ਧਰਮ ਦਾ ਸਤਿਕਾਰ ਕਰਦਾ ਹਾਂ ਗੁਰੂ ਨਾਨਕ ਦੇ ਉਦੇਸ਼ ਨੂੰ ਮੰਨਦਾ ਹੈ ਇਥੇ ਕੋਈ ਉੱਚਾ ਨਿਵਾਂ ਨਹੀ ਹੈ ਸੱਭ ਬਰਾਬਰ ਹਨ ਪਰ ਸਾਡੇ ਸਿੱਖਾਂ ਬੁੱਧੀਜਿਵੀ ਲੋਕਾਂ ਨੂੰ ਅਵਾਜ਼ ਉਠਾਉਣੀ ਚਾਹੀਦੀ ਹੈ ਤਾ ਜੋ ਸਿੱਖਾਂ ਦੀ ਦੂਰ ਦਸ਼ਾ ਵੀ ਸੁੱਧਰ ਸਕੇ ਇਹ ਵੀ ਨਹੀ ਹੈ ਕਿ ਹਰ ਸਿੱਖ ਅਮੀਰ ਹੈ ਤਾਂ ਉਹਨੂ ਜ਼ਰੂਰਤ ਨਹੀ ਹੈ ਕਿਸੇ ਸਹੂਲਤ ਦੀ ਬਸ ਇਹ ਹੈ ਕਿ ਸਿੱਖ ਗੁਰੂ ਨਾਨਕ ਦੇਵ ਜੀ ਦਾ ਪੈਰੋਕਾਰ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਚਾਰਧਾਕ ਹੈ ਇਸ ਲਈ ਸਿੱਖ ਕਦੀ ਮੰਗਦਾਂ ਨਹੀ ਹੈ ਹੱਥ ਨਹੀ ਅੱਢਦਾ ਹੈ । ਕਿਰਤ ਕਰਨ ਕੇ ਰੁੱਖੀ ਮਿਸੀ ਖਾਈ ਕੇ ਦਾ ਸੰਕਲਪ ਤਾਰਨ ਕਰ  ਬੈਠ ਜਾਂਦਾ ਹੈ ਭਗਤੀ ਅਤੇ ਸ਼ਕਤੀ ਦਾ ਗਲਤ ਇਸਤਮਾਲ ਨਹੀ ਕਰਦਾ ਹੈ। ਪਰ ਸਿੱਖਾਂ ਦੀ ਆਬਾਦੀ ਚਿੰਤਾ ਦਾ ਵਿਸ਼ਾ ਹੈ ਇਸ ਪ੍ਰਤੀ ਗੰਭੀਰ ਹੋਈਆ ਜਾਏ ਤਾ ਜੋ ਸਿੱਖ ਵੀ ਭਾਰਤ ਵਿੱਚ ਆਪਣੀ ਸ਼ਮੂਲੀਅਤ ਬਾਕੀ ਧਰਮਾ ਵਾਂਗ ਦਰਜ ਕਰਵਾ ਸਕਣ। ਸਿੱਖ ਬੁੱਧੀਜਿਵੀ ਅਤੇ ਸਿੱਖਾਂ ਦੀ ਪਾਰਲੀਮੈਂਟ ਅਕਾਲ ਤੱਖਤ ਨੂੰ ਵੀ ਅਪੀਲ ਹੈ ਕਿ ਸਿੱਖਾਂ ਦੇ ਮਸਲੇ ਸਿੱਖਾਂ ਦੀ ਬੱਚੀਆਂ ਨੂੰ ਸਿੱਖੀ ਨਾਲ ਜੋੜਨ ਲਈ ਉਪਰਾਲੇ ਕਿਤੇ ਜਾਣ ਤਾ ਜੋ ਸਿੱਖ ਆਪਣੀ ਹੋਂਦ ਨੂੰ ਬਰਕਰਾਰ ਰੱਖ ਸਕੇ।

# ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ

(ਸਫਾ 16 ਦੀ ਬਾਕੀ)

ਦੇ ਦਿਨਾਂ ਵਿਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ, ਜਿਸ ਸਮੇਂ ਉਸਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਮੈਂ ਵੀ ਹਾਕੀ ਦੀ ਟੀਮ ਵਿਚ ਹਿੱਸਾ ਲੈਣਾ ਹੈ। ਉਹਨਾਂ ਕਿਹਾ ਤੇਰੀ ਤਾਂ ਪਿੱਠ ਸੜੀ ਹੋਈ ਹੈ। ਬਾਲ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਮੈਂ ਹੱਥਾਂ ਪੈਰਾਂ ਨਾਲ ਖੇਡਣੀ ਹੈ, ਪਿੱਠ ਨਾਲ ਨਹੀਂ ਤਾਂ ਉਸਨੂੰ ਅਭਿਆਸ ਕਰਨ ਵਿਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿੱਤਾ ਤਾਂ ਇਕੋ ਆਵਾਜ਼ ਵਿਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ। ਹੈਡਮਾਸਟਰ ਸਾਹਿਬ ਵੀ ਕਹਿਣ ਲੱਗਾ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਂ ਨਾਲ ਮੁਣਸ਼ੀ ਜੁੜ ਗਿਆ ਜੋ ਸੰਸਾਰ ਪੱਧਰ ਦੀ ਹਾਕੀ ਵਿਚ ਮਸ਼ਹੂਰ ਹੋ ਗਿਆ। ਉਸਦਾ ਹਾਕੀ ਸੰਸਾਰ ਕੱਪ ਜਿੱਤਿਆ, ਜਿਸ ਵਿਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸ ਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿੱਥੇ ਉਸਨੂੰ ਬੈਸਟ ਸਕੋਅਰ ਅਤੇ ਸਮਾਰਟ ਸ਼ਾਟ ਲਾਜ਼ਮੀ ਗੋਲ ਦੀ ਪ੍ਰਸਿੱਧੀ ਦਿਵਾਈ।

ਆਪਣੀ ਨਿੱਕੀ ਉਮਰ ਵਿਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਕਰਨ ਵਾਲਾ ਹੋਣਹਾਰ ਪ੍ਰਸਿੱਧ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿੱਛੜ ਗਿਆ। ਹੁਣ ਮੁਣਸ਼ੀ ਦੀ ਯਾਦ ਵਿਚ ਉਸਦੇ ਛੋਟੇ ਭਰਾ ਸਤਪਾਲ ਸਿੰਘ ਅਤ ਸਾਥੀਆਂ ਵੱਲੋਂ ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਚਲਾਇਆ ਜਾ ਰਿਹਾ ਹੈ। ਜਿਸ ਵੱਲੋਂ ਹਰ ਸਾਲ ਉਸਦੀ ਬਰਸੀ ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ।

## ਇਹ ਵੀ ਜਾਣੋ

ਜਿਸ ਸਮਾਜ ਵਿਵਸਥਾ ਵਿਚ ਕੱਪੜੇ ਧੋਣ ਦੇ ਲਈ ਧੋਬੀ ਨਾਂ ਦੀ ਜਾਤੀ ਨਹੀਂ ਸੀ, ਉਥੇ ਇਸ ਕੰਮ ਨੂੰ ਆਸਾਨ ਬਣਾਉਣ ਦੇ ਲਈ ਵਾਸ਼ਿੰਗ ਮਸ਼ੀਨ ਦੀ ਖੋਜ ਹੋਈ। ਜਿਸ ਵਿਵਸਥਾ ਵਿਚ ਪਾਲਕੀ ਢੋਣ ਦੇ ਲਈ ਕਹਾਰ ਨਾਮ ਦੀ ਜਾਤੀ ਨਹੀਂ ਸੀ,ਉਥੇ ਮੋਟਰ ਕਾਰ ਅਤੇ ਰੇਲਵੇ ਦੀ ਖੋਜ ਹੋਈ। ਜਿਸ ਸਮਾਜ ਵਿਵਸਥਾ ਵਿਚ ਜਨਮਜਾਤ ਮੇਤਹਰ ਨਹੀਂ ਸਨ, ਉਥੇ ਕਮੋਡ ਅਤੇ ਫਲੱਸ਼ ਟਾਇਲਟ ਦੀ ਖੋਜ ਹੋਈ। ਜਿਸ ਸਮਾਜ ਵਿਵਸਥਾ ਵਿਚ ਮੁਫਤ ਕੰਮ ਕਰਨ ਵਾਲੀਆਂ ਕਿਸਾਨ ਜਾਤੀਆਂ ਨਹੀਂ ਸਨ, ਉਥੇ ਟ੍ਰੈਕਟਰ, ਟੀਲਰ ਅਤੇ ਥਰੈਸ਼ਰ ਦੀ ਖੋਜ ਹੋਈ।

ਇਸੇ ਤਰ੍ਹਾਂ ਭਾਰਤ ਵਿਚ ਨਾ ਰੂੰਈ ਨਾਲ ਧਾਗਾ ਬਣਾਉਣ ਵਾਲੀ ਮਸ਼ੀਨ ਬਣੀ, ਨਾ ਧਾਗੇ ਤੋਂ ਕੱਪੜਾ ਬਣਾਉਣ ਵਾਲੀ ਮਸ਼ੀਨ। ਇਹਨਾਂ ਸਭ ਕੰਮਾਂ ਦੇ ਲਈ ਮੁਫਤ ਦਾ ਜਾਂ ਸਸਤੀ ਕਿਰਤ ਕਰਨ ਵਾਲੀਆਂ ਜਾਤੀਆਂ ਸਨ/ ਹਨ। ਇਸ ਤਰ੍ਹਾਂ ਤੁਸੀਂ ਜਿੰਨੀ ਮਰਜ਼ੀ ਉਨੀ ਲੰਮੀ ਲਿਸਟ ਬਣਾ ਲਓ। ਵਿਹਲਿਆਂ ਦੀ ਸ਼ਰਨਗਾਹ ਭਾਰਤੀ ਜਾਤੀ ਵਿਵਸਥਾ ਤੁਹਾਨੂੰ ਨਿਰਾਸ਼ ਨਹੀਂ  ਕਰੇਗੀ। ਜਿਹਨਾਂ ਦਾ ਗਿਆਨ ਤੇ ਕੰਟਰੋਲ ਸੀ, ਉਹ ਵਿਹਲੇ ਸਨਅਤੇ ਮੁਫਤ ਲੇਬਰ ਮਿਲਣ ਦੇ ਕਾਰਨ ਉਹਨਾਂ ਨੇ ਕਦੀ ਮਸ਼ੀਨ ਬਣਾਉਣ ਦੀ ਲੋੜ ਹੀ ਨਹੀਂ ਸਮਝੀ।  ਇਸ ਕਰਕੇ ਉਦਯੋਗਿਕ ਕ੍ਰਾਂਤੀ ਤੋਂ ਲੈ ਕੇ ਦੁਨੀਆਂ ਦੀ ਵਿਗਿਆਨਕ ਤਰੱਕੀ ਭਾਰਤ ਦੇ ਕੋਲ ਵੀ ਨਹੀਂ ਆ ਸਕੀ।ਜਿਹਨਾਂ ਦੇ ਕੋਲ ਮੁਫਤ ਜਾਂ ਬੇਹੱਦ ਸਸਤਾ ਕੰਮ ਕਰਨ ਵਾਲੇ ਕਹਾਰ ਜਾਤੀ ਦੇ ਲੋਕ ਹੋਣ, ਉਹ ਮੋਟਰ ਕਾਰ ਬਣਾਉਣ ਬਾਰੇ ਕਿਉਂ ਸੋਚਦੇ ਭਲਾਂ?  **– ਦਲੀਪ ਮੰਡਲ**

## ਸਾਹਿਤਕ ਪੈੜਾਂ

# ਆਜ਼ਾਦ ਜਲੰਧਰੀ ਦੀਆਂ ਦੋ ਗ਼ਜ਼ਲਾਂ

ਪਰਬਤਾਂ ਨਾਲੋਂ ਵੀ ਭਾਰੀ ਜ਼ਿੰਦਗੀ
ਹੱਸ ਕੇ ਸਿਰ ਤੇ ਸਹਾਰੀ ਜ਼ਿੰਦਗੀ।

ਜੀਣ ਦਾ ਬੇਸ਼ੱਕ ਕੋਈ ਹਲਾ ਨਾ ਸੀ
ਫੇਰ ਵੀ ਆਪਾਂ ਗੁਜ਼ਾਰੀ ਜ਼ਿੰਦਗੀ।


ਔਕੜਾਂ ਨਾਲ ਖੇਲਦੀ ਏ ਜਦ ਕਦੇ
ਹੋਰ ਵੀ ਲਗਦੀ ਏ ਪਿਆਰੀ ਜ਼ਿੰਦਗੀ।

ਖ਼ੂਨ ਪਾ ਕੇ ਜਿਗਰ ਦਾ ਸਿੰਜਿਆ ਇਹਨੂੰ
ਜਦ ਕਦੇ ਔੜਾਂ ਨੇ ਮਾਰੀ ਜ਼ਿੰਦਗੀ।

ਸੌਂ ਗਈ ਮਜਬੂਰੀਆਂ ਦੀ ਸੇਜ ਤੇ
ਥੱਕ ਗਈ ਏ ਹੁਣ ਬਿਚਾਰੀ ਜ਼ਿੰਦਗੀ।

ਰੱਬ ਜਾਣੇ ਇਹ ਕਦੋਂ ਮੂੰਹ ਫੇਰ ਲਏ
ਚਾਰ ਦਿਨ ਦੀ ਹੈ ਉਧਾਰੀ ਜ਼ਿੰਦਗੀ।

ਜ਼ਿੰਦਗੀ "ਆਜ਼ਾਦ'' ਹੈ ਇਕ ਉਹ ਸਵਾਲ
ਹੱਲ ਨਾ ਹੋਇਆ ਜੋ ਸਾਰੀ ਜ਼ਿੰਦਗੀ।



ਆਜ਼ਾਦ ਜਲੰਧਰੀ

ਜੇ ਡੌਲੇ ਮਜ਼ਬੂਤ ਨੇ ਤੇਰੇ ਰੋਜ਼ ਝਨਾਵਾਂ ਤਰਿਆ ਕਰ
ਕੱਚਿਆਂ ਘੜਿਆਂ ਵਾਂਗਰ ਐਵੇਂ ਅੱਧ-ਵਿਚਕਾਰ ਨਾ ਖਰਿਆ ਕਰ।

ਜੇਕਰ ਵਿਹਲਾ ਬੈਠੇਂਗਾ ਤਾਂ ਪਿੰਡੇ ਚਰਬੀ ਚੜ੍ਹ ਜਾਊਗੀ
ਤੰਦਰੁਸਤ ਜੇ ਰਹਿਣਾ ਏ ਤਾਂ ਮਿਹਨਤ ਵੀ ਕੁਝ ਕਰਿਆ ਕਰ।

ਜੇਕਰ ਥੋੜ੍ਹਾ ਮਿਲਿਆ ਤੈਨੂੰ ਥੋੜ੍ਹੇ ਵਿਚ ਗੁਜ਼ਾਰਾ ਕਰ
ਜੇਕਰ ਵਾਹਲਾ ਦਿੱਤਾ ਰੱਬ ਨੇ ਡੰਗਰਾਂ ਵਾਂਗ ਨਾ ਚਰਿਆ ਕਰ।

ਦੁਨੀਆਂ ਨੂੰ ਸਮਝਾਵਣ ਵਾਲੇ ਖੁਦ ਅਮਲਾਂ ਤੋਂ ਕੋਰੇ ਨੇ
ਬੇਅਕਲਾਂ ਦੀਆਂ ਗੱਲਾਂ ਉਤੇ ਵਾਹਲੇ ਨਾ ਕੰਨ ਧਰਿਆ ਕਰ।

ਨਵਾਂ ਜ਼ਮਾਨਾ ਆਇਆ ਏ ਕੋਈ ਗੱਲ ਕਰ ਨਵੇਂ ਜ਼ਮਾਨੇ ਦੀ
ਓਹੀਓ ਘਿਸੀਆਂ ਪਿਟੀਆਂ ਰੋਜ਼ ਦਲੀਲਾਂ ਪੇਸ਼ ਨਾ ਕਰਿਆ ਕਰ।

ਰੱਬ ਤੋਂ ਕੀ ਡਰਦਾ ਏਂ ਰੱਬ ਕੋਈ ਲਾਠੀ ਕੱਢੀ ਫਿਰਦਾ ਏ
ਡਰਨਾ ਏ ਤਾਂ ਆਪਣੀਆਂ ਕਰਤੂਤਾਂ ਕੋਲੋਂ ਡਰਿਆ ਕਰ।

ਮੌਤ ਤੇ ਇਕ ਦਿਨ ਸਭ ਨੂੰ ਆਉਣੀ ਤੂੰ ਉਥੇ ਕੀ ਕਰ ਲਏਂਗਾ
ਡਰ ਡਰ ਕੇ ਆਜ਼ਾਦ ਮੌਤ ਤੋਂ ਬੇਮੌਤੇ ਨਾ ਮਰਿਆ ਕਰ।

# ਜਿੱਦਣ ਅਸੀ ਵੀ



ਅਮਰਜੀਤ ਟਾਂਡਾ

ਜਿੱਦਣ ਅਸੀਂ ਵੀ ਅਮੀਰ ਹੋ ਗਏ
ਤੇਰੇ ਮਹਿਲਾਂ ਕੋਲ ਦੀ ਜਰੂਰ ਲੰਘਾਂਗੇ
ਇਹ ਦੁਨੀਆਂ ਹੀ ਏਦਾਂ ਦੀ ਹੈ-
ਜਿੱਥੇ ਤੂੰ ਵਸਦੀ ਏਂ-
ਏਥੇ ਅਮੀਰ ਵਜੂਦ ਤਾਂ ਹੋਣਗੇ
ਦਿੱਲ ਦਰਿਆ ਨਹੀਂ ਹੋਣੇ-
ਹਿੱਕਾਂ ਨਦੀਆਂ ਨਹੀਂ ਹੋਣੀਆਂ-
ਸਾਡੇ ਟਿਕਾਣੇ ਦੇਖ
ਸਤਲੁਜ ਜਾਂ ਝਨ੍ਹਾਂ ਦੇ ਕਿਨਾਰੇ
ਜੋ ਦੁਨੀਆਂ ਦੇ ਸਹਾਰੇ-
ਮੇਰਾ ਕੀ ਨਾਂ ਪੁੱਛਦੀ ਏਂ
ਗਰੀਬਾਂ ਦੇ ਨਾਂ ਨਹੀਂ ਹੁੰਦੇ-
ਤੇ ਨਾ ਹੀ ਕੋਈ ਥਾਂ ਹੁੰਦੇ ਨੇ-
ਤੂੰ ਸਾਂਭ ਕੇ ਰੱਖੀਂ
ਆਪਣੇ ਘਰ ਮਹਿਲ ਦਾ ਸਿਰਨਾਵਾਂ
ਅਸੀਂ ਕੀ ਸਾਂਭਣਾ-
ਸਾਨੂੰ ਤਾਂ ਨਾ ਕੋਈ ਖ਼ਤ ਆਵੇ
ਤੇ ਨਾ ਹੀ ਕੋਈ ਪੁੱਛੇ ਪਤਾ ਘਰ ਦਾ-
ਤੂੰ ਕੀ ਜਾਣੇ ਭੋਲੀਏ-
ਸਾਡੇ ਤਾਂ ਨਾ ਘਰ
ਨਾ ਹੀ ਸਿਰਨਾਵੇਂ
ਕਿਸੇ ਬੇਘਰੇ ਨੂੰ ਕਦੇ
ਸਿਰਨਾਵਾਂ ਨਾ ਪੁੱਛੀਂ
ਬੇਘਰਿਆਂ ਦੇ
ਸਿਰਨਾਵੇਂ ਨਹੀਂ ਹੁੰਦੇ-
ਤੂੰ ਸਿਰਨਾਵੇਂ
ਸਾਂਭਦੀ ਰਹੀਂ
ਸਾਨੂੰ ਕੁਝ ਵੀ ਨਾ
ਗੁਆਚਣ ਦਾ ਖੌਫ਼
ਸਾਡੇ ਕੋਲ ਤਾਂ ਸੋਹਣੀਏ ਹਰਫ਼ ਹੁੰਦੇ ਨੇ
ਕਦੇ ਰੋਂਦੇ ਤੇ ਕਦੇ ਹੱਸਦੇ
ਕਦੇ ਅਸੀਂ ਹਰਫਾਂ ਨੂੰ ਫੁੱਲ ਬਣਾ ਲਈਦਾ
ਤੇ ਕਦੇ 2 ਸਿਰਨਾਵਾਂ ਜਾਂ ਗੀਤ
ਜੇ ਕਿਤੇ ਲੱਭਣਾ ਹੋਇਆ ਤਾਂ
ਮੈਨੂੰ ਮੇਰੇ ਗੀਤਾਂ ਚੋਂ ਲੱਭ ਲਈਂ
ਇਹਨਾਂ ਗੀਤਾਂ ਨੂੰ ਗਾ
ਜਾਂ ਇਹਨਾਂ ਨੂੰ ਹੀ ਓੜ
ਵਕਤ ਅਗਾਂਹ ਤੋਰ ਲਈਦਾ
ਜਿੱਥੋਂ ਕਿਤਿਓਂ ਉੱਧੜਿਆ ਸੀਨਾ ਜੋੜ ਲਈਦਾ
ਅਸੀਂ ਕੀ ਲੈਣਾ ਸਿਰਨਾਵਿਆਂ ਤੋਂ।

# ਸੈਰ ਅਤੇ ਸਾਥੀ

**-ਕਮਲ ਬੰਗਾ ਸੈਕਰਾਮੈਂਟੋ**
**916-897-8570**



ਸੈਰ ਤੇ ਗਏ ਨਵੇਂ ਸਾਥੀ ਨਾਲ ਮੇਲ ਹੁੰਦਾ।
ਫਰਜ਼ਾਂ ਤੋਂ ਮੁਕਤ ਆਜ਼ਾਦੀ ਨਾਲ ਮੇਲ ਹੁੰਦਾ।

ਉਂਝ ਤਾਂ ਵਿਹਲੇ ਕੋਲ ਵੀ ਵਕਤ ਨਹੀਂ ਹੈ,
ਉਸ ਦਾ ਵੀ ਤਾਂ ਟੀ. ਵੀ. ਨਾਲ ਮੇਲ ਹੁੰਦਾ।

ਸੈਰ ਉਤੇ ਕੋਈ ਮਿਲਦਾ, ਕੋਈ ਵਿੱਛੜਦਾ,
ਨਾਲ ਨਾਲ ਗੱਲਾਂ ਬਾਤਾਂ ਨਾਲ ਮੇਲ ਹੁੰਦਾ।

ਸਦੀਆਂ ਪਹਿਲਾਂ ਘਰ ਦੇ ਬਗੀਚੇ ਤੋਂ ਸ਼ੁਰੂ ਹੋਈ,
ਅੱਜ ਤਾਂ ਆਕਾਸ਼ ਤੇ ਵੀ ਚੰਦ ਨਾਲ ਮੇਲ ਹੁੰਦਾ।

ਸੈਰ ਬਨਾਮ ਚੰਗੀ ਸਿਹਤ ਬਨਾਮ ਮਨ ਦੀ ਖੁਸ਼ੀ,
ਸੈਰ ਕਰਨ ਵਾਲਿਆਂ ਦਾ ਹਾਸੇ ਨਾਲ ਮੇਲ ਹੁੰਦਾ।

ਪਾਰਕ 'ਚ ਸੋਹਣੇ ਸੋਹਣੇ ਪੰਛੀ ਜਸ਼ਨ ਮਨਾਉਂਦੇ,
ਉਨ੍ਹਾਂ ਨਾਲ ਵੀ ਤਾਂ ਨਜ਼ਰਾਂ ਨਾਲ ਮੇਲ ਹੁੰਦਾ।

ਨਿੱਤ ਦੀ ਸੈਰ ਵੱਖਰੀ ਦੋਸਤੀ ਪੈਦਾ ਕਰਦੀ,
ਇਸ ਤੋਂ ਇਲਾਵਾ, ਨਵੀਂ ਉਮਰ ਨਾਲ ਮੇਲ ਹੁੰਦਾ।

ਵੈਸੇ ਵੀ ਬੰਦਾ, ਜੱਗ ਤੇ ਸੈਰ ਕਰਨ ਆਉਂਦਾ,
ਸੈਰ ਮੁੱਕਣ ਤੋਂ ਬਾਅਦ, ਧਰਮ ਰਾਜ ਨਾਲ ਮੇਲ ਹੁੰਦਾ।

40 ਸਾਲ ਪਹਿਲਾਂ ਸੈਰ ਕਰਨ ਸੀ ਆਇਆ 'ਕਮਲ'
ਦੇਸ਼ ਬਦਲੇ ਤਾਂ ਨਵੇਂ ਰਾਹਵਾਂ ਨਾਲ ਮੇਲ ਹੁੰਦਾ।

## ਸੰਪਾਦਕ ਦੇ ਨਾਂ ਖ਼ਤ

ਪਿਆਰੇ ਸੰਪਾਦਕ ਜੀ,

ਆਪ ਜਾਣਦੇ ਹੀ ਹੋ ਕਿ ਸਾਡੀ ਅਜੋਕੀ ਪੀੜ੍ਹੀ ਆਪਣੇ ਵਿਰਸੇ ਨੂੰ ਵਧੇਰੇ ਅਹਿਮੀਅਤ ਨਾ ਦੇ ਕੇ ਦੂਸਰੇ ਵਿਰਸਿਆਂ ਨੂੰ ਵਧੀਆ ਸਮਝ ਕੇ ਉਨ੍ਹਾਂ ਵੱਲ ਝੁਕਦੀ ਜਾ ਰਹੀ ਹੈ। ਦਾਸ ਵੱਲੋਂ ਮਹਾਨ ਸਿੱਖ ਸ਼ਹੀਦਾਂ ਬਾਰੇ ਲੇਖ ਲੜੀ ਸ਼ੁਰੂ ਕੀਤੀ ਗਈ ਹੈ ਤਾਂਕਿ ਸਾਡੀ ਅਜੋਕੀ ਪੀੜ੍ਹੀ ਆਪਣੇ ਅਮੀਰ ਵਿਰਸੇ ਤੋਂ ਜਾਣੂ ਹੋ ਸਕੇ ਕਿ ਸਿੱਖ ਧਰਮ ਦੇ ਬੂਟੇ ਨੂੰ ਪ੍ਰਫੁਲਤ ਕਰਨ ਲਈ ਸਾਡੇ ਇਨ੍ਹਾਂ ਸ਼ਹੀਦਾਂ ਨੇ ਕੀ ਕੀ ਕੁਰਬਾਨੀਆਂ ਕੀਤੀਆਂ। ਆਸ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਕਰਦਾ ਹਾਂ ਕਿ ਆਪ ਜੀ ਇਨ੍ਹਾਂ ਲੇਖਾਂ ਨੂੰ ਆਪਣੇ ਸਨੁਮਾਨੀ ਪੱਤਰਾਂ ਵਿੱਚ ਯੋਗ ਥਾਂ ਦੇ ਕੇ ਮੈਨੂੰ ਤਾਂ ਧਨਵਾਦੀ ਬਣਾਉਗੇ ਹੀ ਨਾਲ ਆਪਣੀ ਅਜੋਕੀ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਵਿੱਚ ਵੀ ਵਡ-ਮੁੱਲਾ ਯੋਗਦਾਨ ਪਾਉਗੇ। **ਆਪ ਜੀ ਦਾ ਧੰਨਵਾਦੀ,**

**ਸੰਤੋਖ ਸਿੰਘ ਸੰਧੂ**
**(+64) 022 071 0935**

## ਵਿਚਾਰਨਯੋਗ

ਅਮਰੀਕਾ ਸਭ ਤੋਂ ਅਮੀਰ ਦੇਸ਼ ਹੈ, ਇੱਥੋਂ ਦੇ ਸਕੂਲ ਸਾਲ ਦੀ ਸ਼ੁਰੂਆਤ ਵਿਚ ਬੱਚਿਆਂ ਨੂੰ ਕਿਤਾਬਾਂ ਇਸ਼ੂ ਕਰਦ ਹਨ ਅਤੇ ਸਾਲ ਦੇ ਅੰਤ ਵਿਚ ਉਹਨਾਂ ਤੋਂ ਜਮ੍ਹਾ ਕਰਵਾ ਲੈਂਦੇ ਹਨ ਤਾਂ ਜੋ ਦੂਜੇ ਬੱਚਿਆਂ ਨੂੰ ਉਹਨਾਂ ਕਿਤਾਬਾਂ ਨੂੰ ਪੜ੍ਹਨ ਦਾ ਮੌਕਾ ਮਿਲੇ। ਭਾਰਤ ਗਰੀਬ ਦੇਸ਼ ਹੈ, ਪਰ ਇੱਥੇ ਹਰ ਸਾਲ ਪੁਰਾਣੀਆਂ ਕਿਤਾਬਾਂ ਨੂੰ ਰੱਦੀ ਦੇ ਭਾਅ ਵੇਚ ਦਿੱਤਾ ਜਾਂਦਾ ਹੈ ਅਤ ਨਵੀਆਂ ਕਿਤਾਬਾਂ ਖਰੀਦੀਆਂ ਜਾਂਦੀਆਂ ਹਨ ਜਾਂ ਇਸ ਤਰ੍ਹਾਂ ਕਹੀਏ ਕਿ ਮਾਪਿਆਂ ਨੂੰ ਨਵੀਆਂ ਕਿਤਾਬਾਂ ਖਰੀਦਣ ਲਈ ਬੇਵੱਸ ਕੀਤਾ ਜਾਂਦਾ ਹੈ। ਕਰੋੜਾਂ ਰੁਪਏ ਦੀ ਬਰਬਾਦੀ ਲੱਖਾਂ ਦਰਖਤਾਂ ਦੀ ਕਟਾਈ, ਫਿਰ ਵਾਤਾਵਰਣ ਨੂੰ ਬਚਾਉਣ ਦੀ ਸਤਰੰਗੀ ਮੁਹਿੰਮ ਫਿਰ ਕਰੋੜਾਂ ਰੁਪਏ ਦੀ ਲੁੱਟ, ਇਹ ਸਾਡੇ ਸਿੱਖਿਆ ਦੇ ਮੰਦਰ ਅਤੇ ਉਸਨੂੰ ਚਲਾਉਣ ਵਾਲ ਦਲਾਲਾਂ ਦੁਆਰਾ ਹੋ ਰਿਹਾ ਹੈ। ਸੱਤਾ ਤਾਂ ਬਦਲ ਗਈ ਪਰ ਵਿਵਸਥਾ ਨਹੀਂ ਬਦਲੀ, ਆਓ ਮਨੁੱਖੀ ਸਰੋਤ ਵਿਭਾਗ ਨੂੰ ਜ਼ਰਾ ਕੁੰਭਕਰਨੀ ਨੀਂਦ ਤੋਂ ਜਗਾਇਆ ਜਾਵੇ।

# "ਤਿਸ਼ਨਗੀ" ਪੰਜਾਬੀ ਗ਼ਜ਼ਲ ਗਾਇਕੀ 'ਚ ਇਕ ਆਗਮਨ ਹੋਰ!




ਸ਼ਬਦ, ਸੁਰ ਅਤੇ ਤਾਲ ਦਾ ਸੁਮੇਲ ਪ੍ਰਸਤੁਤ ਕਰਦੀ ਗ਼ਜ਼ਲ ਗਾਇਕੀ ਨੂੰ, ਚੜ੍ਹਦੇ ਅਤੇ ਲਹਿੰਦੇ ਪੰਜਾਬ ਦਿਆਂ ਅਦੀਬਾਂ ਦੀ ਕਰਾਈ ਗਈ ਇਕ ਮਹੱਤਵਪੂਰਨ ਇਕੱਤਰਤਾ ਵਿਚ, 'ਵਿਪਸਾ' ਨੇ ਸ਼ਾਇਰ ਸੁਰਿੰਦਰ ਸੀਰਤ ਵਲੋਂ ਪ੍ਰਸਤੁਤ ਐਲਬਮ "ਤਿਸ਼ਨਗੀ" ਨੂੰ ਲੋਕਅਰਪਨ ਕਰਨ ਦੀ ਖ਼ੁਸ਼ੀ ਪ੍ਰਾਪਤ ਕੀਤੀ। ਇਸ ਬੈਠਕ ਦੀ ਪ੍ਰਧਾਨਤਾ ਸਿੱਧੂ ਦਮਦਮੀ ਨੇ ਕੀਤੀ ਅਤੇ ਡਾ ਸਰਬਜੀਤ ਸਿੰਘ ਹੁੰਦਲ ਤੇ ਡਾ ਅਜੀਤਪਾਲ ਸਿੰਘ ਸੰਧੂ ਮੁਖ ਮਹਿਮਾਨਾਂ ਵਜੋਂ ਸ਼ਸ਼ੋਬਤ ਹੋਏ। 'ਸਿਰਨਾਵਾਂ' ਪਰਚੇ ਦੇ ਸੰਪਾਦਕ ਜਨਕ ਰਾਜ ਅਤੇ ਵਿਪਸਾ ਦੇ ਚੇਅਰਮੈਨ ਗੁਰੂਮੇਲ ਸਿੱਧੂ ਵੀ ਪ੍ਰਧਾਨਗੀ ਮੰਡਲ ਦੀ ਅਮੀਰੀ ਵਧਾਉਣ ਲਈ ਆਮੰਤ੍ਰਿਤ ਕੀਤੇ ਗਏ। ਵਿਪਸਾ ਦੇ ਜੰਨ. ਸਕੱਤਰ ਹਰਜਿੰਦਰ ਕੰਗ ਨੇ ਸਟੇਜ ਸਕੱਤਰ ਦਾ ਕਾਰਜ ਬਾਖ਼ੂਬੀ ਨਿਭਾਇਆ। ਸੁਰਿੰਦਰ ਸੀਰਤ ਨੇ ਕਿਹਾ , " ਇਹ ਉਸ ਦੀ ਦਿਲੀ ਤਮੰਨਾ ਸੀ ਕਿ ਪੰਜਾਬੀ ਗ਼ਜ਼ਲਾਂ ਨੂੰ ਵੀ ਉਰਦੂ ਗ਼ਜ਼ਲਾਂ ਵਾਂਗ ਹੀ ਗਾਇਆ ਜਾਏ। ਮੇਰੀ ਇਹ ਕੋਸ਼ਿਸ਼ ਕਿੱਥੋਂ ਤੀਕ ਸਾਰਥਕ ਹੈ , ਇਸ ਦਾ ਫ਼ੈਸਲਾ ਪੰਜਾਬੀ ਗ਼ਜ਼ਲ ਦੇ ਹਿਤੈਸ਼ੀ ਹੀ ਕਰ ਸਕਦੇ ਹਨ, ਮੈਨੂੰ ਇਸ ਦੀ ਪ੍ਰਤੀਕਸ਼ਾ ਰਹੇ ਗੀ।

ਇਸ ਐਲਬਮ ਦੀਆਂ ਵੱਖ ਵੱਖ ਅੱਠ ਬਹਿਰਾਂ ਵਿਚ ਰਚਿਤ ਗ਼ਜ਼ਲਾਂ ਨੂੰ ਵਖ ਵਖ ਅੱਠਾਂ ਰਾਗਾਂ ਤੇ ਆਧਾਰਤ , ਰਿਆਸਤ ਜੰਮੂ ਕਸ਼ਮੀਰ ਦੇ ਪ੍ਰਸਿਧ ਗ਼ਜ਼ਲ ਗਾਇਕ ਜਨਾਬ ਸ਼ਾਮ ਸਾਜਨ ਨੇ ਸੰਗੀਤ ਬੱਧ ਕੀਤਾ ਹੈ, ਮੈਂ ਉਹਨਾਂ ਦਾ ਅਤੇ ਉਹਨਾਂ ਦੀ ਸਾਰੀ ਟੀਮ, ਖਾਸ ਕਰ ਕੇ ਗੁਰਸ਼ਰਨ ਕੌਰ, ਸਰਗਮ ਪੰਤ, ਕੁਲਦੀਪ ਸਪਰੂ ਅਤੇ ਪ੍ਰਦੀਪ ਖੰਨਾ ਦਾ ਹਮੇਸ਼ਾਂ ਰਿਣੀ ਰਹਾਂ ਗਾ।" ਸੀਰਤ ਨੇ ਪੰਜਾਬੀ ਦੇ ਮੁਮਤਾਜ਼ ਸ਼ਾਇਰ ਜਨਾਬ ਰਵਿੰਦਰ ਰਵੀ ਵਲੋਂ ਭੇਜੀ ਗਈ ਇਕ ਈਮੇਲ ਚੋਂ, ਕੁਝ ਸ਼ਬਦ ,ਸਰੋਤਿਆਂ ਨਾਲ ਸਾਂਝੇ ਕੀਤੇ,"your unique style, choice of diction, imagination and artistic creativity make your Ghazals outstanding. The musical composition is superb and with its classical dimensions, it explores new horizons for the Modern Punjabi Ghazal. Singers have given an excellent performance in catching the themes, shades, moods and style of the spirit of your Ghazals. The narrator has given appropriate introduction to lead us into the creative universe of your Ghazals."

"ਤਿਸ਼ਨਗੀ" ਸਬੰਧੀ ਗੱਲ ਕਰਦਿਆਂ, ਡਾ ਖਵਾਜਾ ਅਸ਼ਰਫ਼ ਨੇ ਫਰਮਾਇਆ, "ਇਸ ਐਲਬਮ ਤੋਂ ਸਿੱਧ ਹੁੰਦਾ ਹੈ ਕਿ ਗ਼ਜ਼ਲ ਲਈ ਪੰਜਾਬੀ ਦਾ ਮਾਹੌਲ ਫ਼ਾਰਸੀ ਨਾਲੋਂ ਵਧ ਮੁਆਫ਼ਿਕ ਹੈ। ਮੈਂ ਇਸ ਨੂੰ ਸੁਣ ਕੇ ਬਹੁਤ ਮੁਤਾਸਰ ਹੋਇਆ ਹਾਂ"। ਡਾ ਗੁਰੂਮੇਲ ਸਿੱਧੂ ਨੇ "ਤਿਸ਼ਨਗੀ" ਨੂੰ ਖ਼ੂਬ ਸੁਣਿਆ ਹੈ, ਇੱਥੋਂ ਤਕ ਕਿ ਆਪ ਨੇ ਇਸ ਵਿਚ ਗਾਈਆਂ ਗਈਆਂ ਗ਼ਜ਼ਲਾਂ ਦਿਆਂ ਅੱਠਾਂ ਰਾਗਾਂ ਨੂੰ ਕਰਮਵਾਰ, ਰਾਗ ਕੀਰਵਾਨੀ, ਚਾਰੂ ਕਿਸ਼ਸ਼, ਭਿੰਨ ਸ਼ੜਗ, ਪਹਾੜੀ, ਤਿਲਕ ਕਾਮੋਜ, ਪੀਲੂ, ਦਰਬਾਰੀ ਕਾਨੜਾ ਅਤੇ ਰਾਗ ਭੈਰਵੀ ਅਨੁਸਾਰ ਦਰਸਾਇਆ। ਇੰਜ ਹੀ ਸੁਖਵਿੰਦਰ ਕੰਬੋਜ ਨੇ "ਤਿਸ਼ਨਗੀ" ਨੂੰ ਪੰਜਾਬੀ ਗ਼ਜ਼ਲ ਗਾਇਕੀ ਵਿਚ ਆਰੰਭਕ ਮੀਲ ਪੱਥਰ ਹੋਣ ਵਜੋਂ ਸੰਗਿਆ ਦਿੱਤੀ। ਹੋਰ ਜਿੰਨਾਂ ਨੇ ਆਪੋ ਆਪਣੀ ਪ੍ਰਤਿਭਾ ਅਨੁਸਾਰ ਇਸ ਐਲਬਮ ਸਬੰਧੀ ਸ਼ਬਦ ਕਹੇ ਉਹਨਾਂ ਵਿਚ ਸ਼ੱਸ਼ੀ ਸਮੁੰਦਰਾਂ, ਸੁਰਿੰਦਰ ਧਨੋਆ, ਗੁਰਪ੍ਰੀਤ ਸਿੰਘ ਬਰਸਾਲ, ਡਾ ਅਜੀਤਪਾਲ ਸਿੰਘ ਸੰਧੂ, ਜਨਕ ਰਾਜ ਸਿੰਘ ਅਤੇ ਜਸਪਾਲ ਸੂਸ ਪੇਸ਼ ਪੇਸ਼ ਰਹੇ। ਬੈਠਕ ਦੇ ਪ੍ਰਧਾਨ ਸਿੱਧੂ ਦਮਦਮੀ ਨੇ ਸੀਰਤ ਵਲੋਂ ਕੀਤੇ ਗਏ ਇਸ ਉਪਰਾਲੇ ਨੂੰ ਪੰਜਾਬੀ ਗ਼ਜ਼ਲ ਦੇ ਹਿਤ ਵਿਚ ਇਕ ਸ਼ਲਾਗਾ ਯੋਗ ਅਤੇ ਪ੍ਰਥਮ ਚਰਣ ਵਜੋਂ ਸਲਾਹਿਆ। ਇਕੱਤਰਤਾ ਦੇ ਦੂਜੇ ਚਰਣ ਵਿਚ , ਜਿਸ ਦੇ ਪ੍ਰਧਾਨਗੀ ਮੰਡਲ ਵਿਚ, ਭਾਰਤ ਤੋਂ ਪਧਾਰੇ ਨਾਮਵਰ ਗ਼ਜ਼ਲ ਕਾਰ ਇਕਵਿੰਦਰ ਸਿੰਘ ਢੱਡ, ਜਸਪਾਲ ਸੂਸ, ਸੁਖਵਿੰਦਰ ਕੰਬੋਜ ਅਤੇ ਸੁਰਿੰਦਰ ਸੀਰਤ ਸ਼ਾਮਲ ਹੋਏ, ਦੋ ਪੁਸਤਕਾਂ ਨੂੰ ਲੋਕ ਅਰਪਣ ਕੀਤਾ ਗਿਆ। "Another Aspect of Ghadar Movement" ਡਾ ਗੁਰੂਮੇਲ ਸਿੱਧੂ ਵਲੋਂ ਪ੍ਰਸਾਰਤ ਪੁਸਤਕ, ਜੋ ਕਿ ਅੰਗਰੇਜ਼ੀ ਵਿਚ ਹੈ ਨੂੰ ਲੋਕ ਅਰਪਨ ਕਰਦਿਆਂ , ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਟਾਅਰਡ, ਫ਼ਿਜ਼ਿਕਸ ਦੇ ਪ੍ਰੋਫ਼ੈਸਰ ਹਰਦੇਵ ਸਿੰਘ ਵਿਰਕ ਨੇ ਫਰਮਾਇਆ ਕਿ ਇਹ ਇਕ ਖੋਜ ਭਰਪੂਰ ਪੁਸਤਕ ਹੈ ਜਿਸ ਦੁਆਰਾ ਉਸ ਸਮੇਂ ਦੇ ਇਤਿਹਾਸ ਰਾਹੀਂ ਨਸਲੀ ਵਿਤਕਰੇ ਜਿਹੇ ਸੰਦਰਭਾਂ ਤੇ ਚਾਨਣ ਪਵੇਗਾ। ਦੂਜੀ ਪੁਸਤਕ "ਅਣਕਹੀਆ" ਜਿਸ ਦਾ ਲੋਕ ਅਰਪਨ ਕੀਤਾ ਗਿਆ ਉਹ ਵੀ ਵਿਪਸਾ ਦੀ ਇਕ ਬਹੁ ਚਰਚਿਤ ਸ਼ਾਇਰਾ 'ਗੁਲਸ਼ਨ ਦਿਆਲ' ਦੀ "ਗਜਰ" ਤੋਂ ਬਾਅਦ ਦੂਜੀ ਕਾਵਿ ਪੁਸਤਕ ਹੈ।

ਇਸ ਸਬੰਧੀ ਸੁਰਿੰਦਰ ਸੀਰਤ ਨੇ ਵਿਚਾਰ ਰਖਦਿਆਂ ਕਿਹਾ ਕਿ ਗੁਲਸ਼ਨ ਦਿਆਲ, ਇਸ ਪੁਸਤਕ ਰਾਹੀਂ ਆਪਣੀ ਵਲੱਖਣ ਮੌਲਕਤਾ ਪ੍ਰਾਪਤ ਕਰਨ ਵਿਚ ਸਫਲ ਹੋ ਚੁਕੀ ਹੈ। ਉਸ ਦੀ ਸ਼ਾਇਰੀ ਜਿੱਥੇ ਇਸ਼ਕ ਹਕੀਕੀ ਵਿਚ ਅਧਿਆਤਮਕ ਰੰਗਤ ਨਾਲ ਭਿੰਨ ਹੈ ਉੱਥੇ ਹੀ ਉਸ ਦੀ ਆਤਮਾਂ ਵਿੱਚੋਂ 47 ਤੋ ਲੈ ਕੇ ਹੁਣ ਤੀਕ ਦੀ ਅਬਲਾ ਔਰਤ ਦੀ ਦੁਰਦਿਸ਼ਾ ਦੀ ਰਤ ਟਪਕ ਰਹੀ ਹੈ।

ਇਸੇ ਬੈਠਕ ਵਿਚ ਸ਼ਾਇਰ ਇਕਵਿੰਦਰ ਨਾਲ ਰੂ-ਬ-ਰੂ ਕੀਤਾ ਗਿਆ। ਉਹਨਾਂ ਨੇ ਆਪਣੇ ਸਾਹਿਤਕ ਸਫਰ ਪ੍ਰਤੀ ਸਾਂਝ ਦਰਸਾਈ ਅਤੇ ਆਪਣੀਆਂ ਵਲੱਖਣ ਗ਼ਜ਼ਲਾਂ ਦੇ ਪ੍ਰਸਾਰਨ ਨਾਲ ਸਮਾਂ ਬੰਨਿਆ। ਇਸ ਮਗਰੋਂ ਕਵੀ ਦਰਬਾਰ ਦੀ ਸ਼ਮਾਂ ਰੌਸ਼ਨ ਹੋਈ ਜਿਸ ਵਿਚ ਜਿੰਨਾਂ ਸ਼ਾਇਰਾਂ ਮੂਹਰੇ ਸ਼ਮਾਂ ਰੱਖੀ ਗਈ ਉਹਨਾਂ ਵਿਚ ਕੁਲਵਿੰਦਰ, ਈਸ਼ਰ ਸਿੰਘ ਮੋਮਨ, ਨੱਨੂ ਨੂਰ,ਪ੍ਰਿੰ. ਹਜ਼ੂਰਾ ਸਿੰਘ, ਰੇਸ਼ਮ ਸਿੱਧੂ, ਸ਼ੱਸ਼ੀ ਸਮੁੰਦਰਾਂ, ਅਵਤਾਰ ਗੋਂਦਾਰਾ, ਅਰਚਨਾ ਪਾਂਡੇ, ਕਰਮ ਸਿੰਘ ਮਾਨ, ਤਾਰਾ ਸਾਗਰ, ਚਰਨਜੀਤ ਸਿੰਘ ਪੰਨੂ, ਸੁਖੀ ਧਾਲੀਵਾਲ ਸ਼ਾਮਲ ਰਹੇ।

ਇਹਨਾਂ ਤੋਂ ਛੁਟ ਨਾਮਾਨਿਗਾਰ ਅਸ਼ੋਕ ਭੌਰਾ, ਉਹਨਾਂ ਦੇ ਸਪੁੱਤਰ, ਪੱਤਰ ਕਾਰ ਜਸਵੰਤ ਸੈਦੋਕੇ, ਲਖਵਿੰਦਰ ਸਿੰਘ ਗਿੱਲ, ਗੁਰਚਰਨ ਫਲਕ, ਪੰਕਜ, ਰੰਗਮੰਚ ਦੀ ਅਭਿਨੇਤਰੀ ਰਵਿੰਦਰ ਕੌਰ ਢਿੱਲੋਂ, ਅਦਾਕਾਰ ਅਮਨ ਧਾਲੀਵਾਲ, ਕਹਾਣੀਕਾਰਾ ਅਮਰਜੀਤ ਪੰਨੂ, ਅੰਮ੍ਰਿਤਸਰ ਤੋਂ ਪ੍ਰਭਦਿਆਲ ਸਿੰਘ ਰੰਧਾਵਾ, ਧਰਮ ਸਿੰਘ ਪਰਵਾਰ ਅਤੇ ਸੀਰਤ ਪਰਵਾਰ ਨੇ ਇਸ ਸਮਾਗਮ ਵਿਚ ਸ਼ਲਾਘਾ ਭਰਪੂਰ ਹਾਜ਼ਰੀ ਭਰੀ।




# ਜੇਠੀ ਨੂੰਹ ਦੀ ਬਲੀ



ਡਾ. ਕਰਮਜੀਤ ਸਿੰਘ
91-98763-23862

ਕੱਚਾ ਕੋਠਾ। ਅੰਦਰ ਵੜੀਏ ਤਾਂ ਚਾਰੇ ਪਾਸੇ ਕੋਈ ਹੋਰ ਬੂਹਾ ਬਾਰੀ ਨਹੀਂ। ਦਿਨੇ ਵੀ ਹਨੇਰਾ। ਇਕ ਪਾਸੇ ਮਿੱਟੀ ਦੀਆਂ ਕੋਠੀਆਂ, ਭੜੋਲੇ। ਜਿਹਨਾਂ ਵਿਚੋਂ ਕੋਈ ਚੀਜ਼ ਕੱਢਣੀ ਪਵੇ ਤਾਂ ਦਿਨੇ ਵੀ ਦੀਵੇ ਦੀ ਜ਼ਰੂਰਤ ਪੈਂਦੀ। ਛੱਤ ਦੀ ਵਿੰਗੀ ਟੇਢੀ ਕੜੀ ਧੂੰਏ ਨਾਲ ਧੁਆਂਖੀ। ਉਪਰ ਸਿਰਕੀ ਦੀ ਛੱਤ। ਇੰਨੀ ਪੁਰਾਣੀ ਕਿ ਚੂਹਿਆਂ ਨੇ ਘਰ ਬਣਾ ਲਿਆ। ਜਦੋਂ ਉਹ ਟੱਪਦੇ ਤਾਂ ਛੱਤ ਦੀ ਮਿੱਟੀ ਕਿਰਦੀ। ਇਹ ਕੌਣ ਬਲਿੰਗ "ਰੱਸੀਆਂ ਨਾਲ ਬੰਨਿਆ ਬਾਂਸ" ਤੇ ਲਟਕਦੇ ਕੱਪੜੇ। ਅੱਜ ਦੇ ਕਿਸੇ ਬੰਦੇ ਨੂੰ ਇਹ ਘਰ ਰੁਮਾਂਟਿਕ ਲੱਗ ਸਕਦਾ ਹੈ, ਪਰ ਇਹ ਘਰ ਦਿਆਂ ਦੀ ਆਰਥਿਕਤਾ ਦੀ ਕਹਾਣੀ ਕਹਿ ਰਿਹਾ ਸੀ। ਮੈਂ ਸ਼ਾਮ ਜਿਹੇ ਨੂੰ ਇਸ ਘਰ ਵਿਚ ਪ੍ਰਵੇਸ਼ ਕੀਤਾ ਸੀ। ਕੜੀ ਦੇ ਬੋਦੀ ਹੋਣ ਕਾਰਨ ਵਿਚਕਾਰ ਥੰਮੀ ਦਿੱਤੀ ਹੋਈ ਸੀ ਜਿਸਦੇ ਨੇੜੇ ਅਲਾਣੀ ਮੰਜੀ ਪਈ ਸੀ। ਇਹ ਕੋਠਾ ਮੇਰੇ ਲਈ ਨਵਾਂ ਨਹੀਂ ਸੀ। ਜਦੋਂ ਤੋਂ ਮੈਂ ਹੋਸ਼ ਸੰਭਾਲੀ ਸੀ, ਇੱਥੇ ਆਉਂਦਾ ਜਾਂਦਾ ਸਾਂ। ਜਦੋਂ ਤੋਂ ਮੈਂ ਹੋਸ਼ ਸੰਭਾਲੀ ਸੀ, ਇੱਥੇ ਆਉਂਦਾ ਜਾਂਦਾ ਸਾਂ। ਜਦੋਂ ਮੈਂ ਲੋਕਗੀਤ ਇਕੱਠੇ ਕਰਨੇ ਸ਼ੁਰੂ ਕੀਤੇ ਤਾਂ ਇਹ ਕੋਠਾ ਮੇਰੇ ਲਈ ਬੜੀ ਕੀਮਤੀ ਖਾਣ ਬਣ ਗਿਆ ਸੀ।

ਇਸ ਕੋਠੇ ਵਿਚ ਹਮੇਸ਼ਾ ਚਹਿਲ ਪਹਿਲ ਰਹਿੰਦੀ ਸੀ। ਪਰ ਇਸ ਫੇਰੀ ਵਿਚ ਚੁੱਪ ਚਾਪ ਵਰਤੀ ਹੋਈ ਸੀ। ਮੈਂ ਇਸ ਦਾ ਕਾਰਨ ਜਾਨਣ ਲਈ ਉਤਸੁਕ ਸਾਂ। ਪਤਾ ਲੱਗਾ ਕਿ ਮਾਮੇ (ਮਾਤਾ ਜੀ ਦੇ ਭੂਆ ਦੇ ਪੁੱਤ) ਦੀ ਗੁੱਡੀ ਘਰ ਕਾਕੀ ਆਈ ਸੀ। ਗੱਲ ਇੱਕਦਮ ਸਪਸ਼ਟ ਹੋ ਗਈ। ਇਹ ਤਾਂ ਕੁੜੀ ਜੰਮਣ ਦਾ ਪ੍ਰਭਾਵ ਸੀ। ਮੈਂ ਮਾਮੇ ਮਾਮੀਆਂ ਨੂੰ ਅੰਦਰੋਂ ਜਾਣਦਾ ਸਾਂ। ਮੈਂ ਮਜ਼ਾਕ ਦੇ ਮੂਡ ਵਿਚ ਆ ਗਿਆ, ਮੈਂ ਕਿਹਾ 'ਮਾਮੀ ਕੋਈ ਬਰਫ਼ੀ ਖਲਾ, ਤੂੰ ਤਾਂ ਖੋਤਾ ਈ ਖੂਹ 'ਚ ਪਾ ਤਾ, ਅੱਜ ਤਾਈਂ ਤਾਂ ਤੁਸੀਂ ਇਉਂ ਨਹੀਂ ਸੋਚਿਆ', ਉਸਨੇ ਉਦਾਸ ਜਿਹੇ ਸੁਰ 'ਚ ਕਿਹਾ 'ਕੀ ਕਰੀਏ ਕਰਮਜੀਤ ਕੁੜੀ ਦੀ ਸੱਸ ਨੇ ਮੂੰਹ ਵੱਟਿਆ।' 'ਉਹ ਮਾਰ ਗੋਲੀ ਸੱਸ ਨੂੰ, ਤੁਸੀਂ ਤਾਂ ਕੁੜੀ ਨੂੰ ਵੀ ਉਦਾਸ ਕੀਤਾ ਹੋਣਾ।" ਮੈਂ ਹੌਲੀ ਹੌਲੀ ਸਾਰਿਆਂ ਨੂੰ ਨਾਰਮਲ ਕਰਨ ਵਿਚ ਇਕ ਹੱਦ ਤੱਕ ਕਾਮਯਾਬ ਹੋ ਗਿਆ। ਰੋਟੀ ਪਾਣੀ ਕਰਕੇ ਅਸੀਂ ਕੋਠੇ ਵਿਚ ਆ ਬੈਠੇ। ਕੁੜੀ ਨਾਲ ਵਾਲੇ ਇਸੇ ਤਰ੍ਹਾਂ ਦੇ ਦੂਸਰੇ ਕਮਰੇ ਵਿਚ ਪਈ ਸੀ।

ਉਸ ਰਾਤ ਲਾਭੀ ਨੇ ਕਿਸ਼ਨੋ ਨੇ, ਦੇਬੋ ਤੇ ਪੱਪੀ ਨਾਲ ਮਿਲ ਕੇ ਅਜਿਹੇ ਗੀਤ ਸੁਣਾਏ ਜੋ ਮੇਰੇ ਲਈ ਬੇਹੱਦ ਮਹੱਤਵਪੂਰਨ ਸਨ। ਅੱਜ ਤੱਕ ਮੈਂ ਉਨ੍ਹਾਂ ਗੀਤਾਂ ਦੇ ਸਮਾਜ ਸ਼ਾਸਤਰ ਉਪਰ ਵਿਚਾਰ ਕਰਦਾ ਆ ਰਿਹਾ ਹਾਂ, ਪਰ ਅਜੇ ਵੀ ਕਈ ਪੱਖ ਅਧੂਰੇ ਹਨ। ਟਿਕੀ ਹੋਈ ਰਾਤ ਦੀਵੇ ਦੀ ਲੋਅ ਵਿਚ, ਸਾਹਮਣੇ ਟੈਪ ਰੱਖੀ ਮੈਂ ਗੀਤਾਂ ਦੇ ਹਰੇਕ ਬੋਲ ਨੂੰ ਸਾਂਭਣ ਦਾ ਯਤਨ ਕਰ ਰਿਹਾ ਸਾਂ।

ਅਚਾਨਕ ਨਾਨੀ ਤੇ ਮਾਮੀ ਨੇ ਇਕ ਦੂਜੇ ਨੂੰ ਇਸ਼ਾਰਾ ਕੀਤਾ। ਨਾਨੀ ਪੀੜ੍ਹੀ ਸਮੇਤ ਟੇਪ ਦੇ ਕੋਲ ਹੋ ਗਈ। ਮਾਮੀ ਨੇ ਬੋਲ ਉੱਚਾ ਕੀਤਾ। ਉਸ ਦੀ ਆਵਾਜ਼ ਫਟਦੀ ਸੀ, ਪਰ ਇੰਨੀ ਉਚੀ ਕਿ ਉਸ ਨਾਲ ਰਲਣਾ ਔਖਾ, ਇਹ ਕੰਮ ਨਾਨੀ, ਦੇਬੋ ਪੱਪੀ ਹੀ ਕਰ ਰਹੀਆਂ ਸਨ। ਬਾਹਰ ਲੋਕ ਪਤਾ ਨਹੀਂ ਕੀ ਸੋਚਦੇ ਹੋਣ ਕਿ ਘਰ ਕੁੜੀ ਜੰਮੀ ਹੈ। ਤੇ ਇਨਾਂ ਨੂੰ ਗਾਉਣ ਸੁਝਦੇ ਨੇ। ਮਾਮਾ ਬਾਹਰ ਦਰਵਾਜ਼ੇ ਕੋਲ ਆ ਬੈਠਾ ਸੀ। ਮਾਹੌਲ ਮੇਲ-ਮਿਲਾਪ ਦਾ ਸੀ। ਨਾਨੀ ਦੇ ਮਾਮੀ ਨੇ ਇਕ ਨਵਾਂ ਗੀਤ ਛੁਹਿਆ।

ਕੋਈ ਸਾਡੇ ਤਾਂ ਸਹੁਰੇ ਨੇ ਖੂਹਾ ਲੁਆਇਆ, ਖੂਹਾ ਲੁਆਇਆ,
ਕੋਈ ਪਾਣੀ ਦੀ ਬੂੰਦ ਨਾ ਆਈ ਅੜਿਆ।
ਮੈਂ ਸਮਝ ਗਿਆ ਕਿ ਕੋਈ ਕਹਾਣੀ ਕਹਿਣ ਜਾ ਰਿਹਾ ਹੈ,
ਇਹ ਗੀਤ।
ਕੋਈ ਪੜ੍ਹਿਆਂ ਨੂੰ ਪੁੱਛੇ, ਪੜ੍ਹਿਆਂ ਪੰਡਤਾਂ ਨੂੰ ਪੁੱਛਦਾ,
ਪੰਡਤਾਂ ਨੂੰ ਪੁੱਛਦਾ ਪਾਣੀ ਦੀ ਬੂੰਦ ਨਾ ਆਈ ਅੜਿਆ।

ਆਵਾਜ਼ ਬਹੁਤ ਉੱਚੀ ਸੀ, ਅੜਿਆ ਉਪਰ ਆ ਕੇ ਲਮਕਾਅ ਸੀ। ਲੱਗਦਾ ਸੀ ਗੀਤ ਲੰਬਾ ਚੱਲੇਗਾ, ਪਰ ਇਨ੍ਹਾਂ ਸਭ ਨੂੰ ਮੈਂ ਜਾਣਦਾ ਸੀ, ਕਿ ਪੂਰਾ ਕਰਕੇ ਹਟਣਗੀਆਂ। ਇਹ ਪਹਿਲਾ ਗੀਤ ਸੀ ਜਿਸ ਵਿਚ ਬਿਰਤਾਂਤ ਥੋੜ੍ਹਾ ਵਧੇਰੇ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਸਦੀਆਂ ਤੋਂ ਗੀਤ ਦੇ ਬੋਲਾਂ ਨੂੰ ਲੈਅ ਨਾਲ ਇੰਨੀ ਇਕਮਿਕਤਾ ਕਰ ਲਈ ਸੀ ਕਿ ਕਿਤੇ ਕੋਈ ਸ਼ਬਦ ਨਹੀਂ ਸੀ ਰੜਕ ਰਿਹਾ।

ਕੋਈ ਪੜ੍ਹਿਆਂ ਨੇ ਦੱਸਿਆ, ਪੜ੍ਹਿਆਂ ਪੰਡਿਤਾਂ ਨੇ ਦੱਸਿਆ,
ਜੇਠੇ ਪੁੱਤਰ ਦੀ ਬਲ ਦੇਵੀਂ ਅੜਿਆ।

ਜੇ ਪਾਣੀ ਲੈਣਾ ਸੀ ਤਾਂ ਜੇਠੇ ਪੁੱਤਰ ਦੀ ਬਲੀ ਮੰਗੀ ਗਈ ਸੀ। ਗੀਤ ਜਾਦੂ ਟੂਣੇ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਲੋਕ ਗੀਤ ਕਿਉਂਕਿ ਇਤਿਹਾਸ ਵਿਚ ਕਈ ਸਮਾਜਿਕ ਅਵਸਥਾਵਾਂ ਵਿਚੋਂ ਦੀ ਗੁਜ਼ਰੇ ਹਨ, ਇਸ ਲਈ ਉਨ੍ਹਾਂ ਵਿਚ ਹਰ ਇਤਿਹਾਸਕ ਦੌਰ ਦਾ ਕੁਝ ਨਾ ਕੁਝ ਸਾਂਭਿਆ ਪਿਆ ਹੈ। ਦਿਖਾਈ ਤਾਂ ਦੇਵੇਗਾ ਜੇਕਰ ਅਸੀਂ ਇਉਂ ਸੀ ਕਿ ਰਾਜਾ ਜੇਠੇ ਪੁੱਤਰ ਦੀ ਬਲੀ ਦੇਵੇਗਾ ਤੇ ਖੂਹ ਵਿਚ ਪਾਣੀ ਆ ਜਾਵੇਗਾ। ਪਰ ਗੀਤ ਤਾਂ ਕੁਝ ਹੋਰ ਕਹਿ ਰਿਹਾ ਸੀ।

ਜੇਠਾ ਤਾਂ ਪੁੱਤਰ ਮੈਨੂੰ ਬਹੁਤ ਪਿਆਰਾ, ਬਹੁਤ ਪਿਆਰਾ,
ਜੇਠੀ ਨੂੰਹ ਦੀ ਬਲ ਦੇਵੀਂ ਅੜਿਆ

ਜਾਗੀਰਦਾਰੀ ਯੁੱਗ ਦਾ ਰਾਜਾ, ਮਰਦ-ਪ੍ਰਧਾਨ ਸਮਾਜ ਦਾ ਰਾਜਾ, ਪਾਣੀ ਲੈਣ ਲਈ ਪੁੱਤਰ ਦੀ ਥਾਂ ਤੇ ਨੂੰਹ ਦੀ ਬਲੀ ਦੇਣ ਲਈ ਤਿਆਰ ਸੀ।

ਸਹੁਰੇ ਜੁ ਸਾਡੇ ਨੇ ਚਿੱਠੀ ਜੁ ਭੇਜੀ ਚਿੱਠੀ ਜੁ ਭੇਜੀ,
ਛੇਤੀ- ਸ਼ਤਾਬੀ ਘਰ ਆ ਜਾ ਨੋਹੇਂ।

ਸਾਫ ਸੀ ਕਿ ਪੰਡਿਤ ਦੀ ਰਾਜਾ ਨੇ ਦਲੀਲ ਮੰਨ ਲਈ ਸੀ। ਇੱਥੋਂ ਸ਼ੁਰੂਆਤ ਹੁੰਦੀ ਹੈ ਦੁਖਾਂਤ ਦੀ। ਰਾਜਾ ਤੇ ਪੰਡਿਤ ਮਿਲ ਕੇ ਉਸ ਔਰਤ ਨੂੰ ਬਲੀ ਚੜ੍ਹਾਅ ਰਹੇ ਸਨ ਜਿਸ ਨੇ ਇਸ ਸਭ ਨੂੰ ਵੀ ਆਪਣੀ ਹੋਣੀ ਸਮਝ ਲਿਆ ਸੀ। ਗੀਤ ਦੀ ਲੈਅ, ਪਹਿਲਾਂ ਹੀ ਦੁਖਾਂਤ ਦੀ ਛਾਇਆ ਲਈ ਬੈਠੀ ਸੀ।

ਕੋਈ ਢਲ ਪਰਛਾਵੇਂ ਚਿੱਠੀ ਜੋ ਪੜ੍ਹਦੀ, ਚਿੱਠੀ ਜੋ ਪੜ੍ਹਦੀ,
ਨੈਣਾਂ ਨੇ ਛਹਿਬਰ ਲਾਈ ਅੜਿਆ।
ਕੋਈ ਸੱਦੋ ਕਹਾਰਾਂ ਨੂੰ ਬੀੜੋ ਮੇਰਾ ਡੋਲਾ, ਬੀੜੋ ਮੇਰਾ ਡੋਲਾ,
ਛੇਤੀ-ਛਤਾਬੀ ਘਰ ਜਾਣਾ ਅੜਿਆ।
ਕੋਈ ਪੰਜ ਰੁਪਈਏ ਆਪਣੇ ਬਾਬਲ ਨੂੰ ਦੇਵਾਂ, ਬਾਬਲ ਨੂੰ ਦੇਵਾਂ,
ਇਹੋ ਧੀਉ ਦੀ ਨਿਸ਼ਾਨੀ ਅੜਿਆ।

ਬਲੀ ਦੀ ਬੇਦੀ ਤੇ ਜਾ ਰਹੀ ਨੂੰਹ ਦਾ ਹਰ ਕਾਰਜ ਦੁਖਾਂਤ ਨੂੰ ਡੂੰਘਾਈ ਦੇ ਰਿਹਾ ਸੀ। ਜਿਵੇਂ ਉਹ ਬਾਬਲ ਨੂੰ ਪੰਜ ਰੁਪਈਏ ਨਿਸ਼ਾਨੀ ਦੇ ਰਹੀ ਸੀ, ਉਵੇਂ ਹੀ ਮਾਈ ਨੂੰ ਆਪਣੇ ਸਿਰ ਦਾ ਸਾਲੂ ਦੇ ਦਿੰਦੀ ਹੈ। ਵੀਰ ਨੂੰ ਹੱਥ ਦੀ ਮੁੰਦਰੀ ਲਾਹ ਦਿੱਤੀ ਉਸਨੇ। ਬਾਹਾਂ ਦਾ ਚੂੜਾ, ਭਾਬੋ ਨੂੰ ਸੌਂਪ ਦਿੱਤਾ ਤੇ ਇਉਂ ਸਾਰਿਆਂ ਨੂੰ ਰੁਆਉਂਦੀ ਉਹ ਅਗਾਂਹ ਤੁਰ ਰਹੀ ਸੀ। ਜਿਉਂ ਜਿਉਂ ਪ੍ਰਸਥਿਤੀਆਂ ਬਦਲ ਰਹੀਆਂ ਸਨ ਦੁਖਾਂਤ ਹੋਰ ਡੂੰਘਾ ਹੋ ਰਿਹਾ ਸੀ।

ਕੋਈ ਚੱਕਿਆ ਡੋਲਾ ਮੇਰਾ ਬਾਗਾਂ ਵਿਚ ਆਇਆ,
ਬਾਗਾਂ ਵਿਚ ਆਇਆ,
ਮੇਰਾ ਸਹੁਰਾ ਤਾਂ ਦੇਖ ਦੇਖ ਰੋਵੇ ਅੜਿਆ।
ਕੋਈ ਤੈਨੂੰ ਤਾਂ ਸਹੁਰਿਆਂ ਨੋਹਾਂ ਹੋਰ ਬਥੇਰੀਆਂ,
ਹੋਰ ਬਥੇਰੀਆਂ,
ਮੇਰੇ ਬਾਬਲ ਦੀ ਧੀ ਹੈ ਨਾ ਕੋਈ ਅੜਿਆ।

ਇਹ ਪਹਿਲਾ ਗੀਤ ਮੈਂ ਸੁਣ ਰਿਹਾ ਸਾਂ, ਜਿਸ ਵਿਚ ਸੱਸ ਤੇ ਸਹੁਰਾ ਨੂੰਹ ਦੇ ਮਰਨ ਦਾ ਗਮ ਕਰ ਰਹੇ ਸਨ। ਨਹੀਂ ਤਾਂ ਬਾਕੀ ਗੀਤਾਂ ਵਿਚ ਉਹ ਸ਼ੁਕਰ ਮਨਾਉਂਦੇ ਹਨ, ਅਤੇ ਪੁੱਤਰ ਦਾ ਹੋਰ ਵਿਆਹ ਕਰਨ ਲਈ ਉਤਾਵਲੇ ਦਿਖਾਈ ਦਿੰਦੇ ਹਨ। ਨੂੰਹ ਦੇ ਜਵਾਬ ਵਾਤਾਵਰਣ ਵਿਚ ਵੀ ਦੁੱਖਾਂ ਦਾ ਸੰਚਾਰ ਕਰਦੇ ਜਾਂਦੇ ਹਨ। ਇਉਂ ਹੀ ਸੱਸ ਨੂੰ ਰੋਂਦਿਆਂ ਵੇਖ ਕੇ ਨੂੰਹ ਜਵਾਬ ਦਿੰਦੀ ਹੈ ਕਿ ਉਸਨੂੰ ਤਾਂ ਨੂੰਹਾਂ ਹੋਰ ਵੀ ਮਿਲ ਜਾਣਗੀਆਂ, ਪਰ ਉਸਦੀ ਮਾਂ ਇਕੱਲੀ ਰਹਿ ਜਾਵੇਗੀ। ਦੇਵਰ ਨੂੰ ਭਾਬੀਆਂ ਹੋਰ ਮਿਲ ਜਾਣਗੀਆਂ ਪਰ ਉਸਦੇ ਵੀਰ ਨੂੰ ਭੈਣ ਨਸੀਬ ਨਹੀਂ ਹੋਵੇਗੀ। ਨਣਾਨ ਨੂੰ ਹੋਰ ਭਾਬੀਆਂ ਦੇਖਣੀਆਂ ਨਸੀਬ ਹੋ ਸਕਦੀਆਂ ਹਨ, ਪਰ ਉਸਦੀ ਭਾਬੋ ਨੂੰ ਹੋਰ ਕਿੱਥੋਂ ਮਿਲੇਗੀ? ਇਉਂ ਗੱਲ ਕੌਂਤ ਤੱਕ ਪਹੁੰਚ ਗਈ ਸੀ। ਗੀਤ ਆਪਣਾ ਸਫਰ ਤੈਅ ਕਰ ਰਿਹਾ ਸੀ। ਰਾਤ ਦਾ ਸੰਨਾਟਾ ਦੁਖਾਂਤ ਨੂੰ ਹੋਰ ਗਹਿਰਾਈ ਦੇ ਰਿਹਾ ਸੀ। ਕੱਚਾ ਕੋਠੀ, ਦੁਖਾਂਤ ਨਾਟਕ ਦਾ ਰੰਗ-ਮੰਚ ਬਣਿਆ ਹੋਇਆ ਸੀ। ਮੈਨੂੰ ਆਲੇ ਦੁਆਲੇ ਦੀ ਕੋਈ ਖਬਰ ਨਹੀਂ ਸੀ। ਗੀਤ ਕਹਿ ਰਿਹਾ ਸੀ।

ਕੋਈ ਚੱਕਿਆ ਡੋਲਾ ਮੇਰਾ ਖੂਹ ਪਰ ਆਇਆ ਖੂਹ ਪਰ ਆਇਆ,
ਮੇਰਾ ਕੌਂਤ ਤਾਂ ਦੇਖ ਦੇਖ ਰੋਵੇ ਅੜਿਆ।
ਕੋਈ ਤੈਨੂੰ ਤਾਂ ਕੌਂਤਾ ਨਾਰਾਂ ਹੋਰ ਬਥੇਰੀਆਂ ਹੋਰ ਬਥੇਰੀਆਂ,
ਮੇਰੇ ਵੀਰੇ ਦੀ ਭੈਣ ਹੈ ਨਾ ਕੋਈ ਅੜਿਆ।

ਲੱਗਦਾ ਸੀ ਕਿ ਸਾਰਿਆਂ ਨੇ ਨੂੰਹ ਦੀ ਬਲੀ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਰੋਣ ਤੋਂ ਸਿਵਾ ਕੋਈ ਹੋਰ ਬੋਲ ਸਾਂਝਾ ਨਹੀਂ ਸੀ ਹੋ ਰਿਹਾ। ਰਾਜੇ ਵੱਲੋਂ ਕੀਤੇ ਫੈਸਲੇ ਦਾ ਰੱਤ ਭਰ ਵੀ ਵਿਰੋਧ ਨਹੀਂ ਸੀ। ਖੂਹ 'ਚੋਂ ਪਾਣੀ ਆਉਣਾ ਚਾਹੀਦਾ ਹੈ, ਭਾਵੇਂ ਬਲੀ ਦੇਣੀ ਪਵੇ। ਜਿਸ ਖੇਤਰ ਵਿਚ ਇਹ ਗੀਤ ਗਾਇਆ ਜਾ ਰਿਹਾ ਸੀ ਉਥੇ ਪਾਣੀ ਸੌ ਡੇਢ ਸੌ ਫੁੱਟ ਡੂੰਘਾ ਸੀ। ਪਾਣੀ ਲੈਣ ਲਈ ਅਜਿਹੇ ਵਿਸ਼ਵਾਸਾਂ ਨਾਲ, ਭੂਗੋਲਿਕ ਸਥਿਤੀ ਜੋੜ ਰਹੀ ਸੀ। ਉਸੇ ਵਿਸ਼ਵਾਸ ਵਿਚੋਂ ਇਹ ਗੀਤ ਜਨਮ ਲੈ ਰਿਹਾ ਸੀ।

ਕੋਈ ਚੱਕਿਆ ਡੋਲਾ ਮੇਰਾ ਖੂਹ ਵਿਚ ਤਾਰਿਆ,
ਖੂਹ ਵਿਚ ਤਾਰਿਆ,
ਹੁਣ ਪਾਣੀ ਦੀ ਰੇਲ ਛੇਲ ਹੋਈ ਅੜਿਆ।

ਗੀਤ ਸਿਖਰ ਤੇ ਪਹੁੰਚ ਕੇ ਚੁੱਪ ਹੋ ਗਿਆ। ਪਸੀਨੋ ਪਸੀਨ ਹੋਈਆਂ ਨਾਨੀ, ਮਾਮੀ ਤੇ ਭੈਣਾਂ ਨੇ ਪੱਲਿਆਂ ਨਾਲ ਮੂੰਹ ਸਾਫ ਕੀਤੇ ਤੇ ਨਾਲ ਹੀ ਮੂੰਹ ਦੀ ਥਾਂ ਨੂੰਹ ਦੀ ਬਲੀ ਬਾਰੇ ਗਿਲੇ ਸ਼ਿਕਵੇ ਵੀ ਹੁੰਦੇ ਰਹੇ। ਰਾਤ ਬਹੁਤ ਹੋ ਚੁੱਕੀ ਸੀ। ਮਾਮੀ ਨਾਲ ਦੇ ਕਮਰੇ ਵਿਚ ਗਈ ਤੇ ਹੱਸਦੀ ਹੱਸਦੀ ਵਾਪਸ ਪਰਤੀ। ਦੂਜਿਆਂ ਨੇ ਇਸ ਦਾ ਕਾਰਨ ਪੁੱਛਿਆ। ਉਸਨੇ ਕਿਹਾ "ਕੁੜੀ ਕਹਿੰਦੀ ਆ ਭਾਜੀ ਮੈਂ ਵੀ ਗੀਤ ਗਾਉਣੇ ਸੀ।" ਸਾਰੀਆਂ ਹੱਸ ਹੱਸ ਲੋਟ-ਪੋਟ। "ਕੁੜੇ ਪਹਿਲਾਂ ਮੰਜੇ ਤੋਂ ਤਾਂ ਉਠ ਲਾ, ਫੇਰ ਗਾਈ ਜਾਈਂ ਘੋੜੀਆਂ, ਜਿਹੜੀਆਂ ਗਾਉਣੀਆਂ" ਮੈਂ ਵੀ ਹਾਸੇ ਵਿਚ ਉਚੀ ਦੂਜੇ ਕਮਰੇ ਵਿਚ ਕੁੜੀ ਨੂੰ ਸੁਣਾ ਕੇ ਕਿਹਾ "ਕੋਈ ਨਾ ਫਿਰ ਸੁਣਾਂਗੇ ਤੇਰੇ ਕੋਲੋਂ ਕੱਲੀ ਤੋਂ" ਮੇਰੇ ਆਉਣ ਤੇ ਜੋ ਗੰਭੀਰ ਮਾਹੌਲ ਸੀ, ਹੁਣ ਉਹ ਬਿਲਕੁਲ ਹਲਕਾ ਫੁਲਕਾ ਹੋ ਗਿਆ ਸੀ।

ਜਿਉਂ ਜਿਉਂ ਮੈਨੂੰ ਹੋਰ ਸੰਗ੍ਰਹਿ ਪੜ੍ਹਨ ਨੂੰ ਮਿਲੇ। ਉਨ੍ਹਾਂ ਵਿਚ ਇਸ ਗੀਤ ਦੇ ਕਈ ਰੂਪ ਸਨ। ਅੰਮ੍ਰਿਤਾ ਦੇ ਸੰਗ੍ਰਹਿ ਵਿਚ ਇਹ 'ਰੁਲ੍ਹ ਕੁਲ੍ਹ' ਦੇ ਨਾਂ ਹੇਠ ਸੀ, ਜਿਸਦੀ ਭਾਸ਼ਾ ਕਾਂਗੜੀ ਸੀ ਤੇ ਜਿੱਥੇ ਖੂਹ ਦੀ ਥਾਂ ਨਹਿਰ ਸੀ। ਇਵੇਂ ਹੀ ਇਕ ਲੇਖਕ ਦਾ ਨਵੇਂ ਸ਼ਹਿਰ ਤੋਂ ਸੰਗ੍ਰਹਿ ਕੀਤਾ ਇਸਦਾ ਇਕ ਹੋਰ ਪਾਠ ਦੇਖਣ ਨੂੰ ਮਿਲਿਆ। ਪਰ ਉਸ ਵਿਚ ਵੀ ਦੁਖਾਂਤ ਇੰਨਾ ਗਹਿਰਾ ਨਹੀਂ ਸੀ, ਇਸਦਾ ਇਕ ਕਾਰਨ ਇਹ ਵੀ ਹੋ ਸਕਦਾ ਸੀ ਕਿ ਮੈਂ ਇਹ ਗੀਤ ਗਾਇਆ ਸੁਣਿਆ ਸੀ। ਗੀਤ ਹੁੰਦਾ ਹੀ ਗਾਉਣ ਲਈ ਹੈ ਤ ਉਸ ਦਾ ਅਸਰ ਵੀ ਇਸੇ ਰੂਪ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਅਗਲੇ ਦਿਨ ਮੈਂ ਕੁੜੀ ਦੀ ਕੁੜੀ ਨੂੰ ਸ਼ਗਨ ਦੇ ਕੇ ਆਪਣਾ ਥੈਲਾ ਭਰੀ ਵਾਪਸ ਪਰਤ ਆਇਆ। ਪਰ ਜਦੋਂ ਵੀ ਮੈਂ ਇਸ ਗੀਤ ਦੀ ਧੁੰਨ ਗੁਣਗਣਾਉਂਦਾ ਹਾਂ ਤਾਂ ਫਿਰ ਉਸੇ ਪੁਰਾਣੇ ਮਾਹੌਲ ਵਿਚ ਪਹੁੰਚ ਜਾਂਦਾ ਹਾਂ, ਜਦੋਂ ਇਸਨੂੰ ਮੈਂ ਪਹਿਲੀ ਵਾਰ ਸੁਣਿਆ ਸੀ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ. ਜਸਵੰਤ ਰਾਏ
98158 25999

## ਰਾਜਾ ਬਲ

ਇਕ ਰਾਜਾ ਨਲ ਹੋਇਆ। ਜਦੋਂ ਰਾਜਾ ਨਲ ਸਵਰਗ ਸਿਧਾਰ ਗਿਆ ਤਾਂ ਉਹਦੀ ਰਾਣੀ ਉਹਦੇ ਨਾਲ ਸਤੀ ਹੋਣ ਲੱਗੀ ਆ। ਉਸੇ ਵਕਤ ਭਗਵਾਨ ਇਨਸਾਨ ਦਾ ਰੂਪ ਧਾਰ ਕੇ ਆ ਗਏ। ਕਹਿੰਦੇ ਤੂੰ ਸਤੀ ਨਹੀਂ ਹੋ ਸਕਦੀ।

"ਕਿਉਂ...?"

"ਕਿਉਂ ਕਿ ਤੂੰ ਗਰਭਵਤੀ ਏ। ਤੇਰੇ ਬੱਚਾ ਹੋਣ ਵਾਲਾ ਏ। ਤੈਂ ਸਤੀ ਨਹੀਂ ਹੋਣਾ।"

ਸਮਾਂ ਪਾ ਕੇ ਰਾਣੀ ਦੇ ਪੁੱਤ ਪੈਦਾ ਹੋਇਆ। ਰਾਣੀ ਨੇ ਉਸਦਾ ਨਾਂ ਬਲ ਰੱਖਿਆ।

ਰਾਜਾ ਬਲ ਜਿਹੜਾ ਸੀ, ਉਹ ਬਹੁਤ ਦਾਨੀ ਹੋਇਆ। ਰਾਜੇ ਬਲ ਨੇ ਮਕਾਨ ਬਣਾਇਆ ਤੇ ਇਸਦੇ ਚਾਰ ਦਰਵਾਜੇ ਰੱਖੇ। ਜਿਧਰੋਂ ਵੀ ਕਿਸੇ ਭਿਖਾਰੀ ਨੇ ਆਉਣਾ ਉਹ ਉਹਨੂੰ ਉਧਰੋਂ ਦਾਨ ਕਰੀ ਜਾਂਦਾ।

ਇਕ ਵਾਰ ਭਗਵਾਨ ਬੌਣੇ ਸਾਧ ਦਾ ਰੂਪ ਧਾਰ ਕੇ ਆ ਗਏ। ਉਨ੍ਹੀਂ ਇਕ ਦਰਵਾਜ਼ਾ ਮੰਗਿਆ, ਦੂਜੇ ਮੰਗਿਆ, ਤੀਜੇ ਮੰਗਿਆ, ਚੌਥੇ ਮੰਗਿਆ ਤੇ ਕਹਿਣ ਲੱਗੇ ਰਾਜੇ ਬਲ ਨੂੰ, ਭਾਈ ਤੂੰ ਸਾਨੂੰ ਪਛਾਣਿਆ ਨਹੀਂ।

"ਮੈਂ ਤਾਂ ਨਹੀਂ ਜੀ ਪਛਾਣਦਾ। ਦੇਣੇ ਵਾਲਾ ਵੀ ਉਹੀ ਆ ਤੇ ਲੈਣੇ ਵਾਲਾ ਵੀ ਉਹੀ।"

"ਅੱਛਾ...। ਫੇਰ ਤਾਂ ਤੂੰ ਬਹੁਤ ਦਾਨੀ ਏ।"

"ਹਾਂ ਜੀ...।"

"ਜੇ ਤੈਥੋਂ ਕੋਈ ਚੀਜ਼ ਮੰਗੀਏ ਤਾਂ ਦੇ ਦੇਵੇਂਗਾ।"

ਰਾਜਾ ਕਹਿੰਦਾ "ਮੰਗੋ"

ਫੇਰ ਵਚਨ ਦਿਓ।

ਬੌਣੇ ਸਾਧੂ ਨੇ ਵਚਨ ਲੈ ਲਏ। ਕਹਿੰਦਾ, "ਹੇ ਰਾਜਾ, ਮੈਨੂੰ ਢਾਈ ਕਦਮ ਜ਼ਮੀਨ ਦੇ ਦੇ।" ਰਾਜਾ-ਬਲ ਮੁਸਕਰਾਇਆ ਕਹਿੰਦਾ, ਲੈ ਲਓ ਮਹਾਰਾਜ, ਤੁਸੀਂ ਮੰਗਿਆ ਤਾਂ ਕੁਝ ਵੀ ਨਹੀਂ। ਨਾਪ ਲਓ ਢਾਈ ਕਦਮ।

ਬੌਣੇ ਸਾਧ ਨੇ ਇਸ ਤਰ੍ਹਾਂ ਕਦਮ ਭਰੇ ਕਿ ਦੋ ਕਦਮਾਂ ਵਿਚ ਹੀ ਸਾਰੀ ਸ੍ਰਿਸ਼ਟੀ ਮਿਣ ਲਈ।

ਬਲ ਦੇਖੇ ਆਲਾ ਦੁਆਲਾ।

ਕਹਿੰਦੇ ਹੁਣ ਅੱਧਾ ਕਦਮ ਕਿੱਥੇ ਰੱਖੀਏ।

ਰਾਜਾ ਬਲ ਕਹਿਣ ਲੱਗਾ ਕਿ ਜੀ ਅੱਧਾ ਕਦਮ ਮੇਰੇ ਸਿਰ 'ਤੇ ਰੱਖ ਦਿਓ।

ਸਾਧੂ ਨੇ ਅੱਧਾ ਕਦਮ ਰਾਜੇ ਬਲ ਦੇ ਸਿਰ 'ਤੇ ਰੱਖਿਆ ਤੇ ਉਹਨੂੰ ਪਤਾਲ 'ਚ ਧਰਪ ਦਿੱਤਾ। ਜਦੋਂ ਰਾਜਾ ਬਲ ਪਤਾਲਪੁਰ 'ਚ ਚਲਾ ਗਿਆ ਤਾਂ ਉਹਦੀ ਮਾਂ ਕਹਿਣ ਲੱਗੀ_
ਭਲਾ ਹੋਇਆ ਮੈਂ ਸਤੀ ਨਹੀਂ ਹੋਈ,
ਰਾਜਾ ਨਲ ਕੇ ਸਾਥ।
ਰਾਜਾ ਬਲ ਕੇ ਸਾਮਨੇ,
ਕ੍ਰਿਸ਼ਨ ਪਧਾਰੇ ਹਾਥ।

ਮੈਂ ਤਾਂ ਬਹੁਤ ਖੁਸ਼ਕਿਸਮਤ ਹਾਂ। ਕਿਉਂਕਿ ਮੇਰੇ ਪੁੱਤਰ ਦੇ ਸਾਹਮਣੇ ਆ ਕੇ ਕ੍ਰਿਸ਼ਨ ਨੇ ਭੀਖ ਮੰਗੀ ਆ। ਇਸ ਸੰਸਾਰ ਵਿਚ ਬੰਦੇ ਦੀਆਂ ਸਾਰੀਆਂ ਆਸਾਂ ਪੂਰੀਆਂ ਨਹੀਂ ਹੁੰਦੀਆਂ। ਰਾਜਾ ਬਲ ਕਹਿਣ ਲੱਗਾ_
ਮੈਂ ਚਾਹਤਾ ਥਾ, ਇਤਨਾ ਦਾਨ ਕਰ,
ਜਾ ਪਹੁੰਚ ਆਕਾਸ਼।
ਪਰ ਮੇਰੇ ਭਗਵਾਨ ਨੇ
ਤਾਰ ਦੀਆ ਪਤਾਲ।

ਭਗਵਾਨ ਰਾਜੇ ਬਲ ਦੀ ਕੁਰਬਾਨੀ ਤੋਂ ਬਹੁਤ ਖੁਸ਼ ਹੋਏ। ਕਹਿੰਦੇ ਬਈ ਮੰਗ ਲੈ ਜੋ ਮੰਗਣਾ।

ਰਾਜਾ ਬਲ ਕਹਿਣ ਲੱਗਾ ਕਿ ਜੀ ਅੱਗੇ ਤਾਂ ਮੈਂ ਭੰਡਾਰਾ ਕਰਕੇ ਆਪ ਭੋਜਨ ਛਕਾਉਂਦਾ ਹੁੰਦਾ ਸੀ। ਹੁਣ ਮੇਰੇ ਇਹ ਲੋੜਵੰਦਾਂ ਨੂੰ ਭੋਜਨ ਛਕਾਉਣ ਦਾ ਕੰਮ ਤੁਸੀਂ ਕਰਿਓ। ਭਗਵਾਨ ਨੂੰ ਬਲ ਦੀ ਗੱਲ ਮੰਨਣੀ ਪਈ। ਹੁਣ ਚਾਰ ਮਹੀਨੇ ਸ਼ਿਵ, ਚਾਰ ਮਹੀਨੇ ਬ੍ਰਹਮਾ, ਚਾਰ ਮਹੀਨੇ ਵਿਸ਼ਨੂੰ ਰਾਜੇ ਬਲ ਦੇ ਦਰਬਾਰ ਤੇ ਪੈਰ੍ਹਾ ਦੇਣ ਲੱਗੇ ਅਤੇ ਭੰਡਾਰੇ ਦਾ ਸਾਰਾ ਕੰਮ ਇਨੀਂ ਸੰਭਾਲ ਲਿਆ। ਰਾਜੇ ਬਲ ਨੂੰ ਸਿਮਰਨ ਲਈ ਹੋਰ ਸਮਾਂ ਮਿਲ ਗਿਆ।

## ਹਨੂਮਾਨ, ਗੋਰਖ ਤੇ ਮਛੰਦਰ ਦਾ ਜਨਮ

ਗੋਤਮ ਰਿਸ਼ੀ ਨੇ ਅੰਜਣੀ ਨੂੰ ਸਰਾਪ ਦਿੱਤਾ ਸੀ ਕਿ ਤੂੰ ਕੁਆਰੀ ਮਾਂ ਬਣੇਗੀ। ਹੁਣ ਅੰਜਣੀ ਨੇ ਸੋਚਿਆ ਜਦ ਮੈਂ ਵਿਆਹ ਈ ਨੀ ਕਰਾਉਣਾ ਤਾਂ ਮਾਂ ਕਿੱਦਾਂ ਬਣੂੰਗੀ।

ਅੰਜਣੀ ਨੇ ਆ ਕੇ ਇਕ ਮੜ੍ਹੋਲੀ ਬਣਾ ਲਈ। ਉਹਦੇ ਵਿਚ ਗਲੀਆਂ ਰੱਖ ਲਈਆਂ। ਸਾਹ ਆਉਣ ਲਈ। ਮੜ੍ਹੋਲੀ ਵਿਚ ਵੜ ਕੇ ਉਪਰੋਂ ਮੜ੍ਹੋਲੀ ਬੰਦ ਕਰ ਲਈ।

ਕੋਈ ਐਸਾ ਸਮਾਂ ਆਇਆ ਸ਼ਿਵ ਦਾ ਕਾਮ ਚੱਲ ਗਿਆ। ਵਿਸ਼ਨੂੰ ਸਿਗਾ ਕੋਲ। ਵਿਸ਼ਨੂੰ ਕਹਿਣ ਲੱਗਾ-ਮਾਰ੍ਹਾਜ ...। ਆਹ ਨਲਪੀ ਲੈ ਲਓ। ਇਹਦੇ ਵਿਚ ਪਾ ਦਿਓ। ਵਿਬਰਥਾ ਨਾ ਜਾਵੇ।

ਨਲਪੀ ਵਿਚ ਕਾਮ ਪੁਆ ਕੇ ਵਿਸ਼ਨੂੰ ਅੰਜਣੀ ਕੋਲ ਆ ਗਿਆ। ਆ ਕੇ ਉਹਨੂੰ ਕਹਿਣ ਲੱਗਾ, ਤੂੰ ਬਾਹਰ ਨਿਕਲ ਹੁਣ। ਜਿਹਦਾ ਤੂੰ ਨਾਮ ਜੱਪਦੀ ਆਂ ਮੈਂ ਉਹੀ ਆਂ।

ਅੰਜਣੀ ਕਹਿੰਦੀ ਮੈਂ ਬੰਦੇ ਦੇ ਮੱਥੇ ਨੀ ਲੱਗਣਾ।

ਵਿਸ਼ਨੂੰ ਤਰਲੇ ਕਰ ਹਟਿਆ ਪਰ ਉਹ ਨੀ ਮੰਨੀ।

ਅਖੀਰ ਵਿਸ਼ਨੂੰ ਕਹਿਣ ਲੱਗਾ – ਅੱਛਾ ਜੇ ਤੂੰ ਬਾਹਰ ਨਹੀਂ ਆਉਣਾ ਤਾਂ ਕੰਨ ਏਧਰ ਕਰਕੇ ਮੇਰੀ ਗੱਲ ਤਾਂ ਸੁਣ ਸਕਦੀ ਆਂ।

ਜਦੋਂ ਅੰਜਣੀ ਨੇ ਮੜ੍ਹੋਲੀ ਦੀ ਗਲੀ ਵੱਲ ਕੰਨ ਕੀਤਾ ਤਾਂ ਵਿਸ਼ਨੂੰ ਨੇ ਨਲਪੀ ਅੰਜਣੀ ਦੇ ਕੰਨ ਨੂੰ ਲਾਤੀ।

ਗਹਾਂ ਗਿਆ ਤਾਂ ਵਿਸ਼ਨੂੰ ਕਹਿੰਦਾ ਕਿ ਹੁਣ ਇਹਨੂੰ ਨਲਪੀ ਨੂੰ ਮਾਂਜ ਲਈਏ। ਉਥੇ ਗੋਹਾ ਪਿਆ ਸੀ। ਗੋਹੇ ਵਿਚ ਨਲਪੀ ਮਾਂਜ ਲਈ।

ਉਥੋਂ ਘਸਾ ਕੇ ਮਾਂਜ ਕੇ ਵਿਸ਼ਨੂੰ ਗਹਾਂ ਗਿਆ। ਗਹਾਂ ਪਾਣੀ ਸੀ। ਕਹਿੰਦਾ ਚਲੋ ਇਹਨੂੰ ਧੋ ਵੀ ਲਈਏ। ਪਾਣੀ ਵਿਚ ਨਲਪੀ ਧੋ ਲਈ।

ਜਿਹੜੀ ਤਾਂ ਅੰਜਣੀ ਸੀ, ਉਹਨੂੰ ਪੈਦਾ ਹੋਇਆ ਮਹਾਂਵੀਰ ਹਨੂੰਮਾਨ। ਜਦ ਗੋਹੇ ਵਿਚ ਨਲਪੀ ਘਸਾਈ ਸੀ ਤਾਂ ਕੁਝ ਕਿਣਕੇ ਗੋਹੇ ਵਿਚ ਵੀ ਰਲ਼ ਗਏ। ਉਥੋਂ ਪੈਦਾ ਹੋਇਆ ਗੋਰਖ ਨਾਥ। ਜਿਸ ਪਾਣੀ ਵਿਚ ਨਲਪੀ ਧੋਤੀ ਸੀ, ਉਥੇ ਕੋਈ ਕਿਣਕਾ ਰਹਿੰਦਾ ਸੀ ਉਹ ਮੱਛੀ ਨਿਗਲ ਗਈ। ਮੱਛੀ ਦੇ ਪੇਟੋਂ ਫੇਰ ਮਛੰਦਰ ਨਾਥ ਪੈਦਾ ਹੋਇਆ। ਇਸ ਤਰ੍ਹਾਂ ਇਹ ਯੋਧੇ ਪੈਦਾ ਹੋਏ ਆ।

## ਪੁਸਤਕ ਸਮੀਖਿਆ

# ਸੁਖਬੀਰ ਸਿੰਘ ਸੂਹੇ ਅੱਖਰ ਦਾ ਆਪਣੇ ਹਿੱਸੇ ਦਾ ਮੌਨ




ਸੁਖਵੀਰ ਸਿੰਘ ਸੂਹੇ ਅੱਖਰ ਲੰਮੇ ਸਮੇਂ ਤੋਂ ਕਵਿਤਾ ਲਿਖਾ ਰਿਹਾ ਹੈ, ਉਸ ਦੀ ਇਹ ਸਾਧਨਾ 21 ਸਾਲ ਤੋਂ ਚੱਲ ਰਹੀ ਹੈ, ਅਖਬਾਰਾਂ ਅਤੇ ਪੰਜਾਬੀ ਪੱਤਰਕਾਵਾਂ ਵਿਚ ਛਪਦਾ ਵੀ ਰਿਹਾ ਪ੍ਰੰਤੂ ਛਪਣ ਦੀ ਜਿਆਦਾ ਤਾਂਘ ਨਾ ਹੋਣ ਕਾਰਨ ਉਸਨੇ ਆਪਣੀ ਕਵਿਤਾ ਕਿਸੇ ਅਖਬਾਰ ਜਾਂ ਪੱਤਰਕਾਵਾਂ ਨੂੰ ਨਾ ਮਾਤਰ ਹੀ ਭੇਜੀਆਂ ਹਨ। ਫੇਸਬੁੱਕ ਤੇ ਉਸ ਵੱਲੋ ਬਣਾਇਆ ਪੇਜ ਸੂਹੇ ਅੱਖਰ ਪੰਜਾਬੀ ਕਵਿਤਾ ਦਾ ਸਭ ਤੋਂ ਵੱਧ ਪੜਿਆ ਜਾਣ ਵਾਲਾ ਪੇਜ ਹੈ। ਫੇਸਬੁੱਕ ਰਾਹੀਂ ਹੀ ਉਸ ਦੀਆਂ ਕਵਿਤਾਵਾਂ ਨੂੰ ਮਿਲਿਆ ਅਥਾਹ ਪਿਆਰ ਹੀ ਉਸਦੀ ਪੂੰਜੀ ਹੈ। ਉਹ ਫ਼ੱਕਰ ਕਿਸਮ ਦਾ ਇਨਸਾਨ ਹੈ, ਇਹ ਫ਼ਕੀਰੀ ਉਸਦੀਆਂ ਰਚਨਾਵਾਂ ਵਿਚ ਵੀ ਝਲਕਦੀ ਹੈ। ਉਹ ਪਤਾ ਨਹੀਂ ਕਿੰਨੇ ਸਾਲ ਹੋਰ ਕੱਢ ਦਿੰਦਾ ਬਿਨੇ ਛਪਿਆਂ ਜੇ ਉਸਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਸੁਭਚਿੰਤਕ ਉਸਨੂੰ ਪੁਸਤਕ ਛਪਵਾਉਣ ਨੂੰ ਜੋਰ ਨਾ ਪਾਉਂਦੇ। ਹੁਣ ਉਹ ਆਪਣੀ ਕਵਿਤਾ ਦੀ ਪਲੇਠੀ ਪੁਸਤਕ "ਆਪਣੇ ਹਿੱਸੇ ਦਾ ਮੌਨ" ਲੈ ਕੇ ਹਾਜਿਰ ਹੈ। ਕਵੀ ਕਵਿਤਾ ਨੂੰ ਅੰਤਾਂ ਦੀ ਮੁਹੱਬਤ ਕਰਦਾ ਹੈ, ਉਹ ਹਰ ਰਿਸ਼ਤੇ ਨੂੰ ਰੱਜ ਕੇ ਹੰਢਾਉਂਦਾ ਲਗਦਾ ਹੈ, ਹਰ ਰਿਸ਼ਤੇ ਦੀ ਮਰਿਆਦਾ ਤੋਂ ਉਹ ਜਾਣੂ ਹੈ, ਉਸਦੀ ਕਵਿਤਾ ਵਿਚ ਇਸਤਰੀ ਜਾਤੀ ਲਈ ਰੱਜ ਕੇ ਦਿੱਤਾ ਸਤਿਕਾਰ ਸਾਨੂੰ ਸਭ ਨੂੰ ਔਰਤ ਪ੍ਰਤੀ ਸਤਿਕਾਰ ਰੱਖਣ ਲਈ ਪ੍ਰੇਰਦਾ ਹੈ। ਹਰ ਇਸਤਰੀ ਨੂੰ ਆਪਣੀ ਮਾਂ, ਭੈਣ ਜਾਂ ਪੁੱਤਰੀ ਦੇ ਰੂਪ ਵਿਚ ਸੰਬੋਧਨ ਕਰਨਾ ਉਸਦੀ ਸੱਚੀ ਸੁੱਚੀ ਸੋਚ ਦੀ ਗਵਾਹੀ ਭਰਦੀ ਹੈ। ਕਵਿਤਾ "ਤੂੰ ਬਰਨਾਲੇ ਨਾ ਆਵੀਂ" ਵਿਚ ਕਵੀ ਨੇ ਕੁੜੀ ਦੇ ਟੁੱਟੇ ਰਿਸ਼ਤੇ ਉਪਰੰਤ ਸਮਾਜ ਦੀ ਸੌੜੀ ਸੋਚ ਤੇ ਕਟਾਸ਼ ਕੁਝ ਇਸ ਤਰਾਂ ਕੀਤਾ ਹੈ:

ਉਹ ਹੁਣ
ਆਪਣੇ ਭਾਈਆਂ ਦੇ ਘਰ ਰਹਿੰਦੀ ਹੈ
ਉਸ ਦਾ ਆਪਣਾ ਕੋਈ ਘਰ ਨਹੀਂ ਹੈ
ਲੋਕ ਵੀ ਕਹਿੰਦੇ ਹਨ
ਕੁੜੀਆਂ ਦਾ ਕੋਈ ਘਰ ਨਹੀਂ ਹੁੰਦਾ
ਪਰ ਉਹਨਾਂ ਨੂੰ ਤਾਂ ਬਿਲਕੁਲ ਵੀ ਨਹੀ ਪਤਾ
ਕਿੰਨੇ ਅਣਜਾਣ ਲੋਕ ਹਨ
ਕੱਖ ਦੀ ਸਮਝ ਨਹੀਂ ਹੈ
ਕੁੜੀਆਂ ਨੂੰ ਘਰ ਦੀ ਲੋੜ ਨਹੀਂ ਹੁੰਦੀ
ਕੀ ਪ੍ਰਮਾਤਮਾ ਦਾ ਵੀ ਕੋਈ ਘਰ ਹੁੰਦਾ ਹੈ?
ਕੁੜੀਆਂ ਤਾਂ ਜਿਥੇ ਜਾਂਦੀਆਂ ਹਨ
ਉਥੇ ਘਰ ਬਣਨ ਲਗਦੇ ਹਨ

ਫਰੇਜ਼ਰ ਵਗਦਾ ਰਿਹਾ ਵੀ ਕਮਾਲ ਦੀ ਕਵਿਤਾ ਹੈ, ਲੇਖਕ ਦੀ ਸ਼ੈਲੀ ਬਹੁਤ ਸਰਲ ਹੈ, ਉਹ ਕਵਿਤਾ ਤੇ ਪਾਬੰਦੀਆਂ ਨਹੀਂ ਲਗਾਉਂਦਾ। ਉਸਦੇ ਕੋਲ ਅੱਖਰਾਂ ਦਾ ਵਿਸ਼ਾਲ ਸਮੁੰਦਰ ਹੈ, ਜਿਵੇਂ ਜਿਵੇਂ ਉਸਦੇ ਅੰਦਰੋ ਕਵਿਤਾਵਾਂ ਨਿਕਲਦੀਆਂ ਹਨ ਉਹ ਉਸੇ ਤਰਾਂ ਕਾਗਜ ਤੇ ਉਤਾਰ ਲੈਂਦਾ ਹੈ, ਇਹ ਹੀ ਉਸਦੀ ਕਵਿਤਾ ਦੀ ਉਪਲਬਧੀ ਹੈ। ਲੇਖਕ ਆਪਣੀ ਸ਼ੈਲੀ ਤੇ ਡੱਟ ਕੇ ਖੜਦਾ ਹੈ ਤੇ ਕਵਿਤਾ ਨਿਕਲਦੀ ਹੈ:

ਬਹੁਤ ਲੋਕ ਕਵਿਤਾ ਨੂੰ ਆਪਣੇ ਮੇਚ ਦੀ ਕਰ ਰਹੇ ਹਨ
ਤੇ ਉਹ ਇਸ ਨੂੰ ਛੋਟੀ ਕਰਨ ਦੀ ਕੋਸ਼ਿਸ਼ ਕਰਦੇ ਹਨ
ਤੁਸੀਂ ਕੁੱਝ ਵੀ ਕਰਨਾ
ਮੈਂ ਬਰਦਾਸ਼ਤ ਕਰ ਸਕਦਾ ਹਾਂ
ਕਿਸੇ ਸਾਊ ਬੰਦੇ ਦਾ ਅਪਮਾਨ ਨਾ ਕਰਨਾ
ਕਿਸੇ ਔਰਤ ਦਾ ਨਿਰਾਦਰ ਨਾ ਕਰਨਾ
ਕਿਸੇ ਬੱਚੇ ਨੂੰ ਜਲੀਲ ਨਾ ਕਰਨਾ
ਤੇ ਮੈਨੂੰ ਕਦੇ ਵੀ ਦੱਸਣ ਨਾ ਆਉਣਾ
ਕਿ ਕਵਿਤਾ ਕੀ ਹੁੰਦੀ ਹੈ,
ਇਹ ਸਭ ਮੈਂ ਬਰਦਾਸ਼ਤ ਨਹੀਂ ਕਰ ਸਕਦਾ

ਕਵੀ ਦੀਆਂ ਕਵਿਤਾਵਾਂ ਵਿਚ ਕਮਾਲ ਦੀ ਕੀਲਣ ਦੀ ਸਮਰਥਾ ਹੈ, ਜੋ ਹਰ ਇਕ ਦੇ ਦਿਲ ਵਿਚ ਡੂੰਘੇ ਉਤਰ ਜਾਂਦੀਆਂ ਹਨ। ਉਸ ਦੀਆਂ ਕਵਿਤਾਵਾਂ ਨਦੀ ਦੇ ਵਹਿਣ ਦੀ ਤਰਾਂ ਵਹਿੰਦੀਆਂ ਤੁਰੀਆਂ ਜਾਂਦੀਆਂ ਹਨ। ਮੁਹੱਬਤ ਕੀ ਹੁੰਦੀ ਹੈ ਕਵਿਤਾ ਵਿਚ ਕਵੀ ਨੇ ਤਿਆਗ ਨੂੰ ਮੁਹੱਬਤ ਕਿਹਾ ਹੈ, ਕਿਸੇ ਦਾ ਭਲਾ ਕਰਕੇ ਅੱਗੇ ਤੁਰ ਜਾਣ ਨੂੰ ਮੁਹੱਬਤ ਕਿਹਾ ਹੈ, ਕੁਰਬਾਨ ਹੋਣ ਤੋਂ ਬਾਅਦ ਧੰਨਵਾਦ ਦੀ ਉਮੀਦ ਨਾ ਰੱਖਣ ਦਾ ਜਿਗਰਾ ਮੁਹੱਬਤ ਦੱਸਿਆ ਹੈ। ਸੁਖਬੀਰ ਬਹੁਤ ਸਬਰ ਵਾਲਾ ਬੰਦਾ ਹੈ, ਉਸਦੀ ਕਵਿਤਾ "ਦਾ ਗੋਲਡਨ ਸੈਂਡ " ਦਾ ਕੁੱਝ ਹਿੱਸਾ ਇਸਦੀ ਗਵਾਹੀ ਭਰਦਾ ਹੈ:

ਮੈਂ ਸਿਰਫ ਇਹੋ ਚਾਹੁੰਦਾ ਹਾਂ
ਮੈਨੂੰ ਜੋ ਵੀ ਮਨੁੱਖ ਮਿਲੇ, ਹੱਸਦਾ ਮਿਲੇ
ਉਸ ਦੇ ਚਿਹਰੇ ਤੇ ਸਬਰ ਹੋਵੇ
ਹੋਰ ਮੇਰੀ ਕੋਈ ਇੱਛਾ ਨਹੀਂ ਹੈ

ਨਵਦੀਪ ਸਿੰਘ ਮੁੰਡੀ
98880-90038

ਲੇਖਕ ਦਾ ਧਰਮ ਸਮਾਜ ਲਈ ਰਾਹ ਦਸੇਰਾ ਬਣਨਾ ਹੈ, ਸਦੀਆਂ ਤੋਂ ਲੇਖਕ ਦਾ ਸਥਾਨ ਬਹੁੱਤ ਉੱਚਾ ਸੁੱਚਾ ਮੰਨਿਆ ਗਿਆ ਹੈ। ਲੇਖਕਾਂ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਰੁਤਬੇ ਦੇ ਅਨੁਸਾਰ ਸਮਾਜ ਵਿਚ ਆਪਣਾ ਬਣਦਾ ਮਾਨ ਸਨਮਾਨ ਮੁੜ ਹਾਸਿਲ ਕਰਨ ਲਈ ਆਪਣੇ ਫਰਜਾਂ ਨੂੰ ਸਮਝਣ ਤੇ ਸਮਾਜ ਵਿਚ ਫੈਲੀਆਂ ਉਣਤਾਈਆਂ ਨੂੰ ਦੂਰ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਪ੍ਰੰਤੂ ਅੱਜ ਕੱਲ ਬਹੁਤੇ ਲੇਖਕ ਅਪਣੇ ਫਰਜ ਭੁੱਲੀ ਬੈਠੇ ਹਨ ਤੇ ਇਸੇ ਤੋਂ ਦੁਖੀ ਮਨ ਨਾਲ ਸੁਖਵੀਰ ਲਿਖਦਾ ਹੈ:

ਕਵੀ ਦਰਬਾਰਾਂ ਵਿੱਚ ਨਾ ਜਾਣਾਂ
ਉਥੇ ਸਿਰਫ ਕਵਿਤਾ ਪੜੀ ਜਾਂਦੀ ਹੈ
ਸੁਣੀ ਨਹੀਂ ਜਾਂਦੀ
ਜੇ ਜਾਣਾਂ, ਸਿਰਫ ਸੁਣਨ ਜਾਣਾ
ਤੇ ਮਾਣ ਨਾਲ ਭਰ ਜਾਣਾ

ਕਵੀ ਤੇ ਬੁੱਧ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਪ੍ਰਤੀਤ ਹੁੰਦਾ ਹੈ, ਉਹ ਮੌਨ, ਮੋਕਸ਼, ਅਧਿਆਤਮ ਅਤੇ ਸਬਰ ਸੰਤੋਖ ਦੀ ਗੱਲ ਕਰਦਾ ਤੇ ਅਖੀਰ "ਚਲੋ ਬੁੱਧ ਹੁੰਦੇ ਹਾਂ " ਕਵਿਤਾ ਦੀ ਸਿਰਜਨਾ ਕਰਦਾ ਹੈ:

ਕਿਤੇ ਨਾ ਕਿਤੇ ਇੱਕ ਜਗਾ ਹੋਵੇਗੀ
ਜਿੱਥੇ ਧਰਮ ਤੇ ਸਾਇੰਸ ਇੱਕ ਹੋ ਜਾਂਦੇ ਹਨ
ਮਾਂ ਤੇ ਮਹਿਬੂਬ ਇਕ ਹੋ ਜਾਂਦੇ ਹਨ
ਧਿਆਨ ਤੇ ਸੇਵਾ ਇੱਕ ਹੋ ਜਾਂਦੇ ਹਨ
ਮੱਦਦ ਤੇ ਸਿਮਰਨ ਇੱਕ ਹੋ ਜਾਂਦੇ ਹਨ
ਮੈਂ ਸ਼ਾਇਦ ਅਜਿਹੀ ਹੀ ਕਿਸੇ ਜਗਾ ਤੇ ਹਾਂ

ਕਵਿਤਾ "ਇਕ ਫੋਨ ਕਾਲ ਦੇ ਨਾਮ" ਵਿਚ ਕਵੀ ਇਕ ਰੱਜੀ ਰੂਹ ਪ੍ਰਤੀਤ ਹੁੰਦਾ ਹੈ, ਜੋ ਦੁਨਿਆਵੀ ਲਾਲਚ ਤੋਂ ਅਭਿੱਜ ਲੱਗਦੈ। ਇਹ ਅਵਸਥਾ ਵਿਚ ਕੋਈ ਵਿਰਲਾ ਹੀ ਪਹੁੰਚ ਸਕਦਾ। ਸੁਖਬੀਰ ਬਾਕੀ ਕਵੀਆਂ ਨਾਲੋਂ ਕੁਝ ਵੱਖਰਾ ਹੈ, ਜੋ ਇਸ ਦੀ ਖਾਸੀਅਤ ਵੀ ਹੈ।

ਪਰ ਹੁਣ ਮੇਰੇ ਅੰਦਰ
ਇੱਕ ਵੱਖਰਾ ਹੀ ਮਾਹੌਲ ਹੈ
ਸੁੱਚੇ ਰਿਸ਼ਤਿਆਂ ਦੀ ਜਮੀਨ ਤੇ ਹਾਂ ਮੈਂ
ਇਹ ਬੜੀ ਬੰਜ਼ਰ ਜਗਾ ਹੈ
ਇੱਥੇ ਸੁਪਨੇ ਨਹੀਂ ਉਗਦੇ
ਆਸਾਂ ਦੇ ਫੁਲ ਨਹੀਂ ਖਿੜਦੇ
ਤੇ ਸੁੱਚੀ ਮੁਹੱਬਤ ਦੀ ਜਮੀਨ ਉਹ ਜਗਾ ਹੈ
ਜਿੱਥੇ ਖੜ ਕੇ
ਸਾਨੂੰ ਆਪਣੇ ਲਈ ਕੁਝ ਵੀ ਨਹੀਂ ਚਾਹੀਦਾ ਹੁੰਦਾ

ਲੇਖਕ ਦੇ ਮਨ ਵਿਚ ਸਮਾਜ ਵਿਚ ਵਾਪਰ ਰਹੇ ਬੜੇ ਵੱਡੇ ਦੁਖਾਂਤ ਦੀ ਪੀੜਾ ਹੈ, ਉਹ ਸਮਾਜ ਦੇ ਵਰਤਾਰੇ ਤੋ ਦੁੱਖੀ ਹੈ, ਮਹਾਂਪੁਰਖਾਂ ਨੂੰ ਜਨਮ ਦੇਣ ਵਾਲੀ ਔਰਤ ਦਾ ਹੀ ਕਤਲ ਕੁੱਖ ਵਿਚ ਕੀਤਾ ਜਾ ਰਿਹਾ ਹੈ, ਲੇਖਕ ਇਹ ਪੀੜਾ ਆਪਣੀ ਕਵਿਤਾ "ਕੰਜਕਾਂ ਦੇ ਕਤਲ ਦੀ ਕਥਾ" ਵਿਚ ਇਸ ਤਰਾਂ ਬਿਆਨ ਕਰਦਾ ਹੈ:

ਅਸੀਂ ਲਿਖਦੇ ਥੱਕ ਗਏ ਹਾਂ
ਕੰਜਕਾਂ ਦੇ ਕਤਲ ਦੀ ਕਥਾ
ਡੁੱਲਦੀ ਰੱਤ ਦਾ ਸਿਲਸਲਾ
ਮਨੁੱਖਤਾ ਦੇ ਮਰਨ ਦਾ ਹਿਸਾਬ
ਫਿਰ ਵੀ ਮਨੁੱਖ ਦੇ ਕਿਰਦਾਰ ਚੋਂ
ਦਰਿੰਦਗੀ ਨਹੀਂ ਮੁੱਕੀ

ਸੁਖਵੀਰ ਬੜੀ ਸਰਲਤਾ ਨਾਲ ਬਹੁੱਤ ਵੱਡੀ ਗੱਲ ਕਹਿ ਜਾਂਦਾ ਹੈ, ਆਪਣੀ ਕਵਿਤਾ "ਕਵਿਤਾ ਸਮਝਣ ਦੀ ਚੀਜ਼ ਨਹੀਂ ਹੁੰਦੀ" ਵਿਚ ਕਵੀ ਨੇ ਬੜੇ ਨਾਜੁਕ ਖਿਆਲਾਂ ਨੂੰ ਆਪਣੀ ਕਵਿਤਾ ਵਿਚ ਸ਼ਾਮਿਲ ਕੀਤਾ ਹੈ ਤੇ ਉਹ ਲਿਖਦਾ ਹੈ ਕਿ ਕਵਿਤਾ ਕੋਈ ਸਮਝਣ ਦੀ ਚੀਜ ਨਹੀਂ ਹੁੰਦੀ, ਇਹ ਤਾਂ ਸ਼ਬਦਾ ਨੂੰ ਦਿਲ ਦੇ ਧਰਾਤਲ ਤੇ ਮਹਿਸੂਸ ਕਰਨਾ ਹੈ, ਜਿਵੇਂ ਕੋਈ ਮਾਂ ਆਪਣੇ ਨਿੱਕੇ ਜਿਹੇ ਬੱਚੇ ਦਾ ਛੋਟਾ ਜਿਹਾ ਅੱਧ ਖੁੱਲਿਆ ਹੱਥ ਆਪਣੇ ਮੂੰਹ ਤੇ ਰੱਖ ਕੇ ਅੱਖਾਂ ਮੀਚ ਲੈਂਦੀ ਹੈ। ਲੇਖਕ ਪਤਾ ਨਹੀਂ ਕਿੰਨਾ ਗਿਆਨ ਆਪਣੇ ਅੰਦਰ ਸਮੋਈ ਬੈਠਾ ਹੈ ਜੋ ਕਵਿਤਾ ਬਣ ਬਣ ਬਾਹਰ ਨਿਕਲਦਾ ਜਾ ਰਿਹਾ ਹੈ।

ਲੇਖਕ ਨੂੰ ਪੀੜਾ ਹੈ, ਰਿਸ਼ਤੇ ਦੇ ਟੁੱਟ ਜਾਣ ਦੀ, ਇਕ ਖਲਾਅ ਹੈ ਜੀਵਨ ਵਿਚ ਜਿਸਦੀ ਪੀੜਾ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ, ਫਿਰ ਵੀ ਉਹ ਕੋਸ਼ਿਸ਼ ਕਰਦਾ ਤੇ ਕਵਿਤਾ ਸਿਰਜਦਾ ਹੈ:

ਕਿੰਨਾ ਕੁਝ ਟੁੱਟਦਾ ਹੈ
ਸੁਪਨੇ, ਸੱਧਰਾਂ, ਅਰਮਾਨ
ਖੜਕਾ ਕਿਸੇ ਨੂੰ ਨਹੀਂ ਸੁਣਦਾ
ਬੱਸ ਅੱਖਾਂ ਬੰਦ ਕਰਕੇ
ਹਰ ਕੋਈ
ਆਪਣੇ ਹਿੱਸੇ ਦੀ ਪੀੜ ਪੀਂਦਾ ਹੈ
ਜਿਉਣ ਲਈ ਸਿੱਖਣੀ ਪੈਂਦੀ ਹੈ
ਹਜਾਰਾਂ ਤਰਾਂ ਦੇ ਜ਼ਹਿਰ ਨੂੰ
ਅੰਮ੍ਰਿਤ ਬਣਾਉਣ ਦੀ ਕਲਾ

ਪੁਸਤਕ ਦੀ ਆਖਰੀ ਕਵਿਤਾ "ਆਪਣੇ ਹਿੱਸੇ ਦਾ ਮੌਨ" ਤਕਰੀਬਨ 1500 ਲਾਈਨਾਂ ਦੀ ਬਹੁੱਤ ਲੰਬੀ ਬਾਕਮਾਲ ਕਵਿਤਾ ਹੈ। ਵਰਿਆਂ ਬੱਧੀ ਚੁਪ ਤੋਂ ਬਆਦ ਮੌਨ ਦੀ ਅਵਸਥਾ ਵਿਚੋਂ ਲੰਘ ਕੇ ਨਿਕਲੇ ਹਰਫਾਂ ਨੂੰ ਕਾਗਜ ਤੇ ਜਦੋ ਕਵੀ ਉਤਾਰਦਾ ਹੈ ਤਾਂ ਇਹ ਕਵਿਤਾ ਬਣਦੀ ਹੈ। ਇਹ ਸਾਲਾਂ ਬੱਧੀ ਚੁੱਪ ਤੋਂ ਬਾਅਦ ਨਿਕਲੀ ਹੂਕ ਹੈ। ਇਹ ਇਕ ਕਾਵਿਕ ਖੱਤ ਹੈ ਜੋ ਕਵੀ ਆਪਣੀ ਮੁਹੱਬਤ ਦੇ ਨਾਂ ਲਿਖਦਾ ਹੈ ਜੋ ਕਦੇ ਉਸ ਵਲੋਂ ਪੋਸਟ ਨਹੀਂ ਕੀਤਾ ਗਿਆ। ਕਵੀ ਵਲੋਂ ਹਰ ਚੀਜ ਨੂੰ ਹੱਸ ਕੇ ਸਵੀਕਾਰ ਕਰ ਲੈਣ ਦਾ ਨਾਮ ਮੁਹੱਬਤ ਦਸਿਆ ਹੈ, ਬਲਿਦਾਨ ਨੂੰ ਮੁਹੱਬਤ ਮੰਨਿਆ ਹੈ। ਇਹ ਕਵਿਤਾ ਮੌਨ ਟੁਟਣ ਉਪਰੰਤ ਮੁਹੱਬਤ ਦੀ ਗਾਥਾ ਬਿਆਨ ਕਰਦੀ ਹੈ।

ਮੈਂ ਤੇਰੇ ਤੱਕ ਆਇਆ ਸੀ
ਕੁੱਝ ਸ਼ਬਦ ਬੋਲ ਬਣੇ
ਤੂੰ ਚੁੱਪ ਚਾਪ ਸੁਣ ਲਏ
ਤੇ ਫਿਰ ਮੈਂ ਚੁਪ ਚਾਪ ਪਰਤ ਗਿਆ
ਤੇਰੀ ਚੁੱਪ ਆਪਣੇ ਨਾਲ ਲੈ ਕੇ
ਵਰਿਆਂ ਤੱਕ ਇਹ ਚੁੱਪ
ਮੌਨ ਵਿੱਚ ਬਦਲਦੀ ਰਹੀ
ਮੌਨ ਫਿਰ ਮੋਕਸ਼ ਵੱਲ ਤੁਰਨ ਲੱਗਿਆ
ਇਸੇ ਅਧਿਆਤਮ ਦੇ ਰਸਤੇ ਤੇ
ਇਕ ਦਿਨ ਮੌਨ ਟੁਟ ਗਿਆ
ਮੇਰੀਆਂ ਸਾਰੀਆ ਚੁੱਪਾ ਤਿੜਕ ਗਈਆਂ
ਫਿਰ ਇੱਕ ਕਵਿਤਾ ਬਣਨ ਲੱਗੀ
ਆਪਣੇ ਹਿੱਸੇ ਦਾ ਮੌਨ

ਕਵੀ ਆਪਣੀ ਕਵਿਤਾ ਦੇ ਅੰਤ ਵਿਚ ਕਹਿੰਦਾ ਹੈ ਕਿ ਇਹ ਕੁਝ ਕੁ ਸ਼ਬਦ ਨਹੀਂ ਬਿਆਨ ਸਕਦੇ ਮੇਰੇ ਹਿੱਸੇ ਦਾ ਸੱਚ, ਇਹ ਨਹੀਂ ਕਹਿ ਸਕਦੇ ਸਾਡੀ ਮੁਹੱਬਤ ਦੀ ਕਥਾ, ਤੂੰ ਆਪ ਹੀ ਦੱਸ ਮੁੱਠੀ ਭਰ ਤਾਰੇ ਸੂਰਜ ਦੇ ਚਾਨਣ ਦੀ ਕੀ ਗਵਾਹੀ ਦੇਣਗੇ ? ਬਿਲਕੁੱਲ ਏਦਾ ਹੀ ਹੈ, ਮੈਂ ਵੀ ਕੁਝ ਕੁ ਹੀ ਬਿਆਨ ਕਰ ਸਕਿਆਂ ਸੂਹੇ ਅਖੱਰ ਦੀ ਕਵਿਤਾ, ਕਦੇ ਤਾਂ ਉਹ ਪੂਰੇ ਬ੍ਰਮੰਡ ਦੀ ਗੱਲ ਕਰਦਾ ਲੱਗਦੈ ਤੇ ਕਦੇ ਉਹ ਨਿੱਜ ਦੀ ਗੱਲ ਕਰਦਾ ਲੱਗਦੈ, ਵੈਸੇ ਉਸ ਦੀ ਕਵਿਤਾ ਰੂਹ ਦੀਆਂ ਰੂਹ ਨਾਲ ਹੀ ਗੱਲਾਂ ਹਨ, ਰੂਹ ਵਿਚ ਦੇਹ ਕਿਤੇ ਵੀ ਨਹੀਂ ਆਉਂਦੀ। ਲੇਖਕ ਨੂੰ ਆਪਣੀ ਕਵਿਤਾ ਤੇ ਅੰਤਾਂ ਦੀ ਤਸੱਲੀ ਹੈ ਜਿਸ ਕਰਕੇ ਉਸ-ਦੀਆਂ ਕਵਿਤਾਵਾਂ ਵਿਚ ਕਦੇ ਮੈਂ ਵੀ ਦਿਸਣ ਲੱਗ ਜਾਂਦੀ ਹੈ ਪਰ ਇਹ ਮੈਂ ਨਹੀਂ ਉਸਦਾ ਆਤਮ ਵਿਸ਼ਵਾਸ਼ ਹੈ। ਕਵੀ ਦੀ ਸਮੁੱਚੀ ਕਵਿਤਾ ਪਾਕ ਮੁਹੱਬਤ ਦੀ ਗਵਾਹੀ ਭਰਦੀ ਹੈ। ਕਵੀ ਮੁਹੱਬਤ ਖਾਂਦਾ, ਮੁਹੱਬਤ ਪੀਂਦਾ ਤੇ ਮੁਹੱਬਤ ਹੀ ਉਪਜਦਾ ਹੈ। ਸੁਖਬੀਰ ਦੀ ਸਾਰੀ ਕਵਿਤਾ ਖੁੱਲੀ ਕਵਿਤਾ ਹੈ, ਕੋਈ ਬੰਦਿਸ਼ ਨਹੀ। ਬੰਦਿਸ਼ ਵਿਚ ਰਹਿਣ ਵਾਲਾ ਉਹ ਬੰਦਾ ਹੀ ਨਹੀਂ ਉਸ ਦੀ ਦੇਹ, ਆਤਮਾ ਵੇਖੀ ਹੈ ਮੈਂ। ਬਿਲਕੁੱਲ ਸ਼ਾਂਤ ਹੈ, ਸਮੁੰਦਰ ਦੀ ਤਰਾਂ। ਅਤਿਅੰਤ ਸੰਭਾਵਨਾਵਾਂ ਨੇ ਉਸ ਵਿਚ, ਚਾਨਣ ਨਾਲ ਭਰਿਆ ਪਿਆ ਉਹ ਪੂਰਾ ਦਾ ਪੂਰਾ। ਪੰਜਾਬੀ ਸਾਹਿਤ ਪਬਲੀਕੈਸ਼ਨ ਵਲੋ ਛਪੀ ਇਹ ਪੁਸਤਕ ਪ੍ਰੀਤੀ ਸ਼ੈਲੀ ਅਤੇ ਸੁਖਵਿੰਦਰ ਸੁੱਖੀ ਦੇ ਮਾਨ ਵਿਚ ਵਾਧਾ ਕਰੇਗੀ। ਉਮੀਦ ਕਰਾਂਗਾ ਕਿ ਸਮਾਜ ਨੂੰ ਸੇਧ ਦੇਣ ਵਾਲੀਆਂ ਕਵਿਤਾਵਾਂ ਦੀ ਸਿਰਜਨਾ ਸੁਖਬੀਰ ਦੇ ਹੱਥੋਂ ਹੋਰ ਜਿਆਦਾ ਹੋਵੇ ਤਾਂ ਕਿ ਸਮਾਜ ਵਿਚ ਵਾਪਰ ਰਹੀਆਂ ਅਸਭਿਅਕ ਰੁਚੀਆਂ ਤੇ ਕੁੱਝ ਠੱਲ ਪੈ ਸਕੇ। ਆਮੀਨ।

# ਪ੍ਰਧਾਨ ਮੰਤਰੀ ਅਮਰੀਕਾ ਫੇਰੀ ਤੋਂ ਪਹਿਲਾਂ ਅੰਮ੍ਰਿਤਸਰ ਲਈ ਸਿਧੀਆਂ ਫਲਾਈਟਾਂ ਦਾ ਐਲਾਨ ਕਰਨ-ਨਾਪਾ

ਮਿਲਪੀਟਸ (ਕੈਲੀਫੋਰਨੀਆ)- ਅਮਰੀਕਾ ਚ' ਬਹੁਗਿਣਤੀ ਪੰਜਾਬੀ ਭਾਈਚਾਰੇ ਦੀ ਪ੍ਰਮੁੱਖ ਸੰਸਥਾ ਨੋਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਤੰਬਰ ਦੇ ਅਖੀਰ ਹਫਤੇ ਹੋਣ ਵਾਲੀ 'ਕੈਲੀਫੋਰਨੀਆ' ਫੇਰੀ ਤੋਂ ਪਹਿਲਾਂ ਸਾਨਫਰਾਂਸਿਸਕੋ ਤੋਂ ਅੰਮ੍ਰਿਤਸਰ ਵਿਚਾਲੇ ਸਿਧੀ ਉਡਾਣ ਸ਼ੁਰੂ ਕਰਨ ਦੀ ਭਾਰਤ ਸਰਕਾਰ ਤੋਂ ਇਕ ਭਰਵੀਂ ਬੇਨਤੀ ਤੇ ਅਪੀਲ ਕੀਤੀ ਹੈ ।ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਤੇ ਕਾਰਜਕਾਰੀ ਨਿਰਦੇਸ਼ਕ ਸ੍ਰ. ਸਤਨਾਮ ਸਿੰਘ ਚਾਹਲ ਨੇ ਕਿਹਾ ਹੈ ਕਿ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਕਰੀਬ 6 ਲਖ ਤੋਂ ਵੱਧ ਸਿੱਖ ਤੇ ਪੰਜਾਬੀ ਪਿਛਲੇ ਕਈਆਂ ਸਾਲਾਂ ਤੋਂ ਲਗਾਤਾਰ ਸਾਨਫਰਾਂਸਿਸਕੋ ਤੇ ਅੰਮ੍ਰਿਤਸਰ ਵਿਚਾਲੇ ਸਿਧੀ ਉਡਾਣ ਨੂੰ ਸ਼ੁਰੂ ਕਰਨ ਦੀ ਮੰਗ ਕਰਦੇ ਆ ਰਹੇ ਹਨ । ਸਿਧੀ ਉਡਾਣ ਨਾਂ ਹੋਣ ਕਾਰਨ ਪੰਜਾਬੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਹਾਲਾਂਕਿ ਇਸ ਬਾਬਤ ਜੂਲਾਈ ਮਹੀਨੇ ਵਿੱਚ ਕੈਲੀਫੋਰਨੀਆ ਦੇ ਸ਼ਹਿਰ ਸੰਨੀ ਵੇਲ ਵਿੱਚ ਕੌਂਸਲ ਜਨਰਲ ਆਫ ਇੰਡੀਆ 'ਵੈਂਕਟਾਸਨ ਅਸ਼ੋਕ' ਨਾਲ ਹੋਈ ਵਖ ਵਖ ਪ੍ਰਤੀਨਿਧੀਆਂ ਦੀ ਬੈਠਕ ਵਿੱਚ ਭਾਰਤੀ ਸਫਾਰਤਖਾਨੇ ਵਲੋਂ ਭਰੋਸਾ ਦਿੱਤਾ ਗਿਆ ਸੀ ਕਿ ਇਸ ਸੰਬੰਧ ਵਿੱਚ ਇਥੋਂ ਦੇ ਅਧਿਕਾਰੀਆਂ ਨਾਲ ਗੱਲਬਾਤ ਅਖੀਰ ਪੜਾਅ ਵਿਚ ਹੈ, ਜਿਸ ਤੇ ਜਲਦੀ ਫੈਸਲਾ ਹੋਣ ਦੀ ਸੰਭਾਵਨਾ ਹੈ ।ਇਹਨਾਂ ਆਗੂਆਂ ਨੇ ਕਿਹਾ ਕਿ ਸੈਨਫਰਾਂਸਿਕੋ ਤੇ ਅੰਮ੍ਰਿਤਸਰ ਵਿਚਾਲੇ ਸਿਧੀ ਉਡਾਣ ਸ਼ੁਰੂ ਹੋਣ ਨਾਲ ਜਿੱਥੇ 'ਕੈਲੀਫੋਰਨੀਆ' ਵਿੱਚ ਵਸਦੇ ਪੰਜਾਬੀਆਂ ਨੂੰ ਇਸ ਦਾ ਵਡਾ ਫਾਇਦਾ ਤੇ ਸਹੂਲਤ ਮਿਲੇਗੀ ਉਥੇ ਹੀ ਖਾਸ ਤੌਰ ਤੇ ਨਾਲ ਲਗਦੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ 6.5 ਲੱਖ ਤੋਂ ਵੱਧ ਪੰਜਾਬੀਆਂ ਨੂੰ ਵੀ ਇਸ ਦਾ ਸਭਨੋਂ ਵੱਧ ਫਾਇਦਾ ਮਿਲੇਗਾ । ਇਸ ਉਡਾਣ ਦੇ ਸ਼ੁਰੂ ਹੋਣ ਨਾਲ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਵਸਦੇ ਪੰਜਾਬੀਆਂ ਤੋਂ ਇਲਾਵਾ ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਆਉਂਦੇ ਅਮਰੀਕੀ ਸੈਲਾਨੀਆਂ ਨੂੰ ਵੀ ਫਾਇਦਾ ਮਿਲ ਸਕਦਾ ਹੈ। ਸਮੂਹ ਸਿੱਖ ਕੌਮ ਤੇ ਪੰਜਾਬੀਆਂ ਦੀ ਸ਼ਰਧਾ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਮਥਾ ਟੇਕਣ ਆਉਣ ਵਾਲੀਆਂ ਸਾਰੀਆਂ ਸਮੂਚੇ ਅਮਰੀਕਾ ਤੋਂ ਇਲਾਵਾ ਕੈਨੇਡਾ ਦੀਆਂ ਸੰਗਤਾਂ ਨੂੰ ਵਡੀ ਸਹੂਲਤ ਮਿਲਣ ਤੋਂ ਇਲਾਵਾ, ਅਮਰੀਕਾ ਅਤੇ ਪੰਜਾਬ ਦਰਮਿਆਨ ਵਪਾਰ ਨੂੰ ਵੀ ਵੱਡਾ ਹੁਲਾਰਾ ਮਿਲੇਗਾ । ਇਸ


ਸ. ਸਤਨਾਮ ਸਿੰਘ ਚਾਹਲ


ਸ. ਦਲਵਿੰਦਰ ਸਿੰਘ ਧੂਤ

ਸਿਧੀ ਉਡਾਣ ਰਾਹੀਂ ਪੰਜਾਬ ਦੀਆਂ ਪੈਰੀਸ਼ੇਬਲ ਆਇਟਮਸ ਨੂੰ ਘੱਟ ਸਮੇਂ ਵਿੱਚ ਅਮਰੀਕਾ ਭੇਜਿਆ ਜਾ ਸਕਦਾ ਹੈ । ਅੰਮ੍ਰਿਤਸਰ ਦੇ 150 ਕਿਲੋਮੀਟਰ ਦੇ ਘੇਰੇ ਵਿੱਚ ਵਡੀ ਗਿਣਤੀ ਵਿੱਚ ਪੰਜਾਬੀ ਲੋਕੀ ਉਤਰੀ ਅਮਰੀਕਾ ਵਿੱਚ ਵਸਦੇ ਹਨ। ਜੋ ਕਿ ਬਹੁਤੇ ਮਾਝੇ, ਦੁਆਬੇ ਦੇ ਇਲਾਕਿਆਂ ਨਾਲ ਸੰਬੰਧਿਤ ਹਨ। ਇਸ ਦੇ ਨਾਲ ਹੀ ਉਨ੍ਹਾਂ ਅੰਮ੍ਰਿਤਸਰ ਹਵਾਈ ਅੱਡੇ ਤੇ 'ਈ ਵੀਜਾ' ਸਲੂਹਤ ਸ਼ੁਰੂ ਕਰਨ ਦਾ ਵੀ 'ਭਾਰਤ ਸਰਕਾਰ' ਦਾ ਧੰਨਵਾਦ ਕੀਤਾ । ਉਹਨਾਂ ਭਾਰਤ ਸਰਕਾਰ ਤੋਂ ਅੰਮ੍ਰਿਤਸਰ ਦੇ 'ਸ਼੍ਰੀ ਗੁਰੂ ਰਾਮਦਾਸ ਜੀ ਅੰਤਰਾਸ਼ਟਰੀ ਏਅਰਪੋਰਟ' ਨੂੰ 'ਇੰਟਰਨੈਸ਼ਨਲ ਹਬ' ਵਜੋਂ ਵਿਕਸਤ ਕਰਨ ਦੀ ਢੁਕਵੀ ਮੰਗ ਵੀ ਕੀਤੀ, ਕਿਉ ਜੋ ਨਵੀਂ ਦਿੱਲੀ ਤੋਂ ਪੱਛਮੀ, ਯੂਰਪੀਅਨ ਅਤੇ ਮਧ ਏਸ਼ੀਆਈ ਦੇਸ਼ਾਂ ਨੂੰ ਆਉਣ ਜਾਣ ਵਾਲੀਆਂ ਸਾਰੀਆਂ ਉਡਾਣਾਂ 45 ਮਿੰਟ ਪਹਿਲਾਂ 'ਅੰਮ੍ਰਿਤਸਰ' ਦੇ ਉਪਰੋਂ ਹੋ ਕੇ ਹੀ ਲੰਘਦੀਆਂ ਹਨ । ਅੰਮ੍ਰਿਤਸਰ ਦੇ 'ਅੰਤਰਾਸ਼ਟਰੀ ਹਬ' ਬਣਨ ਨਾਲ ਸਾਰੇ ਹੀ ਪੰਜਾਬੀਆਂ ਨੂੰ ਇਸ ਦਾ ਵਡਾ ਫਾਇਦਾ ਮਿਲੇਗਾ। ਉਹਨਾਂ ਨੂੰ ਦਿੱਲੀ ਵਿੱਚ ਹੁੰਦੀ ਖੱਜਲ ਖੁਆਰੀ ਤੋਂ ਇਲਾਵਾ ਸਮੇਂ ਦੀ ਵੀ ਬੱਚਤ ਹੋਵੇਗੀ ।ਨਾਪਾ ਆਗੂਆਂ ਨੇ ਦਸਿਆ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਇਟਲੀ ਵਰਗੇ ਦੇਸ਼ਾਂ ਤੋਂ ਦਿੱਲੀ ਤੱਕ ਆਉਣ ਵਾਲੀ ਉਡਾਣਾਂ ਦੇ ਬਹੁਤੇ ਮੁਸਾਫਿਰ ਪੰਜਾਬੀ ਹੁੰਦੇ ਹਨ। ਜਿਨ੍ਹਾਂ ਨੂੰ ਅੰਮ੍ਰਿਤਸਰ ਲਈ ਆਪਣੀ ਉਡਾਣ ਲੈਣ ਲਈ 10-10 ਘੰਟਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ।


ਅੰਮ੍ਰਿਤਸਰ ਹਵਾਈ ਅੱਡੇ ਦੇ 'ਅੰਤਰਾਸ਼ਟਰੀ ਹਬ' ਬਣਨ ਨਾ ਅੰਮ੍ਰਿਤਸਰ ਤੋਂ ਸਿੱਧੀਆਂ ਫਲਾਇਟਾਂ ਸ਼ੁਰੂ ਹੋ ਸਕਣਗੀਆਂ ਤੇ ਲੋਕਾਂ ਨੂੰ 'ਦਿੱਲੀ' ਜਾ ਹੋਰਨਾਂ ਹਵਾਈ ਅੱਡਿਆਂ ਤੋਂ ਆਪਣੀ ਅਗਲੀ ਉਡਾਣਾਂ ਲੈਣ ਲਈ ਬਹੁਤਾ ਖਜ਼ਲ ਖੁਆਰ ਜਾ ਇੰਤਜ਼ਾਰ ਨਹੀਂ ਕਰਨਾ ਪਵੇਗਾ । ਉਹਨਾਂ ਨੇ ਭਾਰਤ ਦੀ ਕੇਂਦਰ ਸਰਕਾਰ ਨੂੰ ਅਮਰੀਕਾ, ਕੈਨੇਡਾ ਵਿੱਚ ਵਸਦੀ ਸਮੁੱਚੀ ਸਿੱਖ ਕੌਮ ਤੇ ਪੰਜਾਬੀਆਂ ਨੂੰ ਅੰਮ੍ਰਿਤਸਰ ਨੂੰ ਸਿਧੀ ਉਡਾਣ ਨਾਂ ਹੋਣ ਕਾਰਨ ਆ ਰਹੀਆਂ ਭਾਰੀ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਅਤੇ ਨਾਲ ਹੀ ਇਸ ਗੱਲ ਤੇ ਵੀ ਜੋਰ ਦਿੱਤਾ ਕਿ ਉਹ ਦੁਨੀਆ ਭਰ ਦੇ ਸਿੱਖਾਂ ਦੇ ਮੁਢ ਅਤੇ ਪੰਜਾਬੀਆਂ ਦੀ ਆਸਥਾ ਦੇ ਕੇਂਦਰ ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਦੇ 'ਸ਼੍ਰੀ ਗੁਰੂ ਰਾਮਦਾਸ ਜੀ ਅੰਤਰਾਸ਼ਟਰੀ ਏਅਰਪੋਰਟ' ਦੇ ਹੋਰ ਵਿਕਸਿਤ ਕਰਨ ਦੀ ਲੋੜ ਤੇ ਵੀ ਜੋਰ ਦਿੱਤਾ ।

ਉਹਨਾਂ ਸੈਨਫਰਾਂਸਿਕੋ-ਅੰਮ੍ਰਿਤਸਰ ਵਿਚਾਲੇ ਸਿਧੀ ਉਡਾਣ ਸ਼ੁਰੂ ਕਰਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ, ਵਿਤ ਮੰਤਰੀ ਸ਼੍ਰੀ ਅਰੁਣ ਜੇਤਲੀ ਅਤੇ ਵਿਦੇਸ਼ ਮੰਤਰੀ ਸ਼੍ਰੀਮਤੀ ਸੁਸ਼ਮਾ ਸਵਰਾਜ ਨੂੰ ਜਲਦ ਤੋਂ ਜਲਦ ਕਦਮ ਚੁੱਕਣ ਦੀ ਅਪੀਲ ਕੀਤੀ ਤਾਂ ਜੋ ਪੰਜਾਬੀਆਂ ਨੂੰ ਬਹੁਤਾ ਖਜ਼ਲ ਖੁਆਰ ਨਾ ਹੋਣਾ ਪਵੇ ।

# ਪਰਦੀਪ ਸਿੰਘ ਨਾਪਾ ਦੇ ਪੰਜਾਬ ਲਈ ਮੀਡੀਆ ਇੰਚਾਰਜ ਨਿਯੁਕਤ -ਧੂਤ

ਜਲੰਧਰ- ਪਰਵਾਸੀ ਪੰਜਾਬੀਆਂ ਦੀ ਭਲਾਈ ਲਈ ਪਿਛਲੇ ਕਾਫੀ ਲੰਬੇ ਤੋਂ ਕੰਮ ਕਰਦੇ ਆ ਰਹੇ ਪਤਰਕਾਰ ਸ: ਪਰਦੀਪ ਸਿੰਘ ਨੂੰ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁਖ ਰਖਦਿਆਂ ਨੌਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਨੇ ਪੰਜਾਬ ਲਈ ਆਪਣਾ ਮੀਡੀਆ ਇੰਚਾਰਜ ਨਿਯੁਕਤ ਕੀਤਾ ਹੈ। ਨਾਪਾ ਦੇ ਹੈਡ ਆਫਿਸ ਕੈਲੀਫੋਰਨੀਆ ਤੋਂ ਜਾਰੀ ਕੀਤੇ ਗਏ ਇਕ ਪਰੈਸ ਬਿਆਨ ਰਾਹੀਂ ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਦਸਿਆ ਕਿ ਸ: ਪਰਦੀਪ ਸਿੰਘ ਮੀਡੀਆ ਇੰਚਾਰਜ ਹੋਣ ਦੇ ਨਾਲ ਨਾਲ ਨਾਪਾ ਦੇ ਪੰਜਾਬ ਆਫਿਸ ਦਾ ਕੰਮ ਕਾਰ ਵੀ ਸੰਭਾਲਣਗੇ। ਸ: ਧੂਤ ਨੇ ਦਸਿਆ ਕਿ ਇਸ ਤੋਂ ਪਹਿਲਾਂ ਨਾਪਾ ਦੇ ਪੰਜਾਬ ਆਫਿਸ ਦਾ ਕੰਮ ਕਾਰ ਸ: ਨਵਦੀਪ ਸਿੰਘ ਸੰਭਾਲਿਆ ਕਰਦੇ ਸਨ ਲੇਕਿਨ ਉਹਨਾਂ ਨੇ ਆਪਣੀਆਂ ਕੁਝ ਮਜਬੂਰੀਆਂ ਕਰਕੇ ਅਗੇ ਤੋਂ ਇਹ ਸੇਵਾ ਜਾਰੀ ਰਖਣ ਤੋਂ ਅਸਮਰਥਾ ਪਰਗਟਾਈ ਹੈ।





# ਉਦੋਂ ਗਰੀਬੀ ਤੇ ਰੋਈ ਸੀ

## ਅੱਜ ਪੈਸਾ ਹੈ ਪਰ ਵਕਤ ਨਹੀਂ



ਬੇਸ਼ੱਕ ਅੱਜ ਉਹ ਕਾਮੇਡੀ ਕੁਈਨ ਹੈ, ਇਸ ਕਲਾ ਵਿਚ ਉਹਨਾਂ ਦਾ ਪੂਰਾ ਰਾਜ ਹੈ ਪਰ ਸੱਤ ਸਾਲ ਪਹਿਲਾਂ ਉਹਨਾਂ ਦੀ ਮਾਂ ਨੇ ਸੋਨੇ ਦੀਆਂ ਵਾਲੀਆਂ ਵੇਚ ਕੇ ਉਹਨਾਂ ਦੇ ਲਈ ਮੁੰਬਈ ਦਾ ਟਿਕਟ ਖਰੀਦਿਆ ਸੀ। ਸ਼ਾਇਦ ਇਹੀ ਕਾਰਨ ਹੈ ਕਿ ਆਪਣੇ ਖੁੱਲ੍ਹੇ ਅੰਦਾਜ਼ ਅਤੇ ਕਾਮਿਕ ਟਾਈਮਿੰਗ ਨਾਲ ਦਰਸ਼ਕਾਂ ਨੂੰ ਹਸਾਉਣ ਵਾਲੀ ਭਾਰਤੀ ਰੀਅਲ ਲਾਈਫ ਵਿਚ ਬਹੁਤ ਇਮੋਸ਼ਨਲ ਹੈ। ਉਹ ਕਹਿੰਦੀ ਹੈ ਕਿ ਮੇਰੀ ਜ਼ਿੰਦਗੀ ਸਿੰਡ੍ਰੈਲਾ ਵਾਂਗ ਬਦਲ ਗਈ ਹੈ। ਸਾਨੂੰ ਜਦੋਂ ਜ਼ਰੂਰਤ ਸੀ, ਉਦੋਂ ਕਿਸੇ ਨੇ ਸਾਡੀ ਮਦਦ ਨਹੀਂ ਕੀਤੀ ਪਰ ਮੈਂ ਦੋਵੇਂ ਹੱਥਾਂ ਨਾਲ ਲੋਕਾਂ ਦੀ ਮਦਦ ਕਰਨਾ ਚਾਹੁੰਦੀ ਹਾਂ।

**ਮਾਂ ਛੋਟੀ ਜਿਹੀ ਗੱਲ ਤੇ ਖੁਸ਼ ਹੋ ਜਾਂਦੀ ਹੈ**

ਮੈਂ ਇਸ ਗੱਲ ਦਾ ਜ਼ਿਕਰ ਕਈ ਵਾਰ ਕੀਤਾ ਹੈ ਕਿ ਮੇਰੀ ਮਾਂ ਨੂੰ ਜੇਕਰ ਬਾਜ਼ਾਰ ਵਿਚ ਟਮਾਟਰਾਂ ਦੇ ਨਾਲ ਧਣੀਆ ਮੁਫਤ ਮਿਲ ਜਾਵੇ ਤਾਂ ਉਹ ਬਹੁਤ ਖੁਸ਼ ਹੋ ਜਾਂਦੀ ਹੈ। ਮੈਂ ਉਹਨਾਂ ਨੂੰ ਹਮੇਸ਼ਾ ਇਸੇ ਤਰ੍ਹਾਂ ਖੁਸ਼ ਰੱਖਣਾ ਚਾਹੁੰਦੀ ਹਾਂ। ਦੋ ਸਾਲ ਦੀ ਸੀ, ਜਦੋਂ ਮੇਰੇ ਪਾਪਾ ਗੁਜ਼ਰ ਗਏ। ਮੇਰੀਆਂ ਭੈਣਾਂ ਨੇ ਪੜ੍ਹਾਈ ਛੱਡ ਦਿੱਤੀ ਤਾਂ ਜੋ ਮੈਂ ਕਾਲਜ ਵਿਚ ਪੜ੍ਹ ਸਕਾਂ। ਮੈਂ ਉਹਨਾਂ ਨੂੰ ਦੁਨੀਆਂ ਦੀ ਹਰ ਖੁਸ਼ੀ ਦੇਣਾ ਚਾਹੁੰਦੀ ਸੀ। ਮੈਂ ਉਹਨਾਂ ਦੇ ਲਈ ਬਹੁਤ ਕੁਝ ਕਰਨਾ ਚਾਹੁੰਦੀ ਹਾਂ। ਜਦੋਂ ਮੁੰਬਈ ਆਉਣਾ ਸੀ ਤਾਂ ਮੇਰੇ ਕੋਲ ਪੈਸੇ ਨਹੀਂ ਸਨ। ਮਾਂ ਦੇ ਕੰਨਾਂ ਦੀਆਂ ਸੋਨੇ ਦੀਆਂ ਵਾਲੀਆਂ ਵੇਚ ਕੇ ਅਸੀਂ ਮੁੰ-ਬਈ ਆਏ ਸੀ। ਅੱਜ ਵਕਤ ਅਜਿਹਾ ਬਦਲਿਆ ਹੈ ਕਿ ਮੰਮੀ ਦੇ ਕੋਲ ਇੰਨੀਆਂ ਅੰਗੂਠੀਆਂ ਹਨ ਕਿ ਉਹਨਾਂ ਨੂੰ ਸਮਝ ਨਹੀਂ ਆਉਂਦੀ ਕਿਹੜੀ ਪਾਵਾਂ।

**ਡੀ. ਐਸ. ਪੀ. ਦੀ ਲੜਕੀ ਦੀ ਰਾਈਫਲ ਦੇਖ ਕੇ ਬਹੁਤ ਰੋਈ ਸੀ**

ਮੈਨੂੰ ਬਚਪਨ ਵਿਚ ਸ਼ੂਟਿੰਗ ਦਾ ਸ਼ੌਕ ਸੀ। ਮੈਂ ਕਾਫੀ ਮੈਡਲ ਵੀ ਜਿੱਤੇ ਹਨ। ਉਸ ਵਕਤ ਮੇਰੇ ਨਾਲ ਇਕ ਡੀ. ਐਸ. ਪੀ. ਦੀ ਲੜਕੀ ਪੜ੍ਹਦੀ ਸੀ। ਉਸਨੇ ਜਦੋਂ ਆਪਣੀ ਰਾਈਫਲ ਖਰੀਦੀ ਤਾਂ ਮੈਂ ਬਹੁਤ ਰੋਈ। ਮੈਨੂੰ ਲੱਗਿਆ ਕਿ ਮੈਂ ਕਿਉਂ ਗਰੀਬ ਘਰ ਵਿਚ ਪੈਦਾ ਹੋਈ ਹਾਂ। ਸਾਢੇ ਚਾਰ ਲੱਖ ਦੀ ਗੰਨ ਸੀ ਉਹ।

ਮੰਮੀ ਨੇ ਜਦੋਂ ਸੁਣਿਆ ਤਾ ਕਹਿਣ ਲੱਗੀ ਕਿ ਇੰਨੇ ਵਿਚ ਤਾਂ ਦੋ ਲੜਕੀਆਂ ਦਾ ਵਿਆਹ ਹੋ ਜਾਵੇ। ਅੱਜ ਮੈਂ ਉਸ ਵਰਗੀਆਂ ਕਈ ਗੰਨਾਂ ਖਰੀਦ ਸਕਦੀ ਹਾਂ ਪਰ ਟਾਈਮ ਨਹੀਂ ਹੈ। ਹਾਲਾਂਕਿ ਮੇਰੇ ਡਾਇਰੈਕਟਰ ਨੇ ਕਿਹਾ ਹੈ ਕਿ ਇਸ ਵਾਰ ਮੇਰੇ ਬਰਥ ਡੇਅ ਤੇ ਉਹ ਮੈਨੂੰ ਰਾਈਫਲ ਸ਼ੂਟਿੰਗ ਕਲੱਬ ਦੀ ਮੈਂਬਰਸ਼ਿਪ ਦਿਵਾਉਣਗੇ। ਫਿਰ ਮੈਂ ਨੈਸ਼ਨਲ ਚੈਂਪੀਅਨਸ਼ਿਪ ਵਿਚ ਭਾਗ ਲਵਾਂਗੀ।

**ਮੇਰੀ ਜ਼ਿੰਦਗੀ ਕਹਾਣੀਆਂ ਵਾਲੀ ਸਿੰਡਰੈਲਾ ਵਾਂਗ ਬਦਲ ਗਈ**

ਕਾਮੇਡੀ ਦੇ ਨਾਲ ਜਦੋਂ ਮੈਂ 'ਝਲਕ' ਕੀਤਾ ਤਾਂ ਮੇਰੀ ਲਾਈਫ ਹੀ ਬਦਲ ਗਈ। ਕਾਨਫੀਡੈਂਸ ਵੱਧ ਗਿਆ ਸੀ। ਅਸੀਂ ਪੰਜਾਬੀ ਤਾਂ ਅਜਿਹੇ ਹੀ ਹੁੰਦੇ ਹਾਂ ਕਿ ਬਰਾਤ ਗਲੀ ਵਿਚੋਂ ਲੰਘੇ ਤਾਂ ਬੈਂਡ ਵਾਜੇ ਦੀ ਆਵਾਜ਼ ਸੁਣ ਕੇ ਘਰ ਵਿਚ ਹੀ ਨੱਚਣ ਲੱਗਦੇ ਹਾਂ।

ਅੱਜ ਵੀ ਮੈਂ ਖੂਬ ਨੱਚਦੀ ਹਾਂ। ਜਦੋਂ ਮੈਂ ਇਸ਼ਕ ਕੀਤਾ ਤਾਂ ਉਸ ਵਕਤ ਮੈਂ ਆਪਣੀ ਦੂਜੀ ਗੱਡੀ ਆਡੀ ਖਰੀਦੀ ਸੀ। ਇਸ ਵਕਤ ਮੈਂ ਕਾਮੇਡੀ ਨਾਈਟ ਬਚਾਓ ਕਰ ਰਹੀ ਹਾਂ ਅਤੇ ਮੈਂ ਹੁਣ ਮਰਸੀਡੀਜ਼ ਖਰੀਦੀ ਹੈ। ਇਹ ਮੇਰੀ ਤੀਜੀ ਗੱਡੀ ਹੈ। ਸਭ ਤੋਂ ਪਹਿਲਾਂ ਮੈਂ ਮੁੰਬਈ ਵਿਚ ਸਵਿਫਟ ਖਰੀਦੀ ਸੀ। ਉਦੋਂ ਤਾਂ ਮੈਨੂੰ ਲੱਗਦਾ ਹੈ ਕਿ ਮੇਰੀ ਜ਼ਿੰਦਗੀ ਕਹਾਣੀਆਂ ਵਾਲੀ ਸਿੰਡਰੈਲਾ ਵਾਂਗ ਬਦਲ ਗਈ ਹੈ।

**ਮੈਂ ਤਾਂ ਪੈਦਾ ਹੀ 80 ਕਿਲੋ ਦੀ ਹੋਈ ਸੀ**

ਸਟੈਂਡਅਪ ਕਾਮੇਡੀਅਨ ਭਾਰਤੀ ਆਪਣੇ ਵਿਆਹ ਨੂੰ ਲੈ ਕੇ ਉਡ ਰਹੀਆਂ ਅਫਵਾਹਾਂ 'ਤੇ ਕਹਿੰਦੀ ਹੈ ਕਿ ਜੇਕਰ ਮੈਂ ਵਿਆਹ ਕਰਾਂਗੀ ਤਾਂ ਲੁਕੋਵਾਂਗੀ ਨਹੀਂ? ਜਿੱਥੋਂ ਤੱਕ ਸਵਾਲ ਮੇਰੀ ਮੰਗਣੀ ਦੀਆਂ ਅਫਵਾਹਾਂ ਦਾ ਹੈ, ਉਹ ਬਿਲਕੁਲ ਗਲਤ ਹਨ। ਬੁਆਏ ਫਰੈਂਡ ਬਣਾਉਣਾ ਜਾਂ ਵਿਆਹ ਕਰਨਾ ਕੋਈ ਜੁਰਮ ਨਹੀਂ ਹ। ਮੈਂ ਬਹੁਤ ਬਿੰਦਾਸ ਹਾਂ ਅਤੇ ਜਦੋਂ ਵੀ ਅਜਿਹਾ ਕੁਝ ਹੋਵੇਗਾ ਤਾਂ ਸਭ ਨੂੰ ਪਤਾ ਲੱਗ ਜਾਵੇਗਾ।

ਦੁਨੀਆਂ ਵਿਚ ਆਈ ਹਾਂ ਤਾਂ ਵਿਆਹ ਕਰਾਂਗੀ, ਬੱਚੇ ਪੈਦਾ ਕਰਾਂਗੀ ਅਤੇ ਬਹੁਤ ਚੰਗੀ ਹਾਉਸ ਵਾਈਫ ਵੀ ਬਣਾਂਗੀ। ਮੈਂ ਵਿਆਹ ਚੋਰੀ ਜਿਹੇ ਨਹੀਂ ਬਲਕਿ ਆਲੀਸ਼ਾਨ ਤਰੀਕੇ ਨਾਲ ਕਰਵਾਂਗੀ ਕਿਉਂਕਿ ਇਹ ਇਹ ਇਕ ਵਾਰ ਹੁੰਦਾ ਹੈ। ਲੋਕਾਂ ਨੂੰ ਬੇਸ਼ੱਕ ਹੀ ਮੇਰੇ ਵਜ਼ਨ ਤੋਂ ਤਕਲੀਫ ਹੋਵੇ ਪਰ ਮੈਂ ਬਹੁਤ ਖੁਸ਼ ਹਾਂ। ਮੇਰਾ ਵਜਨ ਹਮੇਸ਼ਾ 80 ਤੋਂ 85 ਕਿਲੋ ਰਹਿੰਦਾ ਹੈ। ਮੈਨੂੰ ਲੱਗਦਾ ਹੈ ਕਿ ਮੈਂ ਪੈਦਾ ਹੀ ਇਸੇ ਵਜਨ ਦੇ ਨਾਲ ਹੋਈ ਸੀ।

ਮੈਂ ਕਦੀ ਵਜਨ ਘੱਟ ਕਰਨ ਦੇ ਬਾਰੇ ਸੋਚਿਆ ਵੀ ਨਹੀਂ। ਮੈਂ ਖਾਣ ਦੀ ਬਹੁਤ ਸ਼ੌਕੀਨ ਹਾਂ। ਪਹਿਲਾਂ ਮੰਮੀ ਬੋਲਦੀ ਸੀ, ਵੇਟ ਘੱਟ ਕਰ, ਤੇਰਾ ਵਿਆਹ ਕਰਨਾ ਹੈ, ਹੁਣ ਤਾਂ ਉਹਨਾਂ ਨੇ ਵੀ ਬੋਲਣਾ ਛੱਡ ਦਿੱਤਾ ਹੈ। ਮੈਨੂੰ ਤਾਂ ਲੱਗਦਾ ਹੈ ਕਿ ਪ੍ਰਮਾਤਮਾ ਨੇ ਮੇਰੇ ਮੋਟਾਪੇ ਦੇ ਲਈ ਹੀ ਕਿਰਪਾ ਕੀਤੀ ਹੈ। ਮੈਂ ਤਾਂ ਇਹ ਸੋਚ ਕੇ ਪ੍ਰੇਸ਼ਾਨ ਹਾਂ ਕਿ ਜਦੋਂ ਮੇਰੇ ਵਰਗੀ ਮੋਟੀ ਲੜਕੀ ਦੇ ਇੰਨੇ ਅਫੇਅਰ ਲੋਕ ਚਲਵਾ ਦਿੰਦੇ ਹਨ ਤਾਂ ਵਿਚਾਰੀ ਪਤਲੀਆਂ ਲੜਕੀਆਂ ਦਾ ਕੀ ਹਾਲ ਹੁੰਦਾ ਹੋਵੇਗਾ।

# ਸਾਬਕਾ ਪਾਕਿ ਖਿਡਾਰੀ ਦੀ ਪਹਿਲੀ ਪਤਨੀ 'ਤੇ ਲੱਗਾ ਇਹ ਦੋਸ਼

ਲੰਡਨ- ਸਾਬਕਾ ਪਾਕਿਸਤਾਨੀ ਕ੍ਰਿਕਟਰ ਤੇ ਆਗੂ ਇਮਰਾਨ ਖਾਨ ਦੀ ਪਹਿਲੀ ਪਤਨੀ ਜੇਮਾਇਮਾ ਗੋਲਡਸਮਿਥ 'ਤੇ ਇਮਰਾਨ ਦੀ ਵਿਆਹੁਤਾ ਜ਼ਿੰਦਗੀ ਬਰਬਾਦ ਕਰਨ ਦੇ ਦੋਸ਼ ਲਗਾਏ ਜਾ ਰਹੇ ਹਨ। ਜੇਮਾਇਮਾ 2004 'ਚ ਇਮਰਾਨ ਤੋਂ ਵੱਖ ਹੋ ਚੁੱਕੀ ਹੈ ਤੇ ਹੁਣ ਦੋਵਾਂ ਵਿਚਾਲੇ ਕੋਈ ਰਿਸ਼ਤਾ ਨਹੀਂ ਹੈ।

ਇਕ ਬ੍ਰਿਟਿਸ਼ ਅਖਬਾਰ ਮੁਤਾਬਕ ਇਸ ਪਾਕਿਸਤਾਨੀ ਕ੍ਰਿਕਟਰ ਦੀ ਪਤਨੀ ਰੇਹਾਮ ਦੀ ਇਕ ਰਿਸ਼ਤੇਦਾਰ ਨੇ ਦਾਅਵਾ ਕੀਤਾ ਹੈ ਕਿ ਜੇਮਾਇਮਾ ਇਮਰਾਨ ਦੀ ਵਿਆਹੁਤਾ ਜ਼ਿੰਦਗੀ ਨੂੰ ਬਰਬਾਦ ਕਰਨਾ ਚਾਹੁੰਦੀ ਹੈ।

ਉਸ ਨੇ ਕਿਹਾ ਕਿ ਰੇਹਾਮ ਨੂੰ ਬਦਨਾਮ ਕਰਨ ਪਿੱਛੇ ਜੇਮਾਇਮਾ ਦਾ ਹੀ ਹੱਥ ਹੈ। ਸ਼ਾਤ ਦੀ ਵਜ੍ਹਾ ਤੋਂ ਉਹ ਇਮਰਾਨ ਦੀ ਖੁਸ਼ਹਾਲ ਜ਼ਿੰਦਗੀ ਨੂੰ ਕਾਮਯਾਬ ਹੁੰਦੇ ਨਹੀਂ ਦੇਖ ਨਹੀਂ ਪਾ ਰਹੀ। ਜ਼ਿਕਰਯੋਗ ਹੈ ਕਿ 2004 'ਚ ਇਮਰਾਨ ਨੇ ਜੇਮਾਇਮਾ ਤੋਂ ਵੱਖ ਹੋਣ ਮਗਰੋਂ



ਬੀ.ਬੀ.ਸੀ. ਦੀ ਸਾਬਕਾ ਪ੍ਰੇਜ਼ੈਂਟਰ ਰੇਹਾਮ ਖਾਨ ਨਾਲ ਵਿਆਹ ਕਰ ਲਿਆ ਸੀ।

# ਭਾਰਤੀ ਔਰਤ ਹਾਕੀ ਟੀਮ ਨੇ ਉਲੰਪਿਕ ਲਈ ਕੁਆਲੀਫਾਈ ਕੀਤਾ

ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਤੇ ਖੁਸ਼ੀ ਦੀ ਖਬਰ ਇਹ ਆਈ ਕਿ ਭਾਰਤੀ ਔਰਤ ਹਾਕੀ ਟੀਮ ਨੇ ਉਲੰਪਿਕ ਦੇ ਲਈ ਕੁਆਲੀਫਾਈ ਕਰ ਲਿਆ ਹੈ। ਇਤਿਹਾਸ ਵਿਚ ਇਹ ਦੂਜਾ ਮੌਕਾ ਹੈ ਜਦੋਂ ਭਾਰਤੀ ਔਰਤਾਂ ਦੀ ਟੀਮ ਉਲੰ-ਪਿਕ ਵਿਚ ਸ਼ਾਮਲ ਹੋਵੇਗੀ। ਜੁਲਾਈ ਵਿਚ ਹੋਏ ਹਾਕੀ ਵਰਲਡ ਲੀਗ ਦੇ ਸੈਮੀਫਾਈਨਲ ਮੁਕਾਬਲਿਆਂ ਵਿਚ ਭਾਰਤੀ ਟੀਮ ਪੰਜਵੇਂ ਨੰਬਰ ਤੇ ਰਹੀ ਸੀ ਪਰ ਫਾਈਨਲ ਵਿਚ ਨੀਦਰਲੈਂਡਸ ਅਤੇ ਇੰਗਲੈਂਡ ਦੇ ਯੂਰੋ ਹਾਕੀ ਚੈਂ-ਪੀਅਨਸ਼ਿਪ ਦੇ ਫਾਈਨਲ ਵਿਚ ਪਹੁੰਚਣ ਦਾ ਫਾਇਦਾ ਵੀ ਉਸਨੂੰ ਮਿਲਿਆ ਅਤੇ ਉਸਨੂੰ ਉਲੰਪਿਕ ਵਿਚ ਜਗ੍ਹਾ ਮਿਲ ਗਈ।

ਇਸ ਤੋਂ ਪਹਿਲਾਂ ਭਾਰਤੀ ਔਰਤਾਂ ਦੀ ਹਾਕੀ ਟੀਮ 1980 ਦਾ ਮਾਸਕੋ ਉਲੰਪਿਕ ਖੇਡਣ ਗਈ ਸੀ ਅਤੇ ਚੌਥਾ ਸਥਾਨ ਹਾਸਲ ਕੀਤਾ ਸੀ। ਭਾਰਤ ਨੂੰ ਉਲੰਪਿਕ ਵਿਚ ਪਹੁੰਚਣ ਦੇ ਲਈ ਯੂਰੋ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਮੁਕਾਬਲੇ ਦਾ ਇੰਤਜ਼ਾਰ ਸੀ। ਭਾਰਤ ਦੇ ਕੁਆਲੀਫਿਕੇਸ਼ਨ ਦੇ ਲਈ ਜ਼ਰੂਰੀ ਸੀ ਕਿ ਪਹਿਲਾਂ ਤੋਂ



ਕੁਆਲੀਫਾਈ ਕਰ ਚੁੱਕੀਆਂ ਦੋ ਟੀਮਾਂ ਹੀ ਫਾਈਨਲ ਵਿਚ ਪਹੁੰਚੀਆਂ। ਸਪੇਨ ਅਤੇ ਇੰਗਲੈਂਡ ਵਿਚਕਾਰ ਹੋਣ ਵਾਲਾ ਸੈਮੀਫਾਈਨਲ ਭਾਰਤੀ ਟੀਮ ਦੇ ਲਈ ਇਹ ਖੁਸ਼ੀ ਲੈ ਕੇ ਆਇਆ ਹੈ। ਉਧਰ ਇੰਗਲੈਂਡ ਨੇ ਸਪੇਨ ਨੂੰ ਹਰਾਇਆ, ਇੱਧਰ ਭਾਰਤੀ ਹਾਕੀ ਪ੍ਰੇਮੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

# ਛੋਟੀ ਉਮਰ 'ਚ ਵੱਡੀਆਂ ਮੱਲਾਂ ਮਾਰ ਰਿਹਾ ਜੇਸਨ ਹੋਲਡਰ

ਇਸ ਕ੍ਰਿਕਟਰ ਦੀ ਉਮਰ 23 ਸਾਲ ਹੈ ਅਤੇ ਸਿਰਫ 8 ਟੈਸਟ ਮੈਚ ਹੀ ਖੇਡੇ ਹਨ। ਇੰਨੇ ਘੱਟ ਤਜਰਬੇ ਦੇ ਬਾਵਜੂਦ



ਚੋਣਕਰਤਾਵਾਂ ਨੇ ਵੱਡਾ ਦਾਅ ਖੇਡਦੇ ਹੋਏ ਇਸ ਖਿਡਾਰੀ ਨੂੰ ਟੈਸਟ ਟੀਮ ਦਾ ਕਪਤਾਨ ਬਣਾਇਆ ਹੈ। ਇਸ ਖਿਡਾਰੀ ਦਾ ਨਾਂ ਹੈ ਜੇਸਨ ਹੋਲਡਰ ਅਤੇ ਉਹ ਵੈਸਟ ਇੰਡੀਜ਼ ਟੀਮ 'ਚ ਆਲਰਾਊਂਡਰ ਦੀ ਭੂਮਿਕਾ ਨਿਭਾ ਰਿਹਾ ਹੈ। ਬਹੁਤ ਘੱਟ ਤਜਰਬਾ ਹੋਣ ਦੇ ਬਾਵਜੂਦ ਵੀ ਉਹ ਟੀਮ ਦਾ ਕਪਤਾਨ ਬਣ ਗਿਆ ਹੈ। ਉਸ ਦੀ ਇਸ ਸ਼ਾਨਦਾਰ ਉਪਲਬਧੀ ਦੀ ਵਜ੍ਹਾ ਹੈ ਉਸ ਦਾ ਜ਼ਬਰਦਸਤ ਪ੍ਰਦਰਸ਼ਨ, ਜਿਸ ਨੂੰ ਦੇਖਦੇ ਹੋਏ ਚੋਣਕਰਤਾਵਾਂ ਨੇ ਉਸ ਨੂੰ ਟੈਸਟ ਟੀਮ ਦਾ ਕਪਤਾਨ ਚੁਣ ਲਿਆ ਹੈ। ਉਸ ਤੋਂ ਪਹਿਲਾਂ ਦਿਨੇਸ਼ ਰਾਮਦੀਨ ਟੀਮ ਦੇ ਕਪਤਾਨ ਸੀ। ਹੋਲਡਰ ਦੀ ਅਗਵਾਈ 'ਚ ਟੀਮ ਆਪਣੀ ਪਹਿਲੀ ਸੀਰੀਜ਼ ਸ਼੍ਰੀਲੰਕਾ ਖਿਲਾਫ ਖੇਡੇਗੀ, ਜੋ 14 ਅਕਤੂਬਰ ਤੋਂ ਸ਼ੁਰੂ ਹੋ ਰਹੀ ਹੈ। ਇਸ ਸੀਰੀਜ਼ 'ਚ ਰਾਮਦੀਨ ਵਿਕਟ ਨੂੰ ਕੀਪਰ ਦੇ ਰੂਪ 'ਚ ਚੁਣਿਆ ਗਿਆ ਹੈ। ਰਾਮਦੀਨ ਦੀ ਕਪਤਾਨੀ 'ਚ ਟੀਮ ਨੇ 13 ਮੈਚ ਖੇਡੇ, ਜਿਸ 'ਚ 4 ਮੈਚ ਜਿੱਤੇ, 2 ਡ੍ਰਾਅ ਰਹੇ ਅਤੇ 7 ਮੈਚਾਂ 'ਚ ਟੀਮ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਜੇਸਨ ਹੋਲਡਰ ਨੂੰ ਪਿਛਲੇ ਸਾਲ ਵਨ ਡੇਅ ਟੀਮ ਦਾ ਕਪਤਾਨ ਬਣਾਇਆ ਗਿਆ ਸੀ। ਹਾਲਾਂਕਿ ਟੀ - 20 ਟੀਮ ਦੀ ਜ਼ਿੰਮੇਵਾਰੀ ਫਿਲਹਾਲ ਉਸ ਨੂੰ ਨਹੀਂ ਦਿੱਤੀ ਗਈ। ਜੇਸਨ ਹੋਲਡਰ ਨੇ 8 ਟੈਸਟ ਮੈਚ ਖੇਡਦਿਆਂ ਹੋਏ 1 ਸੈਂਕੜਾ ਅਤੇ 2 ਅਰਧ ਸੈਂਕੜੇ ਬਣਾਏ ਹਨ। ਉਨ੍ਹਾਂ ਨੇ ਕੁੱਲ 380 ਟੈਸਟ ਦੌੜਾਂ ਬਣਾਈਆਂ ਹਨ। ਇਸ ਤੋਂ ਇਲਾਵਾ ਇਸ ਤੇਜ਼ ਗੇਂਦਬਾਜ਼ ਨੇ 35.37 ਦੀ ਔਸਤ ਨਾਲ 16 ਵਿਕਟਾਂ ਵੀ ਹਾਸਿਲ ਕੀਤੀਆਂ। ਉਸ ਨੇ 21 ਵਨ ਡੇਅ ਮੈਚ ਹੀ ਖੇਡੇ ਸਨ।

# ਕ੍ਰਿਕਟਰ ਮੈਕਗ੍ਰਾਥ ਬਣੇ ਪਿਤਾ

ਸਾਬਕਾ ਆਸਟ੍ਰੇਲੀਆਈ ਕ੍ਰਿਕਟਰ ਗਲੇਨ ਮੈਕਗ੍ਰਾਥ ਦੇ ਫੈਨਜ਼ ਦੇ ਲਈ ਖੁਸ਼ਖਬਰੀ ਹੈ। ਮਸ਼ਹੂਰ ਬਾਲਰ ਦੀ ਪਤਨੀ



ਸਾਰਾ ਨ ਪਹਿਲੇ ਬੱਚੇ ਨੂੰ ਜਨਮ ਦਿੱਤਾ ਹੈ। ਇਸ ਜੋੜੀ ਨੇ ਲੜਕੀ ਦਾ ਨਾਂ ਮੈਡੀਸਨ ਮੈਰੀ ਹਾਰਪਰ ਰੱਖਿਆ ਹੈ। ਮੈਰੀ ਦਾ ਜਨਮ ਸਿਡਨੀ ਵਿਚ ਹੋਇਆ। ਹਾਲਾਂਕਿ ਬੱਚੇ ਦੀ ਡਿਲੀਵਰੀ ਤਹਿ ਸਮੇਂ ਤੋਂ ਪਹਿਲਾਂ ਹੋਈ, ਇਸਦੇ ਬਾਵਜੂਦ ਸਭ ਕੁਝ ਠੀਕ ਠਾਕ ਹੈ। ਬੱਚੀ ਦੇ ਜਨਮ ਤੋਂ ਬਾਅਦ ਹੀ ਉਹਨਾਂ ਨੂੰ ਲਗਾਤਾਰ ਸੋਸ਼ਲ ਸਾਈਟ ਤੇ ਵਧਾਈਆਂ ਮਿਲ ਰਹੀਆਂ ਹਨ। ਲੜਕੀ ਦੇ ਜਨਮ ਤੋਂ ਬਾਅਦ ਮੈਕਗ੍ਰਾਥ ਨੇ ਕਿਹਾ, ਸਾਰਾ ਦੇ ਸਮੇਂ ਤੋਂ ਪਹਿਲਾਂ ਹੀ ਡਿਲਵਰੀ ਨੂੰ ਲੈ ਕੇ ਬਹੁਤ ਚਿੰਤਤ ਸੀ ਪਰ ਪ੍ਰਮਾਤਮਾ ਦਾ ਸ਼ੁਕਰੀਆ ਹੈ। ਸਭ ਕੁਝ ਠੀਕ ਹੋ ਗਿਆ ਹੈ। ਮੈਰੀ ਬਹੁਤ ਖੂਬਸੂਰਤ ਹੈ।

ਮੈਰੀ ਮੈਕਗ੍ਰਾਥ ਦੀ ਤੀਜੀ ਸੰਤਾਨ ਹੈ। ਇਸ ਤੋਂ ਪਹਿਲਾਂ ਸਾਬਕਾ ਬਾਲਰ ਦੀ ਪਹਿਲੀ ਪਤਨੀ ਤੋਂ ਇਕ ਲੜਕਾ ਅਤੇ ਇਕ ਲੜਕੀ ਹੈ। 15 ਸਾਲ ਦ ਜੇਮਸ ਅਤੇ 12 ਸਾਲ ਦੀ ਹੋਲੀ ਉਸ ਦੇ ਪਹਿਲੇ ਬੱਚੇ ਹਨ। ਵਰਣਨਯੋਗ ਹੈ ਕਿ ਮੈਕਗ੍ਰਾਥ ਦੀ ਪਹਿਲੀ ਪਤਨੀ ਜੇਨ ਦੀ ਬ੍ਰੈਸਟ ਕੈਂਸਰ ਕਾਰਨ 2008 ਵਿਚ ਮੌਤ ਹੋ ਗਈ ਸੀ। ਇਸ ਤੋਂ ਬਾਅਦ 2010 ਵਿਚ ਸਾਰਾ ਅਤੇ ਮੈਕਗ੍ਰਾਥ ਨੇ ਵਿਆਹ ਕਰਵਾਇਆ ਸੀ।

FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Varieties of Video Games Available

Variety of Sandwiches are also available

Ram Gopal (916) 448-6239
200 "J" Street, Sacramento, CA 95814

TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Bhajji Gill (510-277-6315)
Chain Gill 510-542-1181



42400 Boyce Rd., Unite F,
Fremont, CA 94538

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ਨੀਚਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140



ਮਨਦੀਪ ਖਿਆੜਾ
ਏਜੰਟ
209-666-0032



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



**Buy Quality Used Trucks**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

**Call : Dharminder Singh**

Cell : 530-870-6600

Fax : 530-405-1429

Email: myfuturetruck@gmail.com

**2535 Front St. West Sacramento, CA 95691**

